ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit **punjabipost.ca/epaper** | Vol 21* Issue 05 | Friday, January 07, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


## ਅੰਦਰ ਇਹ ਵੀ ਪੜ੍ਹੋ


140 ਮਿਲੀਅਨ ਰੈਪਿਡ ਟੈਸਟ ਤੇ ਵੈਕਸੀਨ ਦੀਆਂ ਵਾਧੂ ਡੋਜ਼ਾਂ ਸਾਰਿਆਂ ਲਈ ਹੋਣਗੀਆਂ ਉਪਲਬਧ : ਟਰੂਡੋ




ਮੋਦੀ ਦੀ ਸੁਰੱਖਿਆ ਬਾਰੇ ਚੰਨੀ ਨੇ ਕਿਹਾ: 'ਕਿਸਾਨ ਭਾਜਪਾ ਨਾਲ ਗੁੱਸੇ ਹਨ ਤਾਂ ਮੇਰਾ ਕੀ ਕਸੂਰ'





# ਨਿੱਕੇ ਬੱਚਿਆਂ ਵਿਚ ਕੋਵਿਡ ਦੇ ਲੱਛਣ ਪਾਏ ਜਾਣ ਦੇ ਨਵੇਂ ਰੁਝਾਣ ਸਬੰਧੀ ਡਾਕਟਰਾਂ ਨੇ ਦਿੱਤੀ ਚੇਤਾਵਨੀ

ਓਨਟਾਰੀਓ, 6 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਹਸਪਤਾਲਾਂ ਵੱਲੋਂ ਨਿੱਕੇ ਬੱਚਿਆਂ ਵਿੱਚ ਕੋਵਿਡ ਦੇ ਲੱਛਣ ਪਾਏ ਜਾਣ ਦੇ ਨਵੇਂ ਰੁਝਾਣ ਸਬੰਧੀ ਚੇਤਾਵਨੀ ਦਿੱਤੀ ਜਾ ਰਹੀ ਹੈ। ਡਾਕਟਰਾਂ ਵੱਲੋਂ ਮਾਪਿਆਂ ਨੂੰ ਆਪਣੇ ਬੱਚਿਆਂ ਵਿੱਚ ਕੋਵਿਡ-19 ਦੇ ਲੱਛਣਾਂ ਪ੍ਰਤੀ ਸੁਚੇਤ ਰਹਿਣ ਲਈ ਆਖਿਆ ਜਾ ਰਿਹਾ ਹੈ ਤੇ ਗਰਭਵਤੀ ਮਹਿਲਾਵਾਂ ਨੂੰ ਵੈਕਸੀਨੇਸ਼ਨ ਕਰਵਾਉਣ ਦੀ ਅਪੀਲ ਕੀਤੀ ਜਾ ਰਹੀ ਹੈ।



ਹਾਲਟਨ ਹਿੱਲਜ਼, ਓਨਟਾਰੀਓ ਤੋਂ ਇੱਕ ਫੈਮਿਲੀ ਡਾਕਟਰ ਨਾਦੀਆ ਆਲਮ ਨੇ ਵੀਰਵਾਰ ਨੂੰ ਇੱਕ ਇੰਟਰਵਿਊ ਵਿੱਚ ਆਖਿਆ ਕਿ ਕੋਵਿਡ-19 ਦਾ ਓਮਾਈਕ੍ਰੌਨ ਵੇਰੀਐਂਟ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਇਹ ਡੈਲਟਾ ਵੇਰੀਐਂਟ ਤੋਂ ਵੀ ਕਿਤੇ ਜ਼ਿਆਦਾ ਟਰਾਂਸਮਿਸੇਬਲ ਹੈ। ਇਸੇ ਲਈ ਆਉਣ ਵਾਲੇ ਦਿਨਾਂ ਵਿੱਚ ਜ਼ਿਆਦਾ ਲੋਕਾਂ ਦੇ ਬਿਮਾਰ ਪੈਣ ਦਾ ਖਦਸ਼ਾ ਹੈ।

ਓਟਵਾ ਤੇ ਹੈਮਿਲਟਨ ਵਿੱਚ ਦੋ ਓਨਟਾਰੀਓ ਚਿਲਡਰਨ ਹਾਸਪਿਟਲਜ਼ ਨੇ ਇਸ ਹਫਤੇ ਆਖਿਆ ਕਿ ਉਨ੍ਹਾਂ ਵੱਲੋਂ ਕੋਵਿਡ-19 ਦੇ ਲੱਛਣਾਂ ਨਾਲ 12 ਮਹੀਨਿਆਂ ਤੋਂ ਘੱਟ ਉਮਰ ਦੇ ਛੇ ਬੱਚਿਆਂ ਨੂੰ ਹਸਪਤਾਲ ਵਿੱਚ ਦਾਖਲ ਕੀਤਾ ਗਿਆ ਹੈ। ਇਹ ਮਹਾਂਮਾਰੀ ਦੇ ਇਸ ਦੌਰ ਵਿੱਚ ਨਵਾਂ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ। ਨਵਜੰਮੇਂ ਬੱਚਿਆਂ ਦਾ ਇਮਿਊਨ ਸਿਸਟਮ ਐਨਾ ਮਜ਼ਬੂਤ ਨਹੀਂ ਹੁੰਦਾ ਤੇ ਡਾ. ਆਲਮ ਨੇ ਆਖਿਆ ਕਿ ਇਸ ਲਈ ਉਨ੍ਹਾਂ ਨੂੰ ਕੋਈ ਵੀ ਇਨਫੈਕਸ਼ਨ ਜਲਦੀ ਹੋਣ ਦਾ ਡਰ ਹੁੰਦਾ ਹੈ।

ਜਿਸ ਬੱਚੇ ਦੀ ਮਾਂ ਦਾ ਕੋਵਿਡ-19 ਟੀਕਾਕਰਣ ਨਹੀਂ ਹੋਇਆ ਜਾਂ ਜਿਸ ਨੂੰ ਪਹਿਲਾਂ ਇਹ ਇਨਫੈਕਸ਼ਨ ਨਹੀਂ ਹੋਈ, ਉਸ ਬੱਚੇ ਨੂੰ ਮਾਂ ਤੋਂ ਵੀ ਐਂਟੀਬਾਡੀਜ਼ ਦੀ ਸੁਰੱਖਿਆ ਨਹੀਂ ਮਿਲਦੀ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਵਿੱਚ ਇਸ ਸਮੇਂ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੋਵਿਡ-19 ਵੈਕਸੀਨ ਨਹੀਂ ਲੱਗ ਸਕਦੀ। ਡਾ. ਆਲਮ ਨੇ ਆਖਿਆ ਕਿ ਮਾਪਿਆਂ ਨੂੰ ਲਾਚਾਰ ਹੋਣ ਦੀ ਲੋੜ ਨਹੀਂ ਹੈ।

ਉਨ੍ਹਾਂ ਆਖਿਆ ਕਿ ਮਾਪੇ ਆਪ ਇਹ ਯਕੀਨੀ ਬਣਾਉਣ ਕਿ ਉਹ ਖੁਦ ਤੇ ਜਿਨ੍ਹਾਂ ਨੂੰ ਉਹ ਜਾਣਦੇ ਹਨ ਉਨ੍ਹਾਂ ਵੱਲੋਂ ਵੈਕਸੀਨੇਸ਼ਨ ਜ਼ਰੂਰੀ ਤੌਰ ਉੱਤੇ ਕਰਵਾਈ ਗਈ ਹੋਵੇ, ਉਹ ਪਬਲਿਕ ਹੈਲਥ ਪ੍ਰੋਟੋਕਾਲਜ਼ ਦੀ ਪਾਲਣਾ ਕਰਨ ਤੇ ਆਪਣੇ ਬੱਚੇ ਵਿੱਚ ਕੋਵਿਡ-19 ਦੇ ਲੱਛਣਾਂ ਦੀ ਪਛਾਣ ਕਰਨੀ ਸਿੱਖਣ। ਉਨ੍ਹਾਂ ਦੱਸਿਆ ਕਿ ਨੱਕ ਵਗਣਾ, ਖੰਘ, ਗਲਾ ਪੱਕਣਾਂ ਤੇ ਬੁਖਾਰ ਇਸ ਦੇ ਲੱਛਣ ਹਨ ਤੇ ਇਸ ਤੋਂ ਇਲਾਵਾ ਜੇ ਬੱਚਾ ਸੁਸਤ ਲੱਗ ਰਿਹਾ ਹੈ, ਡੀਹਾਈਡ੍ਰੇਟਿਡ ਹੈ, ਉਸ ਦੀਆਂ ਅੱਖਾਂ ਅੰਦਰ ਨੂੰ ਧਸ ਗਈਆਂ ਹਨ ਤੇ ਉਹ ਦਿਨ ਵਿੱਚ ਪੰਜ ਤੋਂ ਘੱਟ ਵਾਰੀ ਡਾਈਪਰ ਗਿੱਲਾ ਕਰਦਾ ਹੈ ਤਾਂ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਉਨ੍ਹਾਂ ਇਹ ਵੀ ਆਖਿਆ ਕਿ ਇੱਕ ਸਾਲ ਤੋਂ ਵੱਧ ਉਮਰ ਦੇ ਬੱਚਿਆਂ ਵਿੱਚ ਜੇ ਬੁਖਾਰ ਟਿਲੇਨੌਲ ਜਾਂ ਐਡਵਿਲ ਨਾਲ ਵੀ ਨਹੀਂ ਉਤਰ ਰਿਹਾ, ਬੱਚਾ ਤਰਲ ਪਦਾਰਥ ਨਹੀਂ ਲੈ ਰਿਹਾ, ਕੁੱਝ ਖਾ ਪੀ ਨਹੀਂ ਰਿਹਾ, ਉਲਟੀਆਂ ਕਰ ਰਿਹਾ ਹੈ, ਉਸ ਨੂੰ ਕਾਫੀ ਦਸਤ ਲੱਗੇ ਹਨ, ਉਸ ਦਾ ਗਲਾ ਤੇ ਜੀਭ ਸੁੱਕੇ ਹਨ ਤੇ ਉਸ ਨੂੰ ਸਾਹ ਲੈਣ ਵਿੱਚ ਤਕਲੀਫ ਹੋ ਰਹੀ ਹੈ ਤਾਂ ਤੁਰੰਤ ਮਾਪਿਆਂ ਨੂੰ ਮੈਡੀਕਲ ਮਦਦ ਲੈਣੀ ਚਾਹੀਦੀ ਹੈ।

# ਐੱਨ ਡੀ ਪੀ ਆਗੂ ਜਗਮੀਤ ਸਿੰਘ ਦੇ ਘਰ ਧੀ ਨੇ ਲਿਆ ਜਨਮ





ਓਟਵਾ, 6 ਜਨਵਰੀ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਤੇ ਉਨ੍ਹਾਂ ਦੀ ਪਤਨੀ ਗੁਰਕਿਰਨ ਕੌਰ ਸਿੱਧੂ ਦੇ ਘਰ 3 ਜਨਵਰੀ ਨੂੰ ਧੀ ਨੇ ਜਨਮ ਲਿਆ।

ਵੀਰਵਾਰ ਨੂੰ ਜਗਮੀਤ ਸਿੰਘ ਨੇ ਇਨਸਟਾਗ੍ਰਾਮ ਉੱਤੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਂ ਤੇ ਬੱਚੀ ਬਿਲਕੁਲ ਤੰਦਰੁਸਤ ਹਨ ਤੇ ਉਨ੍ਹਾਂ ਆਖਿਆ ਕਿ ਸਾਡਾ ਸਾਰਾ ਪਰਿਵਾਰ ਇਸ ਨਵੇਂ ਜੀਅ ਦੀ ਆਮਦ ਨਾਲ ਕਾਫੀ ਖੁਸ਼ ਹੈ। 43 ਸਾਲਾ ਜਗਮੀਤ ਸਿੰਘ ਤੇ 31 ਸਾਲ ਗੁਰਕਿਰਨ ਕੌਰ ਫਰਵਰੀ 2018 ਵਿੱਚ ਵਿਆਹ ਬੰਧਨ ਵਿੱਚ ਬੱਝੇ ਸਨ। ਸਿੱਧੂ ਫੈਸ਼ਨ ਡਿਜ਼ਾਈਨਰ ਹੈ ਤੇ ਉਨ੍ਹਾਂ ਆਪਣੀ ਭੈਣ ਨਾਲ ਰਲ ਕੇ ਨਿਊ ਏਜ ਸਾਊਥ ਏਸ਼ੀਅਨ ਕਲੋਦਿੰਗ ਲਾਈਨ ਜੰਗੀਰੋ ਸ਼ੁਰੂ ਕੀਤੀ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਟਵਿੱਟਰ ਉੱਤੇ ਜਗਮੀਤ ਤੇ ਸਿੱਧੂ ਨੂੰ ਵਧਾਈਆਂ ਦਿੱਤੀਆਂ ਗਈਆਂ। ਕੰਜ਼ਰਵੇਟਿਵ ਆਗੂ ਓਟੂਲ ਵੱਲੋਂ ਵੀ ਜਗਮੀਤ ਤੇ ਉਨ੍ਹਾਂ ਦੇ ਪਰਿਵਾਰ ਨੂੰ ਮੁਬਾਰਕਬਾਦ ਦਿੱਤੀ ਗਈ।

# ਟੈਕਸਸ ਵਿੱਚ 2 ਸਾਲਾ ਬੱਚੇ ਨੇ ਮਾਂ ਤੇ ਭਰਾ ਨੂੰ ਮਾਰੀ ਗੋਲੀ

ਗ੍ਰੈਨੁਬਰੀ, ਟੈਕਸਸ, 6 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਟੈਕਸਸ ਵਿੱਚ ਵਾਲਮਾਰਟ ਦੇ ਪਾਰਕਿੰਗ ਲੌਟ ਵਿੱਚ ਇੱਕ ਦੋ ਸਾਲਾ ਬੱਚੇ ਦੇ ਹੱਥ ਵਿੱਚ ਹੈਂਡਗੰਨ ਆ ਜਾਣ ਉੱਤੇ ਉਸ ਵੱਲੋਂ ਆਪਣੀ ਮਾਂ ਦੀ ਬਾਂਹ ਤੇ ਸਾਈਡ ਉੱਤੇ ਤੇ ਭਰਾ ਦੀ ਲੱਤ ਵਿੱਚ ਗੋਲੀ ਮਾਰ ਦਿੱਤੀ ਗਈ। ਇਹ ਜਾਣਕਾਰੀ ਪੁਲਿਸ ਵੱਲੋਂ ਦਿੱਤੀ ਗਈ। ਇਹ ਘਟਨਾ ਗ੍ਰੈਨਬਰੀ, ਟੈਕਸਸ ਵਿੱਚ ਫੋਰਟ ਵਰਥ ਤੋਂ 64 ਕਿਲੋਮੀਟਰ ਦੀ ਦੂਰੀ ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਪਾਰਕਿੰਗ ਲੌਟ ਵਿੱਚ ਖੜ੍ਹੀ



ਕਾਰ ਵਿੱਚ ਮੌਜੂਦ 2 ਸਾਲਾ ਬੱਚੇ ਨੇ ਸੀਟਾਂ ਅਤੇ ਸੈਂਟਰ ਕੰਸੋਲ ਵਿੱਚੋਂ ਹੈਂਡਗੰਨ ਚੁੱਕ ਲਈ। ਉਸ ਸਮੇਂ ਉਸ ਦਾ ਇੱਕ ਸਾਲ ਦਾ ਭਰਾ ਗੱਡੀ ਵਿੱਚ ਹੀ ਮੌਜੂਦ ਸੀ ਜਦਕਿ ਉਨ੍ਹਾਂ ਦੀ 23 ਸਾਲਾ ਮਾਂ ਡਰਾਈਵਰ ਦੀ ਸਾਈਡ ਵਾਲੇ ਡੋਰ ਦੇ ਨੇੜੇ ਗੱਡੀ ਤੋਂ ਬਾਹਰ ਖੜ੍ਹੀ ਸੀ। ਬੱਚਿਆਂ ਦਾ 26 ਸਾਲਾ ਪਿਤਾ ਗੱਡੀ ਦੇ ਪਿਛਲੇ ਹਿੱਸੇ ਵਿੱਚ ਖੜ੍ਹਾ ਸੀ।

ਪੁਲਿਸ ਲੈਫਟੀਨੈਂਟ ਰਸਲ ਗ੍ਰਿਜ਼ਰਡ ਨੇ ਦੱਸਿਆ ਕਿ ਮਾਂ ਤੇ ਬੱਚੇ ਦੇ ਭਰਾ ਨੂੰ ਫੋਰਟ ਵਰਥ ਹਸਪਤਾਲ ਲਿਜਾਇਆ ਗਿਆ ਪਰ ਦੋਵਾਂ ਦੇ ਜ਼ਖ਼ਮ ਜਾਨਲੇਵਾ ਨਹੀਂ ਸਨ। ਪੁਲਿਸ ਮਾਮਲੇ ਦੀ ਜਾਂਚ ਅਜੇ ਵੀ ਕਰ ਰਹੀ ਹੈ ਤੇ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਿਸੇ ਤਰ੍ਹਾਂ ਦੇ ਕੋਈ ਚਾਰਜਿਜ਼ ਲਾਏ ਗਏ ਹਨ ਜਾਂ ਨਹੀਂ।

# ਸੀਏਐਫ ਦੇ ਸਾਰੇ ਮੈਂਬਰਾਂ ਨੂੰ ਲਾਜ਼ਮੀ ਤੌਰ ਉੱਤੇ ਕਰਵਾਉਣੀ ਚਾਹੀਦੀ ਹੈ ਵੈਕਸੀਨੇਸ਼ਨ : ਓਟੂਲ

ਓਟਵਾ, 6 ਜਨਵਰੀ (ਪੋਸਟ ਬਿਊਰੋ) : ਕੁੱਝ ਮਿਲਟਰੀ ਮੈਂਬਰਾਂ ਵੱਲੋਂ ਲਾਜ਼ਮੀ ਵੈਕਸੀਨੇਸ਼ਨ ਸਬੰਧੀ ਹੁਕਮਾਂ ਖਿਲਾਫ ਕੀਤੀ ਗਈ ਬੇਨਤੀ ਨੂੰ ਫੈਡਰਲ ਕੋਰਟ ਵੱਲੋਂ ਰੱਦ ਕਰ ਦਿੱਤੇ ਜਾਣ ਤੋਂ ਬਾਅਦ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਯੂਨੀਫਾਰਮ ਧਾਰਨ ਕਰਨ ਵਾਲੇ ਸਾਰੇ ਵਿਅਕਤੀਆਂ ਦੀ ਕੋਵਿਡ-19 ਖਿਲਾਫ ਵੈਕਸੀਨੇਸ਼ਨ ਲਾਜ਼ਮੀ ਹੋਣੀ ਚਾਹੀਦੀ ਹੈ।



ਖੁਦ ਫੌਜ ਵਿੱਚ ਰਹਿ ਚੁੱਕੇ ਓਟੂਲ ਨੇ ਇਹ ਸਿੱਧਾ ਸੁਨੇਹਾ ਕੈਨੇਡੀਅਨ ਆਰਮਡ ਫੋਰਸਿਜ਼ ਵਿੱਚ ਸੇਵਾ ਨਿਭਾਅ ਰਹੇ ਉਨ੍ਹਾਂ ਲੋਕਾਂ ਨੂੰ ਦਿੱਤਾ ਜਿਹੜੇ ਇਹ ਟੀਕਾ ਲਵਾਉਣ ਤੋਂ ਹਿਚਕਿਚਾ ਰਹੇ ਹਨ। ਵੀਰਵਾਰ ਨੂੰ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਓਟੂਲ ਨੇ ਇਹ ਗੱਲ ਆਖੀ। ਓਟੂਲ ਦੀਆ ਇਹ ਟਿੱਪਣੀਆਂ ਉਸ ਸਮੇਂ ਆਈਆਂ ਜਦੋਂ ਫੈਡਰਲ ਅਦਾਲਤ ਨੇ ਆਰਮਡ ਫੋਰਸਿਜ਼ ਦੇ ਚਾਰ ਮੈਂਬਰਾਂ ਦੀ ਵੈਕਸੀਨੇਸ਼ਨ ਤੋਂ ਆਰਜ਼ੀ ਛੋਟ ਦੀ ਅਪੀਲ ਖਾਰਜ ਕਰ ਦਿੱਤੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਹੀ ਚੀਫ ਆਫ ਦ ਡਿਫੈਂਸ ਸਟਾਫ ਵੇਅਨ ਆਇਰ ਨੇ ਵੈਕਸੀਨੇਸ਼ਨ ਲਾਜ਼ਮੀ ਕਰਵਾਉਣ ਦੇ ਹੁਕਮ ਜਾਰੀ ਕੀਤੇ ਸਨ।

ਸੈਨਾ ਦੇ ਸਾਰੇ ਮੈਂਬਰਾਂ ਨੂੰ ਨਵੰਬਰ ਦੇ ਅੰਤ ਤੱਕ ਵੈਕਸੀਨੇਸ਼ਨ ਕਰਵਾਉਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ ਤੇ ਬਾਅਦ ਵਿੱਚ ਡੈੱਡਲਾਈਨ 18 ਦਸੰਬਰ ਤੱਕ ਵਧਾ ਦਿੱਤੀ ਗਈ ਸੀ। ਅਜਿਹਾ ਨਾ ਕਰਨ ਵਾਲੇ ਮੈਂਬਰਾਂ ਖਿਲਾਫ ਸਖ਼ਤ ਕਾਰਵਾਈ ਕਰਨ ਦੀ ਚੇਤਾਵਨੀ ਵੀ ਦਿੱਤੀ ਗਈ ਸੀ ਤੇ ਹੱਦ ਮਿਲਟਰੀ ਤੋਂ ਸੇਵਾਵਾਂ ਖ਼ਤਮ ਕਰਨ ਦੀ ਤਾੜਨਾ ਵੀ ਦਿੱਤੀ ਗਈ ਸੀ।


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home · Auto
Business · Trucking
Life Insurance · Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
iccrc · Raj Narang · Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

Dubai Jewellers
2700 Northpark Drive Unit #19, Brampton Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre · Avon Financial
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਮਿਸੀਸਾਗਾ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ



ਮਿਸੀਸਾਗਾ, 6 ਜਨਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਸੂਟਿੰਗ ਤੋਂ ਬਾਅਦ ਇੱਕ ਵਿਅਕਤੀ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਬੁੱਧਵਾਰ ਨੂੰ ਰਾਤੀਂ 12:30 ਵਜੇ ਪੁਲਿਸ ਨੂੰ ਗਲੈਨ ਐਰਿਨ ਡਰਾਈਵ ਤੇ ਬ੍ਰਿਟੈਨੀਆ ਰੋਡ ਉੱਤੇ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਆਪਣੇ 30ਵਿਆਂ ਵਿੱਚ ਸੀ। ਪੁਲਿਸ ਨੇ ਦੱਸਿਆ ਕਿ ਇਲਾਕੇ ਵਿੱਚੋਂ ਇੱਕ ਐਸਯੂਵੀ ਨੂੰ ਇਲਾਕੇ ਵਿੱਚੋਂ ਜਾਂਦਿਆਂ ਵੇਖਿਆ ਗਿਆ। ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

# ਜੇਨ ਤੇ ਫਿੰਚ ਐਵਨਿਊ ਉੱਤੇ ਗੋਲੀ ਚੱਲਣ ਕਾਰਨ ਇੱਕ ਗੰਭੀਰ ਜ਼ਖ਼ਮੀ



ਟੋਰਾਂਟੋ, 6 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਚੱਲੀ ਗੋਲੀ ਤੋਂ ਬਾਅਦ ਟੋਰਾਂਟੋ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਇਹ ਘਟਨਾ ਫਿੰਚ ਐਵਨਿਊ ਵੈਸਟ ਦੇ ਦੱਖਣ ਵੱਲ ਜੇਨ ਸਟਰੀਟ ਤੇ ਫਰਗਰੋਵ ਕ੍ਰੀਸੈਂਟ ਨੇੜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਦੀ ਖਬਰ ਮਿਲਦਿਆਂ ਸਾਰ ਹੀ ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਦੇ ਕਈ ਗੋਲੀਆਂ ਲੱਗੀਆਂ ਸਨ।

ਪੈਰਾਮੈਡਿਕਸ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਅਧਿਕਾਰੀਆਂ ਨੂੰ ਗੋਲੀਆਂ ਦੇ ਕਈ ਖੋਲ ਘਟਨਾ ਵਾਲੀ ਥਾਂ ਤੋਂ ਮਿਲੇ ਤੇ ਗੋਲੀਆਂ ਲੱਗਣ ਕਾਰਨ ਕਈ ਗੱਡੀਆਂ ਵੀ ਨੁਕਸਾਨੀਆਂ ਗਈਆਂ। ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।

# ਫਿਲਾਡੈਲਫੀਆ ਵਿੱਚ ਇੱਕ ਘਰ ਨੂੰ ਲੱਗੀ ਅੱਗ, 7 ਬੱਚਿਆਂ ਸਮੇਤ 13 ਹਲਾਕ

ਫਿਲਾਡੈਲਫੀਆ, 6 ਜਨਵਰੀ (ਪੋਸਟ ਬਿਊਰੋ) : ਫਿਲਾਡੈਲਫੀਆ ਵਿੱਚ ਅੱਜ ਰਿਹਾਇਸ਼ੀ ਇਮਾਰਤ ਵਿੱਚ ਲੱਗੀ ਅੱਗ ਕਾਰਨ ਸੱਤ ਬੱਚਿਆਂ ਸਮੇਤ 13 ਵਿਅਕਤੀ ਮਾਰੇ ਗਏ ਤੇ ਦੋ ਹੋਰਨਾਂ ਨੂੰ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਫਾਇਰ ਅਧਿਕਾਰੀਆਂ ਨੇ ਦਿੱਤੀ। ਅਧਿਕਾਰੀਆਂ ਨੇ ਇਹ ਚੇਤਾਵਨੀ ਵੀ ਦਿੱਤੀ ਕਿ ਇਸ ਘਟਨਾ ਵਿੱਚ ਮਰਨ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਵੀ ਹੋ ਸਕਦਾ ਹੈ ਕਿਉਂਕਿ ਇਸ ਘਰ ਵਿੱਚ ਕੁੱਲ 26 ਲੋਕ ਰਹਿ ਰਹੇ ਸਨ।

ਫਾਇਰ ਅਧਿਕਾਰੀਆਂ ਨੇ ਆਖਿਆ ਕਿ ਇਸ ਇਮਾਰਤ, ਜੋ ਕਿ ਪਬਲਿਕ ਹਾਊਸਿੰਗ ਸੀ, ਵਿੱਚ ਲੱਗੇ ਚਾਰ ਸਮੋਕ ਅਲਾਰਮ ਵੀ ਕੰਮ ਨਹੀਂ ਸਨ ਕਰ ਰਹੇ। ਗੁਆਂਢੀਆਂ ਨੇ ਦੱਸਿਆ ਕਿ ਕਈ ਬੱਚੇ ਤਾਂ ਪਿਛਲੇ ਕਈ ਸਾਲਾਂ ਤੋਂ ਉੱਥੇ ਰਹਿ ਰਹੇ ਸਨ ਤੇ ਉਹ ਉਨ੍ਹਾਂ ਨੂੰ ਰੋਜ਼ ਖੇਡਦਿਆਂ ਵੀ ਵੇਖਦੇ ਸਨ। ਕਈਆਂ ਨੇ ਹੈਰਾਨੀ ਪ੍ਰਗਟਾਈ ਕਿ ਹੋਰ ਲੋਕ ਇਸ ਇਮਾਰਤ ਵਿੱਚੋਂ ਬਾਹਰ ਕਿਵੇਂ ਨਹੀਂ ਆ ਸਕੇ। ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਨਾਂ ਤੇ ਉਮਰ ਸਿਟੀ ਤੇ ਫਾਇਰ ਅਧਿਕਾਰੀਆਂ ਵੱਲੋਂ ਜਾਰੀ ਨਹੀਂ ਕੀਤੇ ਗਏ। ਇਹ ਅੱਗ ਸਵੇਰੇ 6:30 ਵਜੇ ਲੱਗੀ। ਮੇਅਰ ਜਿੰਮ ਕੇਨੀ ਨੇ ਆਖਿਆ ਕਿ ਐਨੇ ਬੱਚਿਆਂ ਨੂੰ ਇੱਕਠਿਆਂ ਗੁਆਉਣਾ ਬਹੁਤ ਹੀ ਦਿਲ ਦਹਿਲਾ ਦੇਣ ਵਾਲੀ ਗੱਲ ਹੈ।



ਘਟਨਾ ਵਾਲੀ ਥਾਂ ਦੇ ਨੇੜੇ ਨਿਊਜ਼ ਕਾਨਫਰੰਸ ਵਿੱਚ ਫਰਸਟ ਡਿਪਟੀ ਫਾਇਰ ਕਮਿਸ਼ਨਰ ਕ੍ਰੇਗ ਮਰਫੀ ਨੇ ਆਖਿਆ ਕਿ ਫਾਇਰ ਕ੍ਰਿਊ ਸਵੇਰੇ 6:40 ਉੱਤੇ ਮੌਕੇ ਉੱਤੇ ਪਹੁੰਚਿਆ ਤੇ ਉਨ੍ਹਾਂ ਨੂੰ ਅੱਗ ਦੀਆਂ ਲਪਟਾਂ ਦੂਜੀ ਮੰਜ਼ਿਲ ਦੀ ਖਿੜਕੀ ਵਿੱਚੋਂ ਬਾਹਰ ਆਉਂਦੀਆਂ ਨਜ਼ਰ ਆਈਆਂ। ਉਨ੍ਹਾਂ ਦੱਸਿਆ ਕਿ ਉਹ ਘਰ ਦੀ ਰਸੋਈ ਦੀ ਖਿੜਕੀ ਲੱਗ ਰਹੀ ਸੀ ਜਿੱਥੋਂ ਅੱਗ ਦੀਆਂ ਲਪਟਾਂ ਬਾਹਰ ਆ ਰਹੀਆਂ ਸਨ। ਦੋ ਅਪਾਰਟਮੈਂਟਸ ਵਿੱਚ ਵੰਡੇ ਘਰ ਕਾਰਨ ਅਮਲੇ ਨੂੰ ਲੋਕਾਂ ਨੂੰ ਬਾਹਰ ਕੱਢਣ ਵਿੱਚ ਦਿੱਕਤ ਤਾਂ ਹੋਈ ਤੇ ਫਾਇਰ ਕ੍ਰਿਊ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਅੱਗ ਉੱਤੇ ਕਾਬੂ ਪਾਉਣ ਵਿੱਚ ਕਾਮਯਾਬ ਰਿਹਾ।

# 140 ਮਿਲੀਅਨ ਰੈਪਿਡ ਟੈਸਟ ਤੇ ਵੈਕਸੀਨ ਦੀਆਂ ਵਾਧੂ ਡੋਜ਼ਾਂ ਸਾਰਿਆਂ ਲਈ ਹੋਣਗੀਆਂ ਉਪਲਬਧ : ਟਰੂਡੋ

ਓਟਵਾ, 6 ਜਨਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਬੁੱਧਵਾਰ ਨੂੰ ਇਹ ਐਲਾਨ ਕੀਤਾ ਗਿਆ ਕਿ ਇਸ ਮਹੀਨੇ ਦੇ ਅੰਤ ਤੱਕ ਯੋਗ ਬੱਚਿਆਂ ਲਈ ਕੋਵਿਡ-19 ਵੈਕਸੀਨ ਦੀਆਂ ਵਾਧੂ ਡੋਜ਼ਾਂ ਉਪਲਬਧ ਹੋਣਗੀਆਂ। ਇਸ ਤੋਂ ਇਲਾਵਾ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ 140 ਮਿਲੀਅਨ ਵਾਧੂ ਰੈਪਿਡ ਟੈਸਟਸ ਵੀ ਡਲਿਵਰ ਕੀਤੇ ਜਾਣਗੇ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਪ੍ਰੋਵਿੰਸਾਂ ਤੇ ਟੈਰੇਟਰੀਜ਼ ਵੱਲੋਂ 35 ਮਿਲੀਅਨ ਰੈਪਿਡ ਟੈਸਟਸ ਦੀ ਕੀਤੀ ਗਈ ਮੰਗ ਨੂੰ ਫੈਡਰਲ ਸਰਕਾਰ ਵੱਲੋਂ ਚਾਰ ਗੁਣਾਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ 140 ਮਿਲੀਅਨ ਰੈਪਿਡ ਟੈਸਟ ਲੋੜ ਪੈਣ ਉੱਤੇ ਦੇਸ਼ ਭਰ ਦੇ ਹਰੇਕ ਵਿਅਕਤੀ ਲਈ ਹਫਤੇ ਵਿੱਚ ਇੱਕ ਵਾਰੀ ਇੱਕ ਮਹੀਨੇ ਲਈ ਕਰਨ ਲਈ ਕਾਫੀ ਹਨ। ਉਨ੍ਹਾਂ ਆਖਿਆ ਕਿ ਇਹ ਟੈਸਟ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਵੰਡ ਦਿੱਤੇ ਜਾਣਗੇ।



ਇਹ ਪੁੱਛੇ ਜਾਣ ਉੱਤੇ ਕਿ ਫੈਡਰਲ ਸਰਕਾਰ ਪ੍ਰੋਵਿੰਸਾਂ ਨੂੰ ਦੇਣ ਦੀ ਥਾਂ ਹਰ ਘਰ ਵਿੱਚ ਆਪ ਹੀ ਇਹ ਟੈਸਟ ਕਿਉਂ ਨਹੀਂ ਪਹੁੰਚਾ ਦਿੰਦੀ ਤਾਂ ਟਰੂਡੋ ਨੇ ਆਖਿਆ ਕਿ ਇਹ ਪ੍ਰੀਮੀਅਰਜ਼ ਉੱਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਵੱਲੋਂ ਆਪਣੇ ਅਧਿਕਾਰ ਖੇਤਰ ਵਿੱਚ ਇਨ੍ਹਾਂ ਨੂੰ ਕਿਸ ਤਰ੍ਹਾਂ ਵੰਡਣਾ ਹੈ। ਟਰੂਡੋ ਨੇ ਇਹ ਵੀ ਆਖਿਆ ਕਿ ਪਹਿਲੀ, ਦੂਜੀ ਤੇ ਬੂਸਟਰ ਡੋਜ਼ ਲਵਾਉਣ ਦੇ ਯੋਗ ਸਾਰੇ ਬਾਲਗਾਂ ਲਈ ਸਾਡੇ ਕੋਲ ਵਾਧੂ ਵੈਕਸੀਨ ਹੈ।

# ਓਨਟਾਰੀਓ ਵਿੱਚ ਅੱਜ ਤੋਂ ਲਾਗੂ ਹੋ ਗਈਆਂ ਹਨ ਨਵੀਆਂ ਪਾਬੰਦੀਆਂ

ਓਨਟਾਰੀਓ, 6 ਜਨਵਰੀ (ਪੋਸਟ ਬਿਊਰੋ) : ਅੱਜ ਤੋਂ ਇੱਕ ਵਾਰੀ ਫਿਰ ਓਨਟਾਰੀਓ ਵਿੱਚ ਕੋਵਿਡ-19 ਸਬੰਧੀ ਮਾਪਦੰਡ ਪ੍ਰਭਾਵੀ ਹੋ ਗਏ ਹਨ।

ਘੱਟੋ ਘੱਟ 17 ਜਨਵਰੀ ਤੱਕ ਸਕੂਲਾਂ ਵਿੱਚ ਕਲਾਸਾਂ ਆਨ ਲਾਈਨ ਲਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ ਜਦਕਿ ਹਰਨਾਂ ਕਾਰੋਬਾਰਾਂ ਉੱਤੇ ਲਾਈਆਂ ਗਈਆਂ ਪਾਬੰਦੀਆਂ ਅਗਲੇ 21 ਦਿਨਾਂ ਤੱਕ ਚੱਲਣਗੀਆਂ। ਹਸਪਤਾਲਾਂ ਨੂੰ ਗੈਰ ਜ਼ਰੂਰੀ ਸਰਜਰੀਜ਼ ਨੂੰ ਹਾਲ ਦੀ ਘੜੀ ਰੋਕਣ ਲਈ ਆਖਿਆ ਗਿਆ ਹੈ ਤਾਂ ਕਿ ਕੁੱਝ ਹੱਦ ਤੱਕ ਸਟਾਫ ਨੂੰ ਫਰੀ ਰੱਖਿਆ ਜਾ ਸਕੇ ਤੇ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਦਿਨੋ ਦਿਨ ਵੱਧ ਰਹੀ ਗਿਣਤੀ ਨੂੰ ਠੱਲ੍ਹ ਪਾਉਣ ਲਈ ਇਸ ਸਟਾਫ ਨੂੰ ਤਾਇਨਾਤ ਕੀਤਾ ਜਾ ਸਕੇ। ਇਸ ਦੌਰਾਨ ਸਿਨੇਮਾ, ਜਿੰਮ, ਥਿਏਟਰ ਤੇ ਰੈਸਟੋਰੈਂਟਸ ਨੂੰ ਇੰਡੋਰ ਗਤੀਵਿਧੀਆਂ ਲਈ ਬੰਦ ਕਰ ਦਿੱਤਾ ਗਿਆ ਹੈ। ਰੀਟੇਲ ਸਟੋਰਜ਼ ਤੇ ਪਰਸਨਲ ਕੇਅਰ ਸਰਵਿਸਿਜ਼ ਦੀ ਸਮਰੱਥਾ ਘਟਾ ਕੇ 50 ਫੀ ਸਦੀ ਕਰ ਦਿੱਤੀ ਗਈ ਹੈ। ਇੰਡੋਰ ਲਈ ਹੁਣ 5 ਤੇ ਆਊਟਡੋਰ ਵਿੱਚ ਸਿਰਫ 10 ਲਕ ਹੀ ਇੱਕਠੇ ਹੋ ਸਕਣਗੇ। ਇਹ ਨਵੇਂ ਮਾਪਦੰਡ ਰਾਤੀਂ 12:01 ਵਜੇ ਲਾਗੂ ਹੋ ਗਏ।




# ਸਕਾਰਬਰੋ ਦੇ ਘਰ ਵਿੱਚ ਲੱਗੀ ਅੱਗ, ਮਹਿਲਾ ਨੂੰ ਖਿੜਕੀ ਰਾਹੀਂ ਗਿਆ ਬਚਾਇਆ

ਟੋਰਾਂਟੋ, 6 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਸਕਾਰਬਰੋ ਵਿੱਚ ਲੱਗੀ ਜ਼ਬਰਦਸਤ ਅੱਗ ਦੌਰਾਨ ਫਾਇਰ ਅਮਲੇ ਵੱਲੋਂ ਇੱਕ ਮਹਿਲਾ ਨੂੰ ਰਿਹਾਇਸ਼ੀ ਇਮਾਰਤ ਦੀ ਖਿੜਕੀ ਵਿੱਚੋਂ ਬਾਹਰ ਕੱਢਿਆ ਗਿਆ।

ਪੁਲਿਸ ਨੂੰ ਸਵੇਰੇ 4:00 ਵਜੇ ਬ੍ਰਿਮਲੇ ਰੋਡ ਨੇੜੇ ਲਾਅਰੈਂਸ ਐਵਨਿਊ ਈਸਟ ਦੇ ਇੱਕ ਘਰ ਵਿੱਚ ਅਮਲੇ ਨੂੰ ਸੱਦਿਆ ਗਿਆ। ਚਸ਼ਮਦੀਦਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਦੂਜੀ ਮੰਜ਼ਿਲ ਦੀ ਖਿੜਕੀ ਵਿੱਚੋਂ ਅੱਗ ਦੀਆਂ ਲਪਟਾਂ ਤੇ ਧੂੰਆਂ ਆਉਂਦਾ ਨਜ਼ਰ ਆਇਆ। ਟੋਰਾਂਟੋ ਫਾਇਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਦੂਜੀ ਮੰਜ਼ਿਲ ਦੀ ਖਿੜਕੀ ਰਾਹੀਂ ਇੱਕ ਮਹਿਲਾ ਨੂੰ ਬਚਾਇਆ।



ਕਈ ਹੋਰਨਾਂ ਸਥਾਨਕ ਵਾਸੀਆਂ ਨੂੰ ਵੀ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੱਢਿਆ ਗਿਆ ਤੇ ਹੁਣ ਉਹ ਟੀਟੀਸੀ ਦੀਆਂ ਬੱਸਾਂ ਵਿੱਚ ਪਨਾਹ ਲਈ ਬੈਠੇ ਹਨ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਅੱਗ ਉੱਤੇ ਵੀ ਜਲਦ ਹੀ ਕਾਬੂ ਪਾ ਲਿਆ ਗਿਆ।

# ਵੈਕਸੀਨੇਸ਼ਨ ਨਾ ਕਰਵਾਉਣ ਵਾਲਿਆਂ ਤੋਂ ਖਫਾ ਹਨ ਕੈਨੇਡੀਅਨ : ਟਰੂਡੋ

ਓਟਵਾ, 6 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ ਆਖਿਆ ਕਿ ਇੱਕ ਵਾਰੀ ਫਿਰ ਤੋਂ ਨਵੀਆਂ ਪਾਬੰਦੀਆਂ ਲੱਗਣ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸਰਜਰੀਜ਼ ਨੂੰ ਮੁਲਤਵੀ ਕੀਤੇ ਜਾਣ ਦਰਮਿਆਨ ਕੋਵਿਡ-19 ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਲੋਕਾਂ ਤੋਂ ਕੈਨੇਡੀਅਨ ਖਫਾ ਹਨ।

ਟਰੂਡੋ ਨੇ ਆਖਿਆ ਕਿ ਓਮਾਈਕ੍ਰੌਨ ਵੇਰੀਐਂਟ ਆਉਣ ਤੋਂ ਬਾਅਦ ਪਿਛਲੇ ਕੁੱਝ ਹਫਤਿਆਂ ਵਿੱਚ ਦੇਸ਼ ਭਰ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲਿਆ ਹੈ। ਇਸ ਕਾਰਨ ਹੈਲਥ ਕੇਅਰ ਸੈਕਟਰਜ਼ ਤੇ ਟੈਸਟਿੰਗ ਫੈਸਿਲਿਟੀਜ਼ ਉੱਤੇ ਭਾਰ ਘਟਾਉਣ ਲਈ ਪਾਬੰਦੀਆਂ ਦਾ ਨਵਾਂ ਦੌਰ ਮੁੜ ਆ ਗਿਆ ਹੈ। ਉਨ੍ਹਾਂ ਆਖਿਆ ਕਿ ਕਈ ਮਹੀਨਿਆਂ ਤੋਂ ਸਿਆਸਤਦਾਨਾਂ ਤੋਂ ਲੈ ਕੇ ਪਬਲਿਕ ਹੈਲਥ ਅਧਿਕਾਰੀਆਂ ਤੱਕ ਕੈਨੇਡੀਅਨਜ਼ ਨੂੰ ਵੈਕਸੀਨੇਸ਼ਨ ਕਰਵਾਉਣ ਲਈ ਪ੍ਰੇਰਿਤ ਕਰਦੇ ਰਹੇ ਹਨ। ਇਸ ਸਬੰਧ ਵਿੱਚ ਕਈ ਤਰ੍ਹਾਂ ਦੀਆਂ ਕੈਂਪੇਨ ਚਲਾਈਆਂ ਗਈਆਂ, ਲੋਕਾਂ ਨੂੰ ਸਿੱਖਿਅਤ ਕਰਨ ਲਈ ਹਰ ਹੀਲਾ ਵਰਤਿਆ ਗਿਆ, ਲੋਕਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ, ਵੈਕਸੀਨੇਸ਼ਨ ਦਾ ਸਬੂਤ ਲਾਜ਼ਮੀ ਕੀਤਾ ਗਿਆ।



ਪਰ ਇਸ ਸੱਭ ਦੇ ਬਾਵਜੂਦ ਅਜੇ ਤੱਕ ਸਾਰੇ ਕੈਨੇਡੀਅਨਜ਼ ਵੱਲੋਂ ਟੀਕਾਕਰਣ ਨਹੀਂ ਕਰਵਾਇਆ ਗਿਆ ਹੈ। ਤਾਜ਼ਾ ਫੈਡਰਲ ਅੰਕੜਿਆਂ ਅਨੁਸਾਰ 12 ਸਾਲ ਤੋਂ ਵੱਧ ਉਮਰ ਦੇ 87 ਫੀ ਸਦੀ ਕੈਨੇਡੀਅਨਜ਼ ਪੂਰੀ ਤਰ੍ਹਾਂ ਵੈਕਸੀਨੇਟਿਡ ਹਨ। ਅਜੇ ਵੀ ਕਈ ਮਿਲੀਅਨ ਕੈਨੇਡੀਅਨਜ਼ ਨੇ ਵੈਕਸੀਨੇਸ਼ਨ ਨਾ ਕਰਵਾਉਣ ਦਾ ਫੈਸਲਾ ਕੀਤਾ ਹੈ।

# ਟੋਰਾਂਟੋ ਸਿਟੀ ਨੇ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਆਪਣੇ 461 ਮੁਲਾਜ਼ਮਾਂ ਦੀ ਕੀਤੀ ਛਾਂਗੀ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਵੱਲੋਂ ਆਪਣੇ ਉਨ੍ਹਾਂ 461 ਮੁਲਾਜ਼ਮਾਂ ਦੀ ਛਾਂਗੀ ਕਰ ਦਿੱਤੀ ਗਈ ਹੈ ਜਿਨ੍ਹਾਂ ਨੇ 2 ਜਨਵਰੀ ਤੱਕ ਦੀ ਮਿਥੀ ਹੋਈ ਡੈੱਡਲਾਈਨ ਤੱਕ ਵੈਕਸੀਨੇਸ਼ਨ ਨਹੀਂ ਸੀ ਕਰਵਾਈ।

ਇੱਕ ਰਲੀਜ਼ ਵਿੱਚ ਸਿਟੀ ਨੇ ਆਖਿਆ ਕਿ ਨੌਕਰੀ ਤੋਂ ਕੱਢੇ ਗਏ ਮੁਲਾਜ਼ਮਾਂ ਨੇ ਕੋਵਿਡ-19 ਵੈਕਸੀਨ ਦੀ ਕੋਈ ਡੋਜ਼ ਨਹੀਂ ਸੀ ਲਵਾਈ ਤੇ ਨਾ ਹੀ ਆਪਣੇ ਵੈਕਸੀਨੇਸ਼ਨ ਸਟੇਟਸ ਬਾਰੇ ਹੀ ਕੋਈ ਜਾਣਕਾਰੀ ਦਿੱਤੀ ਸੀ। ਸਿਟੀ ਨੇ ਆਖਿਆ ਕਿ ਨੌਕਰੀ ਤੋਂ ਕੱਢੇ ਗਏ ਇਹ ਮੁਲਾਜ਼ਮ ਉਸ ਦੀ ਵਰਕਫੋਰਸ ਦਾ ਬਹੁਤ ਹੀ ਨਿੱਕਾ ਹਿੱਸਾ ਸਨ। ਸਿਟੀ ਦੇ 98•6 ਫੀ ਸਦੀ ਮੁਲਾਜ਼ਮਾਂ ਵੱਲੋਂ ਅਗਸਤ 2021 ਵਿੱਚ ਪੇਸ਼ ਕੀਤੀ ਗਈ ਵੈਕਸੀਨ ਪਾਲਿਸੀ ਦੀ ਪਾਲਣਾ ਕਰਦਿਆਂ ਹੋਇਆਂ ਆਪਣਾ ਟੀਕਾਕਰਣ ਕਰਵਾ ਲਿਆ ਗਿਆ ਸੀ। ਸਿਟੀ ਨੇ ਦੱਸਿਆ ਕਿ ਉਸ ਦੇ 32,478 ਮੁਲਾਜ਼ਮ ਪੂਰੀ ਤਰ੍ਹਾਂ ਵੈਕਸੀਨੇਟਿਡ ਹਨ।



ਇਸ ਦੌਰਾਨ ਹੁਣ ਛਾਂਗੀ ਦੀ ਤਲਵਾਰ 248 ਮੁਲਾਜ਼ਮਾਂ ਉੱਤੇ ਲਟਕ ਰਹੀ ਹੈ ਜਿਨ੍ਹਾਂ ਨੇ ਹੁਣ ਤੱਕ ਸਿਰਫ ਇੱਕ ਡੋਜ਼ ਹੀ ਲਈ ਹੈ। ਇਸ ਹਫਤੇ ਤੋਂ ਸ਼ੁਰੂ ਕਰਕੇ ਇਨ੍ਹਾਂ 248 ਮੁਲਾਜ਼ਮਾਂ ਦੀ ਆਪਣੇ ਮੈਨੇਜਰ ਨਾਲ ਵੈਕਸੀਨੇਸ਼ਨ ਦੇ ਸਟੇਟਸ ਨੂੰ ਲੈ ਕੇ ਮੀਟਿੰਗ ਹੋਵੇਗੀ ਤੇ ਜਾਂ ਫਿਰ ਉਨ੍ਹਾਂ ਦੀ ਯੂਨੀਅਨ ਦਾ ਨੁਮਾਇੰਦਾ ਇਹ ਮੀਟਿੰਗ ਕਰੇਗਾ। ਜੇ ਇਸ ਮੀਟਿੰਗ ਵਿੱਚ ਵੀ ਕੋਈ ਮੁਲਾਜ਼ਮ ਅਜਿਹਾ ਪਾਇਆ ਗਿਆ ਜਿਸ ਨੇ ਦੋ ਡੋਜ਼ਾਂ ਨਹੀਂ ਲਵਾਈਆਂ ਤਾਂ ਉਸੇ ਦਿਨ ਹੀ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ। ਸਿਰਫ ਉਨ੍ਹਾਂ ਮੁਲਾਜ਼ਮਾਂ ਨੂੰ ਹੀ ਕੰਮ ਉੱਤੇ ਬਣਿਆ ਰਹਿਣ ਦਿੱਤਾ ਜਾਵੇਗਾ ਜਿਨ੍ਹਾਂ ਨੇ ਵੈਕਸੀਨੇਸ਼ਨ ਦੀ ਦੂਜੀ ਡੋਜ਼ ਲਈ ਅਪੁਆਇੰਟਮੈਂਟ ਬੁੱਕ ਕਰਵਾਈ ਹੋਵੇਗੀ।

# ਸ਼ਾਪਿੰਗ ਮਾਲ ਵਿੱਚ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਮਿਸੀਸਾਗਾ, 6 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਮਿਸੀਸਾਗਾ ਦੇ ਇੱਕ ਸ਼ਾਪਿੰਗ ਸੈਂਟਰ ਵਿੱਚ ਇੱਕ ਵਿਅਕਤੀ ਉੱਤੇ ਤੇਜ਼ ਧਾਰ ਹਥਿਆਰ ਨਾਲ ਵਾਰ ਕੀਤਾ ਗਿਆ। ਇਹ ਜਾਣਕਾਰੀ ਪੀਲ ਪੁਲਿਸ ਨੇ ਦਿੱਤੀ। ਸ਼ਾਮੀਂ 6:00 ਵਜੇ ਤੋਂ ਠੀਕ ਪਹਿਲਾਂ ਬਰਨਹੈਮਥੌਰਪ ਰੋਡ ਤੇ ਹੁਰੌਨਤਾਰੀਓ ਸਟਰੀਟ ਏਰੀਆ ਵਿੱਚ ਸਥਿਤ ਸਕੁਏਅਰ ਵੰਨ ਸ਼ਾਪਿੰਗ ਸੈਂਟਰ ਵਿੱਚ ਇਹ ਘਟਨਾ ਵਾਪਰੀ। ਪੁਲਿਸ ਨੇ ਦੱਸਿਆ ਕਿ ਗੰਭੀਰ ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਨੇੜਲੇ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਮਸ਼ਕੂਕ, ਜਿਸ ਨੇ ਪਜਾਮਾ ਪੈਂਟਸ ਪਾਈਆਂ ਹੋਈਆਂ ਸਨ, ਨੂੰ ਮੌਕੇ ਤੋਂ ਫਰਾਰ ਹੁੰਦਿਆਂ ਵੇਖਿਆ ਗਿਆ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਗੋਰਾ ਵਿਅਕਤੀ ਹੈ, ਉਸ ਦਾ ਕੱਦ ਪੰਜ ਫੁੱਟ ਨੌਂ ਇੰਚ ਤੇ ਕੱਦ ਕਾਠੀ ਪਤਲੀ ਸੀ। ਉਸ ਨੇ ਘਟਨਾ ਸਮੇਂ ਨੀਲੇ ਰੰਗ ਦੀ ਹੁਡੀ ਪਾਈ ਹੋਈ ਸੀ।

# ਪਾਣੀ ਦੀ ਪਾਈਪ ਫਟਣ ਕਾਰਨ ਯੰਗ ਸਟਰੀਟ ਨੂੰ ਕੀਤਾ ਗਿਆ ਬੰਦ



ਟੋਰਾਂਟੋ, 6 ਜਨਵਰੀ (ਪੋਸਟ ਬਿਊਰੋ) : ਪਾਣੀ ਦੀ ਪਾਈਪ ਫਟਣ ਕਾਰਨ ਤੇ ਇਲਾਕੇ ਵਿੱਚ ਸੰਭਾਵੀ ਤੌਰ ਉੱਤੇ ਸਿੰਕਹੋਲ ਬਣਨ ਕਾਰਨ ਅੱਜ ਸਵੇਰੇ ਯੰਗ ਸਟਰੀਟ ਦਾ ਇੱਕ ਹਿੱਸਾ ਬੰਦ ਕਰ ਦਿੱਤਾ ਗਿਆ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਯੰਗ ਤੇ ਚਰਚ ਸਟਰੀਟ ਨੇੜੇ ਪਾਣੀ ਦੀ ਪਾਈਪ ਟੁੱਟਣ ਤੋਂ ਬਾਅਦ ਪੁਲਿਸ ਅਧਿਕਾਰੀ ਉੱਥੇ ਪਹੁੰਚੇ। ਡਾਊਨਟਾਊਨ ਦੀ ਇਸ ਭੀੜ ਭਾੜ ਵਾਲੀ ਸਟਰੀਟ ਉੱਤੇ ਸਾਰੇ ਪਾਸੇ ਪਾਣੀ ਹੀ ਪਾਣੀ ਹੋਇਆ ਪਿਆ ਸੀ ਤੇ ਪੁਲਿਸ ਵੱਲੋਂ ਸਿੰਕਹੋਲ ਬਣਨ ਦੇ ਡਰ ਕਾਰਨ ਲੋਕਾਂ ਨੂੰ ਇਸ ਇਲਾਕੇ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੱਤੀ ਜਾ ਰਹੀ ਸੀ।

ਇਸ ਸਮੇਂ ਯੰਗ ਸਟਰੀਟ ਏਲਮਰ ਐਵਨਿਊ ਤੇ ਚਰਚ ਸਟਰੀਟ ਦਰਮਿਆਨ ਬੰਦ ਕਰ ਦਿੱਤੀ ਗਈ ਹੈ ਤੇ ਟੀਟੀਸੀ ਬੱਸਾਂ ਨੂੰ ਕਿਸੇ ਦੂਜੇ ਰੂਟ ਤੋਂ ਆਪਣੀ ਮੰਜ਼ਿਲ ਉੱਤੇ ਭੇਜਿਆ ਜਾ ਰਿਹਾ ਹੈ।

# ਘਰ ਵਿੱਚ ਡਾਕਾ ਮਾਰਨ ਆਏ ਲੁਟੇਰਿਆਂ ਨੇ ਚਲਾਈ ਗੋਲੀ, ਟੀਨੇਜਰ ਜ਼ਖ਼ਮੀ

ਟੋਰਾਂਟੋ, 6 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਨੂੰ ਸਕਾਰਬਰੋ ਵਿੱਚ ਇੱਕ ਘਰ ਵਿੱਚ ਡਾਕਾ ਮਾਰਨ ਦੇ ਇਰਾਦੇ ਨਾਲ ਦਾਖਲ ਹੋਏ ਮਸ਼ਕੂਕਾਂ ਵੱਲੋਂ ਗੋਲੀ ਚਲਾਏ ਜਾਣ ਕਾਰਨ ਇੱਕ ਟੀਨੇਜਰ ਲੜਕੇ ਨੂੰ ਹਸਪਤਾਲ ਲਿਜਾਇਆ ਗਿਆ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਦੁਪਹਿਰੇ 4:30 ਵਜੇ ਉਨ੍ਹਾਂ ਨੂੰ ਮੌਰਨਿੰਗਸਾਈਡ ਐਵਨਿਊ ਤੇ ਸਿਊਅਲ ਰੋਡ ਇਲਾਕੇ ਤੋਂ ਗੋਲੀ ਚੱਲਣ ਦੀਆਂ ਰਿਪੋਰਟਾਂ ਮਿਲੀਆਂ ਜਿਸ ਤੋਂ ਬਾਅਦ ਉਹ ਮੌਕੇ ਉੱਤੇ ਪਹੁੰਚੇ। ਡਿਊਟੀ ਇੰਸਪੈਕਟਰ ਮਾਈਕਲ ਵਿਲੀਅਮਜ਼ ਨੇ ਦੱਸਿਆ ਕਿ ਮੌਕੇ ਉੱਤੇ ਉਨ੍ਹਾਂ ਨੂੰ ਇੱਕ ਟੀਨੇਜਰ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਦੇ ਧੜ ਵਿੱਚ ਗੋਲੀ ਲੱਗੀ ਹੋਈ ਸੀ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਹਸਪਤਾਲ ਲਿਜਾਇਆ ਗਿਆ। ਵਿਲੀਅਮਜ਼ ਨੇ ਦੱਸਿਆ ਕਿ ਇਸ ਸਮੇਂ ਉਸ ਦੀ ਹਾਲਤ ਸਥਿਰ ਹੈ ਤੇ ਉਹ ਪੁਲਿਸ ਅਧਿਕਾਰੀਆਂ ਨਾਲ ਗੱਲ ਕਰ ਰਿਹਾ ਹੈ।

ਪੁਲਿਸ ਨੇ ਦੱਸਿਆ ਕਿ ਗੋਲੀ ਲੱਗਣ ਤੋਂ ਬਾਅਦ ਲੜਕਾ ਆਪਣੇ ਘਰ ਤੋਂ ਭੱਜ ਕੇ ਸਟਰੀਟ ਉੱਤੇ ਆ ਗਿਆ ਤੇ ਫਿਰ ਬੇਹੋਸ਼ ਹੋ ਗਿਆ। ਪੁਲਿਸ ਅਧਿਕਾਰੀਆਂ ਨੂੰ ਮੌਕੇ ਤੋਂ ਕਾਫੀ ਸਬੂਤ ਮਿਲੇ ਤੇ ਸਬੂਤਾਂ ਦੀ ਪੈੜ ਨੱਪਦਿਆਂ ਹੋਇਆਂ ਉਨ੍ਹਾਂ ਪਾਇਆ ਕਿ ਇਹ ਘਟਨਾ ਓਵਰਲੌਰਡ ਕ੍ਰੀਸੈਂਟ ਉੱਤੇ ਸਥਿਤ ਘਰ ਵਿੱਚ ਵਾਪਰੀ। ਪੁਲਿਸ ਨੇ ਆਖਿਆ ਕਿ ਇਸ ਘਟਨਾ ਨੂੰ ਅੰਜਾਮ ਦੇਣ ਪਿੱਛੇ ਘੱਟੋ ਘੱਟ ਦੋ ਮਸ਼ਕੂਕਾਂ ਦਾ ਹੱਥ ਹੈ। ਪੁਲਿਸ ਨੇ ਦੱਸਿਆ ਕਿ ਇੱਕ ਟੀਨੇਜਰ ਮਸ਼ਕੂਕ, ਜਿਹੜਾ ਪੈਦਲ ਹੀ ਫਰਾਰ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਉਸ ਕੋਲੋਂ ਪੁਲਿਸ ਨੂੰ ਹਥਿਆਰ ਵੀ ਮਿਲਿਆ ਹੈ। ਦੂਜਾ ਮਸ਼ਕੂਕ ਵੀ ਮੌਕੇ ਤੋਂ ਫਰਾਰ ਹੋ ਗਿਆ ਪਰ ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਉਹ ਇਲਾਕੇ ਵਿੱਚ ਪਾਰਕ ਕੀਤੀ ਗਈ ਗੂੜ੍ਹੇ ਰੰਗ ਦੀ ਸੇਡਾਨ ਵਿੱਚ ਫਰਾਰ ਹੋਇਆ। ਉਨ੍ਹਾਂ ਦੱਸਿਆ ਕਿ ਇਸ ਸੇਡਾਨ ਨੂੰ ਤੇਜ਼ ਰਫਤਾਰ ਨਾਲ ਇਲਾਕੇ ਵਿੱਚੋਂ ਬਾਹਰ ਨਿਕਲਦਿਆਂ ਵੇਖਿਆ ਗਿਆ। ਅਜੇ ਤੱਕ ਉਸ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM





CHEEMA
LOWEST PRICE IN TOWN
Towing Service Car Paint Starts $799*upto 100% Deductible Paid*
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ShergGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6





Emergency Contact:
416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
→ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
→ Forklift Training
Forklift $79 Recertification






ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਫਰਸਟ ਨੇਸ਼ਨ ਦੇ ਬੱਚਿਆਂ ਤੇ ਪਰਿਵਾਰਾਂ ਨੂੰ ਫੈਡਰਲ ਸਰਕਾਰ ਦੇਵੇਗੀ 40 ਬਿਲੀਅਨ ਡਾਲਰ ਦਾ ਮੁਆਵਜ਼ਾ

ਓਟਵਾ, 6 ਜਨਵਰੀ (ਪੋਸਟ ਬਿਊਰੋ) : ਫੰਡਾਂ ਤੋਂ ਸੱਖਣੇ ਚਾਈਲਡ ਵੈੱਲਫੇਅਰ ਸਿਸਟਮ ਕਾਰਨ ਪਰੇਸ਼ਾਨ ਫਰਸਟ ਨੇਸ਼ਨਜ਼ ਚਿਲਡਰਨ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਫੈਡਰਲ ਸਰਕਾਰ ਵੱਲੋਂ 40 ਬਿਲੀਅਨ ਡਾਲਰ ਜਾਰੀ ਕੀਤੇ ਜਾਣਗੇ।



ਕੈਨੇਡਾ ਦੇ ਇਤਿਹਾਸ ਦੇ ਸੱਭ ਤੋਂ ਲੰਮੇਂ ਕਲਾਸ ਐਕਸ਼ਨ ਲਾਅਸੂਟ ਦੇ ਫੈਸਲੇ ਅਨੁਸਾਰ ਓਟਵਾ ਨੂੰ 20 ਬਿਲੀਅਨ ਡਾਲਰ ਰਿਜ਼ਰਵ ਤੇ ਯੂਕੌਨ ਦੇ ਉਨ੍ਹਾਂ ਬੱਚਿਆਂ ਨੂੰ ਦੇਣਾ ਹੋਵੇਗਾ ਜਿਨ੍ਹਾਂ ਨੂੰ ਪਹਿਲੀ ਅਪਰੈਲ, 1991 ਤੇ 31 ਮਾਰਚ, 2022 ਦਰਮਿਆਨ ਅਜਾਂਈ ਆਪਣੇ ਘਰਾਂ ਤੋਂ ਪਾਸੇ ਕਰ ਦਿੱਤਾ ਗਿਆ ਸੀ। ਇਹ ਮੁਆਵਜ਼ਾ ਉਨ੍ਹਾਂ ਨੂੰ ਵੀ ਦਿੱਤਾ ਜਾਵੇਗਾ ਜਿਹੜੇ 12 ਦਸੰਬਰ, 2007 ਤੇ 2 ਨਵੰਬਰ 2017 ਦਰਮਿਆਨ ਜੌਰਡਨ ਪ੍ਰਿੰਸੀਪਲ ਦੀ ਸੌੜੀ ਵਿਆਖਿਆ ਦੀ ਬਲੀ ਚੜ੍ਹੇ। ਜਿਨ੍ਹਾਂ ਬੱਚਿਆਂ ਨੂੰ ਪਹਿਲੀ ਅਪਰੈਲ 1991 ਤੇ 11 ਦਸੰਬਰ 2007 ਦਰਮਿਆਨ ਜ਼ਰੂਰੀ ਪਬਲਿਕ ਸੇਵਾਵਾਂ ਨਹੀਂ ਮਿਲੀਆਂ ਉਹ ਵੀ ਇਸ ਮੁਆਵਜ਼ੇ ਦੇ ਯੋਗ ਹੋਣਗੇ।

ਇਸ ਫੰਡਿੰਗ ਦਾ ਦੂਜਾ ਹਿੱਸਾ ਅਗਲੇ ਪੰਜਾਂ ਸਾਲਾਂ ਵਿੱਚ ਫਰਸਟ ਨੇਸ਼ਨਜ਼ ਚਾਈਲਡ ਤੇ ਫੈਮਿਲੀ ਸਰਵਿਸਿਜ਼ ਪ੍ਰੋਗਰਾਮ ਦੇ ਸੁਧਾਰ ਲਈ ਦਿੱਤਾ ਜਾਵੇਗਾ। 20 ਬਿਲੀਅਨ ਡਾਲਰ ਦੇ ਲੱਗਭਗ ਉਨ੍ਹਾਂ ਫਰਸਟ ਨੇਸ਼ਨਜ਼ ਬਾਲਗਾਂ ਲਈ ਖਰਚ ਕੀਤਾ ਜਾਵੇਗਾ ਜਿਹੜੇ ਚਾਈਲਡ ਵੈੱਲਫੇਅਰ ਸਿਸਟਮ ਤੋਂ ਬਾਹਰ ਹੋ ਰਹੇ ਹਨ। ਇਸ ਉੱਤੇ ਅਪਰੈਲ 2022 ਤੋਂ ਕੰਮ ਸ਼ੁਰੂ ਹੋ ਜਾਵੇਗਾ। ਇਹ ਫੈਸਲਾ ਫੈਡਰਲ ਕੋਰਟ ਤੇ ਕੈਨੇਡੀਅਨ ਹਿਊਮਨ ਰਾਈਟਸ ਟ੍ਰਿਬਿਊਨਲ ( ਸੀ ਐਚ ਆਰ ਟੀ ) ਵੱਲੋਂ ਦਿੱਤਾ ਗਿਆ ਹੈ, ਦੋਵਾਂ ਦਾ ਮੰਨਣਾ ਹੈ ਕਿ ਫੈਡਰਲ ਸਰਕਾਰ ਵੱਲੋਂ ਫਰਸਟ ਨੇਸ਼ਨਜ਼ ਦੇ ਬੱਚਿਆਂ ਨਾਲ ਵਿਤਕਰਾ ਕੀਤਾ ਗਿਆ।

ਇੱਕ ਪ੍ਰੈੱਸ ਕਾਨਫਰੰਸ ਵਿੱਚ ਇੰਡੀਜੀਨਸ ਸਰਵਿਸਿਜ਼ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਇਹ ਮੁਆਵਜ਼ਾ ਉਨ੍ਹਾਂ ਪਰਿਵਾਰਾਂ ਲਈ ਹੈ ਜਿਨ੍ਹਾਂ ਨੂੰ ਰੋਜ਼ਾਨਾ ਤੰਗੀਆਂ ਤੁਰਸ਼ੀਆਂ ਤੇ ਤਕਲੀਫਾਂ ਨਾਲ ਰਹਿਣਾ ਪਿਆ।

# ਓਮਾਈਕ੍ਰੌਨ ਦੇ ਤੇਜ਼ੀ ਨਾਲ ਵਧ ਰਹੇ ਮਾਮਲਿਆਂ ਦਰਮਿਆਨ ਫੋਰਡ ਸਰਕਾਰ ਨੇ ਐਲਾਨੀਆਂ ਨਵੀਆਂ ਪਾਬੰਦੀਆਂ

ਓਨਟਾਰੀਓ, 6 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਇੱਕ ਵਾਰੀ ਫਿਰ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਪਾਬੰਦੀਆਂ ਤਹਿਤ ਸਕੂਲ ਇਨ ਪਰਸਨ ਲਰਨਿੰਗ ਲਈ ਬੰਦ ਕਰ ਦਿੱਤੇ ਗਏ ਹਨ, ਇੰਡੋਰ ਡਾਈਨਿੰਗ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ, ਜਿੰਮ ਬੰਦ ਕਰ ਦਿੱਤੇ ਗਏ ਹਨ ਤੇ ਰੀਟੇਲ ਕਾਰੋਬਾਰਾਂ ਲਈ ਵੀ ਕਪੈਸਿਟੀ ਲਿਮਿਟ ਸੈੱਟ ਕਰ ਦਿੱਤੀ ਗਈ ਹੈ। ਸਕੂਲ ਘੱਟੋ ਘੱਟ 17 ਜਨਵਰੀ ਤੱਕ ਬੰਦ ਰਹਿਣਗੇ।

ਸੋਮਵਾਰ ਨੂੰ ਸਰਕਾਰ ਨੇ ਇਹ ਵੀ ਐਲਾਨ ਕੀਤਾ ਕਿ ਇੰਡੋਰ ਈਵੈਂਟਸ ਲਈ ਪੰਜ ਲੋਕ ਤੇ ਆਊਟਡੋਰ ਈਵੈਂਟਸ ਲਈ 10 ਲੋਕ ਇੱਕਠੇ ਹੋ ਸਕਣਗੇ। ਇਹ ਪਾਬੰਦੀਆਂ 5 ਜਨਵਰੀ ਤੋਂ ਸ਼ੁਰੂ ਹੋਣਗੀਆਂ ਤੇ 21 ਦਿਨਾਂ ਲਈ ਰਹਿਣਗੀਆਂ। ਇਹ ਐਲਾਨ ਕਰਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਇਹ ਪਾਬੰਦੀਆਂ ਲਾਉਣ ਦਾ ਮੁੱਖ ਕਾਰਨ ਦਿਨੋ ਦਿਨ ਵੱਧ ਰਹੇ ਓਮਾਈਕ੍ਰੌਨ ਦੇ ਮਾਮਲਿਆਂ ਨੂੰ ਰਕਣਾ ਹੈ ਤਾਂ ਕਿ ਸਾਡੇ ਹਸਪਤਾਲਾਂ ਉੱਤੇ ਪਹਿਲਾਂ ਵਾਂਗ ਬੋਝ ਨਾ ਪਵੇ। ਉਨ੍ਹਾਂ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਨਵੇਂ ਮਾਮਲਿਆਂ ਦਾ ਹੜ੍ਹ ਆਉਣ ਦਾ ਖਦਸ਼ਾ ਹੈ।

ਇਸ ਦੌਰਾਨ ਰੀਟੇਲ ਕਾਰੋਬਾਰਾਂ, ਜਿਨ੍ਹਾਂ ਵਿੱਚ ਸ਼ਾਪਿੰਗ ਮਾਲਜ਼ ਵੀ ਸ਼ਾਮਲ ਹਨ, ਦੀ ਲਿਮਿਟ ਘਟਾ ਕੇ 50 ਫੀ ਸਦੀ ਕਰ ਦਿੱਤੀ ਗਈ ਹੈ।



ਰੈਸਟੋਰੈਂਟਸ, ਬਾਰਜ਼ ਤੇ ਹੋਰਨਾਂ ਖਾਣ ਪੀਣ ਵਾਲੀਆਂ ਥਾਂਵਾਂ ਵਿੱਚ ਇੰਡੋਰ ਡਾਈਨਿੰਗ ਉੱਤੇ ਰੋਕ ਲਾ ਦਿੱਤੀ ਗਈ ਹੈ। ਟੇਕਆਊਟ, ਡਰਾਈਵ ਥਰੂ ਤੇ ਡਲਿਵਰੀ ਦੀ ਅਜੇ ਵੀ ਇਜਾਜ਼ਤ ਹੈ। ਪਰਸਨਲ ਕੇਅਰ ਸੇਵਾਵਾਂ ਦੀ ਸਮਰੱਥਾ ਵੀ 50 ਫੀ ਸਦੀ ਘਟਾ ਦਿੱਤੀ ਗਈ ਹੈ। ਇੰਡੋਰ ਕੰਸਰਟ ਵੈਨਿਊਜ਼, ਥਿਏਟਰਜ਼ ਤੇ ਸਿਨੇਮਾ ਹਾਲ ਵੀ ਬੰਦ ਕਰਨ ਦੀਆਂ ਹਦਾਇਤਾਂ ਹਨ। ਵਿਆਹਾਂ ਤੇ ਸੋਗ ਸਮਾਗਮਾਂ ਦੀ ਸਮਰੱਥਾ ਵੀ 50 ਫੀ ਸਦੀ ਕਰ ਦਿੱਤੀ ਗਈ ਹੈ।

ਸਰਕਾਰ ਨੇ ਇਹ ਹਦਾਇਤਾਂ ਵੀ ਜਾਰੀ ਕੀਤੀਆਂ ਹਨ ਕਿ ਕਾਰੋਬਾਰਾਂ ਤੇ ਆਰਗੇਨਾਈਜ਼ੇਸ਼ਨਜ਼ ਵੱਲੋਂ ਆਪਣੇ ਮੁਲਾਜ਼ਮਾਂ ਤੋਂ ਵਰਕ ਫਰੌਮ ਹੋਮ ਹੀ ਕਰਵਾਇਆ ਜਾਵੇ ਜਦੋਂ ਤੱਕ ਉਨ੍ਹਾਂ ਦੀ ਲੋੜ ਮੌਕੇ ਉੱਤੇ ਹਾਜ਼ਰ ਰਹਿਣ ਦੀ ਨਹੀਂ ਪੈਂਦੀ। ਜਨਤਕ ਲਾਇਬ੍ਰੇਰੀਜ਼ ਦੀ ਸਮਰੱਥਾ ਵੀ ਘਟਾ ਕੇ 50 ਫੀ ਸਦੀ ਕਰ ਦਿੱਤੀ ਗਈ ਹੈ ਤੇ ਇਸ ਦੇ ਨਾਲ ਹੀ ਮਿਊਜ਼ੀਅਮ, ਗੈਲਰੀਜ਼, ਜ਼ੂ ਤੇ ਸਾਇੰਸ ਸੈਂਟਰਜ਼ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਨਿੱਕੇ ਕਾਰੋਬਾਰਾਂ ਨੂੰ ਹੋਰ ਨੁਕਸਾਨ ਹੋਣ ਤੋਂ ਬਚਾਉਣ ਲਈ ਬਿਜ਼ਨਸ ਕੌਸਟਸ ਰੀਬੇਟ ਪ੍ਰੋਗਰਾਮ ਦੀ ਮਿਆਦ ਵਧਾਈ ਜਾ ਰਹੀ ਹੈ।

# ਕਿਊਬਿਕ ਹਸਪਤਾਲ ਦੇ 400 ਤੋਂ ਵੱਧ ਸਟਾਫ ਮੈਂਬਰ ਆਏ ਪਾਜ਼ੀਟਿਵ

ਕਿਊਬਿਕ, 6 ਜਨਵਰੀ (ਪੋਸਟ ਬਿਊਰੋ) : ਕਿਊਬਿਕ ਦੇ ਹਸਪਤਾਲ ਦੇ 400 ਸਟਾਫ ਮੈਂਬਰਾਂ ਦੇ ਕੋਵਿਡ-19 ਟੈਸਟ ਪਾਜ਼ੀਟਿਵ ਆਏ ਹਨ। ਇਸ ਤੋਂ ਇਲਾਵਾ ਕੋਵਿਡ-19 ਨਾਲ ਸਬੰਧਤ ਚੁਣੌਤੀਆਂ ਕਾਰਨ 400 ਹੋਰਨਾਂ ਨੂੰ ਆਈਸੋਲੇਟ ਕਰ ਦਿੱਤਾ ਗਿਆ ਹੈ। ਇਹ ਖੁਲਾਸਾ ਸੀਐਚਯੂ ਡੀ ਕਿਊਬਿਕ ਯੂਨੀਵਰਸਿਟੀ ਲਵਲ ਦੇ ਸੀਈਓ ਮਾਰਟਿਨ ਬਿਊਮੌਂਟ ਵੱਲੋਂ ਕੀਤਾ ਗਿਆ। ਉਨ੍ਹਾਂ ਸੋਮਵਾਰ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਆਖਿਆ ਕਿ ਐਨੀ ਵੱਡੀ ਗਿਣਤੀ ਵਿੱਚ ਸਟਾਫ ਦੇ ਪਾਜ਼ੀਟਿਵ ਆਉਣ ਕਾਰਨ ਸਾਡੀਆਂ ਸੇਵਾਵਾਂ ਉੱਤੇ ਦਬਾਅ ਵੱਧ ਸਕਦਾ ਹੈ। ਉਨ੍ਹਾਂ ਦੱਸਿਆ ਕਿ ਵਾਇਰਸ ਕਾਰਨ 443



ਸਟਾਫ ਮੈਂਬਰ ਪ੍ਰਭਾਵਿਤ ਹੋਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਬੁੱਧਵਾਰ ਤੋਂ ਮੈਡੀਕਲ ਅਪੁਆਇੰਟਮੈਂਟਸ ਤੇ ਆਪਰੇਟਿੰਗ ਰੂਮ ਦੀਆਂ ਗਤੀਵਿਧੀਆਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਆਖਿਆ ਸੀ ਕਿ 10,000 ਅਪੁਆਇੰਟਮੈਂਟਸ ਨੂੰ ਮੁੜ ਸ਼ਡਿਊਲ ਕੀਤਾ ਜਾ ਸਕਦਾ ਹੈ ਤੇ ਜਾਂ ਟੈਲੀਹੈਲਥ ਵਿੱਚ ਬਦਲਿਆ ਜਾ ਸਕਦਾ ਹੈ। ਉਨ੍ਹਾਂ ਅੱਗੇ ਆਖਿਆ ਕਿ ਬੱਚਿਆਂ ਤੇ ਕੈਂਸਰ ਦੇ ਮਰੀਜ਼ਾਂ ਸਬੰਧੀ ਸੇਵਾਵਾਂ ਦੇ ਨਾਲ ਨਾਲ ਐਮਰਜੰਸੀ ਤੇ ਘੱਟ ਅਰਜੈਂਟ ਸੇਵਾਵਾਂ ਜਾਰੀ ਰੱਖੀਆਂ ਜਾਣਗੀਆਂ।

# ਰਿਚਮੰਡ ਹਿੱਲ ਵਿੱਚ ਮਿਲੀ ਲਾਸ਼, ਪੁਲਿਸ ਕਰ ਰਹੀ ਹੈ ਜਾਂਚ

ਓਨਟਾਰੀਓ, 6 ਜਨਵਰੀ (ਪੋਸਟ ਬਿਊਰੋ) : ਰਿਚਮੰਡ ਹਿੱਲ ਵਿੱਚ ਇੱਕ ਲਾਸ਼ ਮਿਲਣ ਤੋਂ ਬਾਅਦ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਯੌਰਕ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਨਵੇਂ ਸਾਲ ਤੋਂ ਇੱਕ ਦਿਨ ਪਹਿਲਾਂ ਰਿਚਮੰਡ ਹਿੱਲ ਵਿੱਚ ਇੱਕ ਲਾਸ਼ ਮਿਲੀ ਤੇ ਇਸ ਮਾਮਲੇ ਦੀ ਜਾਂਚ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇਹ ਲਾਸ਼ 31 ਦਸੰਬਰ ਨੂੰ ਦੁਪਹਿਰੇ 12:40 ਉੱਤੇ ਮਿਲੀ। ਲਾਸ਼ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਸਟੱਫਵਿੱਲ ਰੋਡ ਤੇ ਹਾਈਵੇਅ 404 ਨੇੜੇ ਗੌਰਮਲੇ ਕੋਰਟ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਪੋਸਟ ਮਾਰਟਮ ਤੋਂ ਪਤਾ ਚੱਲਿਆ ਕਿ ਇਸ ਵਿਅਕਤੀ ਦੀ ਮੌਤ ਗੋਲੀ



ਲੱਗਣ ਕਾਰਨ ਹੋਈ। ਪੁਲਿਸ ਵੱਲੋਂ ਮ੍ਰਿਤਕ ਦੀ ਪਛਾਣ ਵਿੱਚਚਰਚ-ਸਟਫਵਿੱਲ ਦੇ 35 ਸਾਲਾ ਵਾਲਿਦ ਸਰਾਜ ਵਜੋਂ ਹੋਈ। ਜਾਂਚਕਾਰਾਂ ਨੇ ਦੱਸਿਆ ਕਿ ਹੁਣ ਉਹ ਸਰਾਜ ਦੀਆਂ 27 ਦਸੰਬਰ ਤੇ 31 ਦਸੰਬਰ ਦਰਮਿਆਨ ਵਾਲੀਆਂ ਗਤੀਵਿਧੀਆਂ ਟਰੈਕ ਕਰੇਗੀ।

# ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਵਿਅਕਤੀ ਦੀ ਹੋਈ ਮੌਤ

ਟੋਰਾਂਟੋ, 6 ਜਨਵਰੀ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਵਿਅਕਤੀ ਦੀ ਹਸਪਤਾਲ ਵਿੱਚ ਮੌਤ ਹੋ ਗਈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਗੋਲੀ ਚੱਲਣ ਦੀ ਖਬਰ ਦੇ ਕੇ ਪੁਲਿਸ ਨੂੰ ਸ਼ਾਮੀਂ 5:51 ਉੱਤੇ ਵੈਸਟਨ ਰੋਡ ਤੇ ਹਾਈਵੇਅ 401 ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਗੰਭੀਰ



ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਸੋਮਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਸ ਵਿਅਕਤੀ ਦੀ ਹਸਪਤਾਲ ਵਿੱਚ ਮੌਤ ਹੋ ਗਈ। ਉਸ ਦੀ ਪਛਾਣ ਟੋਰਾਂਟੋ ਦੇ 37 ਸਾਲਾ ਆਰੀਓ ਫਾਕੋਮੀ ਵਜੋਂ ਕੀਤੀ ਗਈ ਹੈ। ਅਜੇ ਤੱਕ ਕਿਸੇ ਮਸ਼ਕੂਕ ਦੀ ਜਾਣਕਾਰੀ ਪੁਲਿਸ ਵੱਲੋਂ ਜਾਰੀ ਨਹੀਂ ਕੀਤੀ ਗਈ ਹੈ।

# ਖਤਰਨਾਕ ਹਾਲਾਤ ਨਾਲ ਸਿੱਝਣ ਲਈ ਟੋਰਾਂਟੋ ਕਰ ਰਿਹਾ ਹੈ ਪੂਰੀ ਤਿਆਰੀ

ਟੋਰਾਂਟੋ, 6 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਦੇ ਅਧਿਕਾਰੀਆਂ ਅਨੁਸਾਰ ਓਮਾਈਕ੍ਰੌਨ ਦੇ ਮਾਮਲੇ ਅਜੇ ਚਾਰ ਤੋਂ ਛੇ ਹਫਤਿਆਂ ਤੱਕ ਆਪਣੇ ਸਿਖਰ ਉੱਤੇ ਪੁੱਜਣ ਦਾ ਖਦਸ਼ਾ ਹੈ। ਪਰ ਅਧਿਕਾਰੀਆਂ ਨੂੰ ਡਰ ਹੈ ਕਿ ਇਸ ਦਰਮਿਆਨ ਸਟਾਫ ਦੀ ਘਾਟ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ।

ਟੋਰਾਂਟੋ ਦੇ ਮੇਅਰ ਜੌਹਨ ਟੋਰੀ ਤੇ ਚੀਫ ਮੈਡੀਕਲ ਆਫੀਸਰ ਡਾ. ਐਲੀਨ ਡੀ ਵਿੱਲਾ ਵੱਲੋਂ ਮੰਗਲਵਾਰ ਨੂੰ ਸਾਲ 2022 ਦੀ ਪਹਿਲੀ ਕੋਵਿਡ-19 ਅਪਡੇਟ ਦਿੱਤੀ ਗਈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਸਾਨੂੰ ਇਸ ਵੇਰੀਐਂਟ ਤੋਂ ਇਸ ਲਈ ਵੀ ਸੰਭਲਣ ਦੀ ਲੋੜ ਹੈ ਕਿਉਂਕਿ ਇਹ ਤੇਜ਼ੀ ਨਾਲ ਫੈਲਦਾ ਹੈ। ਡੀ ਵਿੱਲਾ ਨੇ ਆਖਿਆ ਕਿ ਘੱਟੋ ਘੱਟ ਚਾਰ ਹਫਤਿਆਂ ਤੱਕ ਇਸ ਦੇ ਸਿਖਰ ਉੱਤੇ ਪਹੁੰਚਣ ਦੀ ਸੰਭਾਵਨਾ ਹੈ ਤੇ ਇਸ ਦਾ ਅਸਰ ਸਿਟੀ ਦੀਆਂ ਕੁੱਝ ਸੇਵਾਵਾਂ



ਉੱਤੇ ਜ਼ਰੂਰ ਪਵੇਗਾ।

ਉਨ੍ਹਾਂ ਆਖਿਆ ਕਿ ਅਸੀਂ ਸਮਝ ਸਕਦੇ ਹਾਂ ਕਿ ਬਿਮਾਰ ਹੋਣ ਕਾਰਨ ਕਈ ਲੋਕ ਕੰਮ ਉੱਤੇ ਨਹੀਂ ਆ ਸਕਣਗੇ ਜਿਸ ਕਾਰਨ ਉਨ੍ਹਾਂ ਜ਼ਰੂਰੀ ਸੇਵਾਵਾਂ ਉੱਤੇ ਅਸਰ ਪਵੇਗਾ ਜਿਨ੍ਹਾਂ ਉੱਤੇ ਟੋਰਾਂਟੋ ਵਾਸੀ ਰੋਜ਼ਾਨਾ ਨਿਰਭਰ ਕਰਦੇ ਹਨ, ਜਿਵੇਂ ਕਿ ਪੈਰਾਮੈਡਿਕਸ, ਫਾਇਰ ਤੇ ਵਾਟਰ ਟਰੀਟਮੈਂਟ। ਉਨ੍ਹਾਂ ਆਖਿਆ ਕਿ ਸਿਟੀ ਸੱਭ ਤੋਂ ਖਤਰਨਾਕ ਹਾਲਾਤ ਲਈ ਤਿਆਰੀ ਕਰ ਰਹੀ ਹੈ ਜਿੱਥੇ ਕੋਵਿਡ-19 ਐਕਸਪੋਜ਼ਰ ਕਾਰਨ 60 ਫੀ ਸਦੀ ਫਰੰਟਲਾਈਨ ਸਟਾਫ ਨੂੰ ਆਈਸੋਲੇਟ ਕਰਨਾ ਪੈ ਸਕਦਾ ਹੈ।

ਅਜਿਹੀ ਸਥਿਤੀ ਨਾਲ ਨਜਿੱਠਣ ਲਈ ਸਿਟੀ ਨੇ ਹੋਰਨਾਂ ਡਿਪਾਰਟਮੈਂਟਸ ਤੋਂ 1000 ਵਰਕਰਜ਼ ਦਾ ਇੱਕ ਪੂਲ ਤਿਆਰ ਕੀਤਾ ਹੈ ਜਿਨ੍ਹਾਂ ਨੂੰ ਲੋੜ ਪੈਣ ਉੱਤੇ ਫਰੰਟ ਲਾਈਨ ਵਰਕਰਜ਼ ਦੀ ਥਾਂ ਉੱਤੇ ਤਾਇਨਾਤ ਕੀਤਾ ਜਾ ਸਕਦਾ ਹੈ। ਇਸ ਵਿਸ਼ੇਸ਼ ਪੂਲ ਦੇ ਸਟਾਫ ਨੂੰ ਸਿਟੀ ਵੱਲੋਂ ਚਲਾਏ ਜਾਣ ਵਾਲੇ ਵੈਕਸੀਨੇਸ਼ਨ ਕਲੀਨਿਕਸ, ਸ਼ੈਲਟਰਜ਼ ਤੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਮਦਦ ਲਈ ਲਾਇਆ ਜਾ ਸਕੇਗਾ।

# ਇਟੋਬੀਕੋ ਵਿੱਚ ਚੱਲੀ ਗੋਲੀ, ਦੋ ਹਲਾਕ, ਇੱਕ ਜ਼ਖ਼ਮੀ

ਓਨਟਾਰੀਓ, 6 ਜਨਵਰੀ (ਪੋਸਟ ਬਿਊਰੋ) : ਇਟੋਬੀਕੋ ਵਿੱਚ ਚੱਲੀ ਗੋਲੀ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਸੋਮਵਾਰ ਸ਼ਾਮ ਨੂੰ ਜਾਂਚਕਾਰਾਂ ਨੂੰ ਬ੍ਰਾਊਨਜ਼ ਲੇਨ ਦੇ ਨੇੜੇ ਹੌਰਨਰ ਐਵਨਿਊ ਤੇ ਥਰਟੀਅਥ ਸਟਰੀਟ ਏਰੀਆ ਉੱਤੇ ਗੋਲੀਆਂ ਚੱਲਣ ਦੀ ਜਾਣਕਾਰੀ ਦਿੱਤੀ ਗਈ। ਜਾਂਚਕਾਰਾਂ ਨੂੰ ਦੋ ਪੁਰਸ਼ ਤੇ ਇੱਕ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੇ। ਬਾਅਦ ਵਿੱਚ ਦੋਵਾਂ ਪੁਰਸ਼ਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮਹਿਲਾ ਦੀ ਜਾਨ ਨੂੰ ਕੋਈ ਖਤਰਾ ਨਹੀਂ ਦੱਸਿਆ ਗਿਆ। ਮਸ਼ਕੂਕਾਂ ਬਾਰੇ ਪੁਲਿਸ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪੁਲਿਸ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਹੋਮੀਸਾਈਡ ਯੂਨਿਟ ਵੱਲੋਂ ਆਪਣੇ ਹੱਥ ਲੈ ਲਈ ਗਈ ਹੈ ਤੇ ਸਥਾਨਕ ਵਾਸੀਆਂ ਨੂੰ ਅਹਿਤਿਆਤ ਵਰਤਣ ਲਈ ਆਖਿਆ ਗਿਆ ਹੈ।

# ਓਨਟਾਰੀਓ ਵਿੱਚ ਲਗਾਤਾਰ ਵੱਧ ਰਹੇ ਹਨ ਕੋਵਿਡ-19 ਦੇ ਮਾਮਲੇ

ਓਨਟਾਰੀਓ, 6 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲੇ ਰੁਕਣ ਦਾ ਨਾਂ ਹੀ ਨਹੀਂ ਲੈ ਰਹੇ ਤੇ ਹਸਪਤਾਲਾਂ ਵਿੱਚ ਕੋਵਿਡ ਮਰੀਜ਼ਾਂ ਦੀ ਗਿਣਤੀ ਵੀ ਲਗਾਤਾਰ ਵੱਧ ਰਹੀ ਹੈ। ਓਨਟਾਰੀਓ ਸਿਹਤ ਅਧਿਕਾਰੀਆਂ ਵੱਲੋਂ ਮੰਗਲਵਾਰ ਨੂੰ ਕੋਵਿਡ-19 ਦੇ 11,352 ਮਾਮਲੇ ਦਰਜ ਕੀਤੇ ਗਏ।

ਇਸ ਤੋਂ ਪਹਿਲਾਂ ਸ਼ਨਿੱਚਰਵਾਰ ਨੂੰ ਰਿਕਾਰਡ ਹਾਈ 18,445 ਮਾਮਲੇ, ਐਤਵਾਰ ਨੂੰ 16,714 ਮਾਮਲੇ ਤੇ ਸੋਮਵਾਰ ਨੂੰ




13,578 ਮਾਮਲੇ ਦਰਜ ਕੀਤੇ ਗਏ। ਪਿਛਲੇ ਹਫਤੇ ਕੋਵਿਡ-19 ਦੇ ਸਾਹਮਣੇ ਆਏ 8,318 ਮਾਮਲਿਆਂ ਤੋਂ ਬਾਅਦ ਇਸ ਹਫਤੇ ਇਹ ਗਿਣਤੀ 14,435 ਰਿਕਾਰਡ ਕੀਤੀ ਗਈ।

ਪਬਲਿਕ ਹੈਲਥ ਓਨਟਾਰੀਓ ਵੱਲੋਂ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਕੋਵਿਡ-19 ਕੇਸਾਂ ਦੀ ਇਹ ਗਿਣਤੀ ਅਸਲ ਗਿਣਤੀ ਤੋਂ ਘੱਟ ਹੈ ਕਿਉਂਕਿ ਪ੍ਰੋਵਿੰਸ ਵਿੱਚ ਟੈਸਟਿੰਗ ਸਰੋਤ ਘੱਟ ਹਨ। ਸਿਹਤ ਮੰਤਰਾਲੇ ਅਨੁਸਾਰ ਪਿਛਲੇ 24 ਘੰਟਿਆਂ ਵਿੱਚ 54,346 ਟੈਸਟ ਕੀਤੇ ਗਏ। ਪ੍ਰੋਵਿੰਸ ਦੀ ਪਾਜ਼ੀਟਿਵਿਟੀ ਦਰ 30•9 ਫੀ ਸਦੀ ਹੈ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਇਸ ਸਮੇਂ 1290 ਲੋਕ ਕੋਵਿਡ-19 ਕਾਰਨ ਹਸਪਤਾਲ ਵਿੱਚ ਦਾਖਲ ਹਨ ਤੇ 266 ਲੋਕ ਇੰਟੈਂਸਿਵ ਕੇਅਰ ਵਿੱਚ ਹਨ। ਇਹ ਦੋਵੇਂ ਮਾਮਲੇ ਇੱਕ ਦਿਨ ਪਹਿਲਾਂ ਨਾਲੋਂ ਜ਼ਿਆਦਾ ਹਨ।

# ਕੰਕਰੀਟ ਦਾ ਘੋਲ ਗੱਡੀ ਉੱਤੇ ਪੈਣ ਨਾਲ ਇੱਕ ਵਿਅਕਤੀ ਜ਼ਖ਼ਮੀ

ਟੋਰਾਂਟੋ, 6 ਜਨਵਰੀ (ਪੋਸਟ ਬਿਊਰੋ) : ਯੌਰਕਵਿੱਲ ਵਿੱਚ ਇੱਕ ਕੰਸਟ੍ਰਕਸ਼ਨ ਸਾਈਟ ਉੱਤੇ ਕੰਕਰੀਟ ਦੇ ਗੱਡੀ ਉੱਤੇ ਡਿੱਗਣ ਨਾਲ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਟਰੌਮਾ ਸੈਂਟਰ ਲਿਜਾਇਆ ਗਿਆ। ਇਹ ਘਟਨਾ ਮੰਗਲਵਾਰ ਸ਼ਾਮ ਨੂੰ ਯੰਗ ਤੇ ਕੰਬਰਲੈਂਡ ਸਟਰੀਟਸ ਉੱਤੇ ਵਾਪਰੀ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਗੰਭੀਰ ਹਾਲਤ ਵਿੱਚ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਸਨ। ਘਟਨਾ ਵਾਲੀ ਥਾਂ ਤੋਂ ਲਈਆਂ ਗਈਆਂ ਤਸਵੀਰਾਂ ਵਿੱਚ ਨਜ਼ਰ ਆਉਂਦਾ ਹੈ ਕਿ ਗੱਡੀ ਉੱਤੇ ਕੰਕਰੀਟ ਵਾਲਾ ਘੋਲ ਪੈ ਗਿਆ ਤੇ ਕਾਰ ਦੇ ਸਾਹਮਣੇ ਵਾਲੇ ਹੁੱਡ ਉੱਤੇ ਚਿੱਬ ਵੀ ਪੈ ਗਿਆ। ਪਿਛਲੀ ਵਿੰਡਸ਼ੀਲਡ ਵੀ ਬੁਰੀ ਤਰ੍ਹਾਂ ਟੁੱਟੀ ਨਜ਼ਰ ਆ ਰਹੀ ਹੈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਲੇਬਰ ਮੰਤਰਾਲੇ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਵਿੰਡਸ਼ੀਲਡ ਉੱਤੇ ਬਰਫ ਹੋਣ ਕਾਰਨ ਹੋ ਸਕਦਾ ਹੈ 110 ਡਾਲਰ ਜ਼ੁਰਮਾਨਾ !

ਓਨਟਾਰੀਓ, 6 ਜਨਵਰੀ (ਪੋਸਟ ਬਿਊਰੋ) : ਏਅਰਪੋਰਟ ਰੋਡ ਨੇੜੇ ਜਦੋਂ ਕੇਲਡਨ ਦੇ ਓਪੀਪੀ ਆਫੀਸਰ ਨੇ ਡਰਾਈਵਰ ਨੂੰ ਹਾਈਵੇਅ 9 ਉੱਤੇ ਰੋਕਿਆ ਤਾਂ ਉਸ ਦੀ ਗੱਡੀ ਦੀ ਵਿੰਡਸ਼ੀਲਡ ਬਰਫ ਨਾਲ ਪੂਰੀ ਤਰ੍ਹਾਂ ਢਕੀ ਹੋਈ ਸੀ। ਕਾਂਸਟੇਬਲ ਇਆਨ ਮਾਈਕਲ ਨੇ ਆਖਿਆ ਕਿ ਡਰਾਈਵਰ ਨੇ ਉਨ੍ਹਾਂ ਨੂੰ ਆਖਿਆ ਕਿ ਵਾਈਪਰ ਕੰਮ ਨਹੀਂ ਸਨ ਕਰ ਰਹੇ ਤੇ ਉਨ੍ਹਾਂ ਦੇ ਸਕ੍ਰੇਪਰ ਵੀ ਗੁਆਚ ਗਿਆ ਸੀ। ਪਰ ਉਹ ਡਰਾਈਵਰ ਕਿਸੇ ਕਾਰਡ ਨਾਲ ਵੀ ਉਹ ਬਰਫ ਸਾਫ ਕਰ ਸਕਦਾ ਸੀ। ਡਰਾਈਵਰ ਨੂੰ 110 ਡਾਲਰ ਜੁਰਮਾਨਾ ਕੀਤਾ ਗਿਆ। ਮਾਈਕਲ ਨੇ ਆਖਿਆ ਕਿ ਸਮੇਂ ਸਮੇਂ ਉੱਤੇ ਪੁਲਿਸ ਅਧਿਕਾਰੀਆਂ ਨੂੰ ਇਸ ਤਰ੍ਹਾਂ ਦੇ ਮਾਮਲੇ ਵੇਖਣ ਨੂੰ ਮਿਲ ਜਾਂਦੇ ਹਨ। ਉਨ੍ਹਾਂ ਆਖਿਆ ਕਿ ਸਰਦੀਆਂ ਅਚਾਨਕ ਤਾਂ ਨਹੀਂ ਆਉਂਦੀਆਂ, ਇਹ ਤਾਂ ਹਰ ਸਾਲ ਆਉਂਦੀਆਂ ਹਨ। ਸਮੇਂ ਤੋਂ ਪਹਿਲਾਂ ਪਲੈਨਿੰਗ ਕਰਨਾ ਤੇ ਇਹ ਯਕੀਨੀ ਬਣਾਉਣ ਕਿ ਸੜਕ ਉੱਤੇ ਉਤਰਨ ਤੋਂ ਪਹਿਲਾਂ ਉਨ੍ਹਾਂ ਕੋਲ ਸਹੀ ਸਾਜ਼ੋਸਮਾਨ ਹੋਵੇਗਾ ਤਾਂ ਕਿ ਕਿਸੇ ਵੀ ਡਰਾਈਵਰ ਨੂੰ ਕੋਈ ਦਿੱਕਤ ਨਾ ਆਵੇ।

ਇੱਥੇ ਦੱਸਣਾ ਬਣਦਾ ਹੈ ਕਿ ਨਿਯਮਾਂ ਮੁਤਾਬਕ ਸਾਹਮਣੇ ਤੇ ਸਾਈਡਜ਼ ਤੋਂ ਸਾਫ ਵਿਊ ਨਾ ਰੱਖਣ ਲਈ ਜੁਰਮਾਨਾ 110 ਡਾਲਰ ਹੈ। ਪਰ ਇਸ ਲਈ ਕੋਈ ਡੀਮੈਰਿਟ ਅੰਕ ਨਹੀਂ ਕੱਟਦੇ।

# ਹੁਣ ਚਾਹੀਦਾ ਹੋਵੇਗਾ ਕਿਊ ਆਰ ਕੋਡ ਵਾਲਾ ਵੈਕਸੀਨੇਸ਼ਨ ਸਰਟੀਫਿਕੇਟ

ਓਨਟਾਰੀਓ, 6 ਜਨਵਰੀ (ਪੋਸਟ ਬਿਊਰੋ) : ਅੱਜ ਤੋਂ ਸ਼ੁਰੂ ਕਰਕੇ ਜਿੱਥੇ ਕਿਤੇ ਵੀ ਵੈਕਸੀਨੇਸ਼ਨ ਦਾ ਸਬੂਤ ਚਾਹੀਦਾ ਹੋਵੇਗਾ ਓਨਟਾਰੀਓ ਵਾਸੀਆਂ ਨੂੰ ਉੱਥੇ ਦਾਖਲ ਹੋਣ ਲਈ ਕਿਊ ਆਰ ਕੋਡ ਵਾਲਾ ਵੈਕਸੀਨ ਸਰਟੀਫਿਕੇਟ ਚਾਹੀਦਾ ਹੋਵੇਗਾ।

ਅਜਿਹੀਆਂ ਥਾਂਵਾਂ ਵਿੱਚ ਇੰਡੋਰ ਡਾਈਨਿੰਗ, ਥਿਏਟਰ, ਜਿੰਮ ਤੇ ਹੋਰ ਕਾਰੋਬਾਰ ਸ਼ਾਮਲ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਥਾਂਵਾਂ ਬੁੱਧਵਾਰ ਨੂੰ ਨਵੀਆਂ ਪਾਬੰਦੀਆਂ ਕਾਰਨ ਬੰਦ ਰਹਿਣਗੀਆਂ ਪਰ ਅੱਜ ਤੋਂ ਤੇ ਜਦੋਂ ਵੀ ਇਹ ਕਾਰੋਬਾਰੀ ਅਦਾਰੇ ਮੁੜ ਖੁੱਲ੍ਹਣਗੇ ਉਦੋਂ ਬਿਨਾਂ ਕਿਊ ਆਰ ਕੋਡ ਵਾਲੇ ਵੈਕਸੀਨ ਸਰਟੀਫਿਕੇਟ ਨਹੀਂ ਚੱਲਣਗੇ। ਕਿਸੇ ਵੀ ਵਿਅਕਤੀ ਦੇ ਵੈਕਸੀਨੇਸ਼ਨ ਸਰਟੀਫਿਕੇਟ ਦੀ ਪੁਸ਼ਟੀ ਕਰਨ ਲਈ ਕਾਰੋਬਾਰੀ ਅਦਾਰੇ ਵੈਰੀਫਾਈ ਓਨਟਾਰੀਓ ਐਪ ਦੀ ਵਰਤੋਂ ਕਰ ਸਕਦੇ ਹਨ।

ਇਹ ਸਰਟੀਫਿਕੇਟਸ ਡਿਜੀਟਲ ਵੀ ਹੋ ਸਕਦੇ ਹਨ ਤੇ ਪੇਪਰ ਕਾਪੀ ਵੀ ਹੋ ਸਕਦੇ ਹਨ। ਜਿਨ੍ਹਾਂ ਨੂੰ ਵੈਕਸੀਨੇਸ਼ਨ ਤੋਂ ਛੋਟ ਮਿਲੀ ਹੋਈ ਹੈ ਉਨ੍ਹਾਂ ਨੂੰ ਵੀ ਪੁਸ਼ਟੀ ਕੀਤਾ ਹੋਇਆ ਕਿਊ ਆਰ ਕੋਡ ਵਾਲਾ ਸਰਟੀਫਿਕੇਟ ਹੀ ਵਿਖਾਉਣਾ ਹੋਵੇਗਾ। ਹੁਣ ਡਾਕਟਰ ਦੇ ਨੋਟ ਨਾਲ ਕੋਈ ਰਿਆਇਤ ਨਹੀਂ ਮਿਲਣ ਵਾਲੀ।


Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ


ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation

214-7895 Tranmere Drive, Mississauga ON L5S 1V9

## ਅੱਜ ਨਾਮਾ

ਕਾਂਗਰਸ ਪਾਰਟੀ ਏਧਰ ਕੁਝ ਹੋਰ ਬੋਲੇ,
ਬੋਲਦੀ ਦਿੱਲੀ ਦੇ ਵਿੱਚ ਕੁਝ ਹੋਰ ਬੇਲੀ।
ਏਥੇ ਕਿਹਾ ਕਿ ਮੋਦੀ ਨਹੀਂ ਵੜਨ ਦਿੱਤਾ,
ਛੱਡਿਆ ਰਸਤਿਉਂ ਦਿੱਲੀ ਨੂੰ ਤੋਰ ਬੇਲੀ।
ਓਧਰ ਦੇਸ਼ ਦੀ ਨਬਜ਼ ਆ ਹੋਰ ਧੜਕੀ,
ਪੈਂਦਾ ਸੁਣਿਆ ਕੁਸੈਲਾ ਜਦ ਸ਼ੋਰ ਬੇਲੀ।
ਮਾਰੀ ਚੰਨੀ ਨੂੰ ਉਨ੍ਹਾਂ ਫਿਰ ਡਾਂਟ ਤਕੜੀ,
ਜਿਹੜੇ ਹੱਥਾਂ ਵਿੱਚ ਚੰਨੀ ਦੀ ਡੋਰ ਬੇਲੀ।
ਮੁਸ਼ਕਲ ਏਡੀ ਨਾ ਕਿਸੇ ਵੀ ਦੂਸਰੇ ਨੂੰ,
ਜਿੱਡੀ ਚੰਨੀ ਲਈ ਜਾਪਦੀ ਬਣੀ ਬੇਲੀ।
ਤੁਣਕੇ ਦਿੱਲੀਉਂ ਪਈ ਉਹ ਮਾਰਦੀ ਹੈ,
ਜੀਹਦੇ ਹੱਥ ਆ ਵਾਗ ਦੀ ਤਣੀ ਬੇਲੀ।

**ਤੀਸ ਮਾਰ ਖਾਂ**

# ਕਿਸਾਨ ਆਗੂ ਸੁਰਜੀਤ ਫੂਲ ਵੱਲੋਂ ਖੁਲਾਸਾ: ਐੱਸ ਐੱਸ ਪੀ ਨੇ ਦੱਸਿਆ ਸੀ ਮੋਦੀ ਦੇ ਰੂਟ ਬਾਰੇ

ਚੰਡੀਗੜ੍ਹ, 6 ਜਨਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਰੋਜ਼ਪੁਰੀ ਫੇਰੇ ਵੇਲੇ ਸੁਰੱਖਿਆ ਵਿੱਚ ਹੋਈ ਕੁਤਾਹੀ ਬਾਰੇਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਪ੍ਰਧਾਨ ਸੁਰਜੀਤ ਸਿੰਘ ਫੂਲ ਨੇ ਵੱਡਾ ਖੁਲਾਸਾ ਕੀਤਾ ਤੇ ਕਿਹਾ ਹੈ ਕਿ ਸਾਨੂੰ ਫਿਰੋਜ਼ਪੁਰ ਦੇ ਐੱਸ ਐੱਸ ਪੀ ਨੇ ਕਿਹਾ ਸੀ ਕਿ ਤੁਸੀਂ ਰਸਤਾ ਸਾਫ਼ ਕਰ ਦਿਓ, ਇਥੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਾਫਿਲਾ ਲੰਘਣ ਵਾਲਾ ਹੈ।



ਕਿਸਾਨ ਆਗੂ ਸੁਰਜੀਤ ਸਿੰਘ ਫੂਲ ਨੇ ਕਿਹਾ ਕਿ ਅਸੀਂ ਸੋਚਿਆ ਕਿ ਐੱਸ ਐੱਸ ਪੀ ਸਾਡੇ ਨਾਲ ਚਾਲ ਖੇਡਦਾ ਤੇ ਰਸਤਾ ਸਾਫ ਕਰਵਾ ਕੇ ਭਾਜਪਾ ਵਾਲਿਆਂ ਦੀਆਂ ਬੱਸਾਂ ਕੱਢਣਾ ਚਾਹੁੰਦਾ ਹੈ, ਅਸੀਂ ਕਿਹਾ ਕਿ ਜੇ ਪ੍ਰਧਾਨ ਮੰਤਰੀ ਆਉਣਾ ਹੋਵੇ ਤਾਂ ਕੀ ਇੱਕ ਘੰਟਾ ਪਹਿਲਾਂ ਪਤਾ ਲੱਗੇਗਾ, ਇਸ ਲਈ ਅਸੀਂ ਰਾਹ ਨਹੀਂ ਦਿੱਤਾ।ਸੁਰਜੀਤ ਸਿੰਘ ਫੂਲ ਨੇ ਕਿਹਾ ਕਿ ਇੰਨੇ ਟਰੈਫਿਕ ਵਾਲੇ ਰਸਤੇ ਤੋਂ ਪ੍ਰਧਾਨ ਮੰਤਰੀ ਲੰਘਣਾ ਸੰਭਵਨਹੀਂ ਸੀ, ਇਸ ਲਈ ਅਸੀਂ ਧਰਨਾ ਜਾਰੀ ਰੱਖਿਆ।ਉਨ੍ਹਾਂ ਕਿਹਾ ਕਿ ਅਸੀਂ ਐੱਸ ਐੱਸ ਪੀ ਨੂੰ ਕਿਹਾ ਕਿ ਤੁਸੀਂ ਝੂਠ ਬੋਲਦੇ ਹੋ,ਅਸੀਂ ਏਥੋਂ ਨਹੀਂ ਉੱਠਣਾ।

ਵਰਨਣ ਯੋਗ ਹੈ ਕਿ ਬੀਤੇ ਦਿਨ ਦਿੱਲੀ ਤੋਂ ਹਵਾਈ ਜਹਾਜ਼ ਰਾਹੀਂ ਬਠਿੰਡਾ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਮੌਸਮ ਖ਼ਰਾਬ ਹੋਣ ਕਾਰਨ ਹੈਲੀਕਾਪਟਰਦੀ ਬਜਾਏ ਸੜਕੀ ਰੂਟ ਉੱਤੋਂ ਵਾਇਆ ਫਰੀਦਕੋਟ ਤਲਵੰਡੀ ਫਿਰੋਜ਼ਪੁਰ ਨੂੰ ਚੱਲੇ ਤਾਂ ਪਿਆਰੇਆਣਾ ਪਿੰਡ ਦੇ ਪੁਲ ਉੱਤੇ ਉਨ੍ਹਾਂ ਦਾ ਕਾਫ਼ਲਾ ਰੋਕ ਦਿੱਤਾ ਗਿਆ। ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਾਫਲਾ ਰੁਕਿਆ, ਉਸ ਤੋਂ ਕੁਝ ਦੂਰ ਕਿਸਾਨ ਸੜਕਾਂ ਰੋਕ ਕੇ ਭਾਜਪਾ ਵਾਲਿਆਂ ਦਾ ਵਿਰੋਧ ਕਰ ਰਹੇ ਸਨ।

ਕਿਸਾਨ ਆਗੂ ਸੁਰਜੀਤ ਸਿੰਘ ਫੂਲ ਨੇ ਕਿਹਾ ਕਿ ਕਿਸਾਨਾਂ ਨੇਰੈਲੀ ਨੂੰ ਜਾਂਦੀਆਂ ਭਾਜਪਾ ਵਰਕਰਾਂ ਦੀਆਂ ਬੱਸਾਂ ਰੋਕਣ ਲਈ ਪੁਲ ਜਾਮ ਕੀਤਾ ਸੀ, ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਪ੍ਰਧਾਨ ਮੰਤਰੀ ਏਧਰੋਂ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਸਵੇਰੇ ਉਹ ਫਿਰੋਜ਼ਪੁਰ ਨੇੜੇ ਫਿਰੋਜ਼ਸ਼ਾਹ ਵਿੱਚ ਇਕੱਠੇ ਹੋਏ ਤੇ 11 ਵਜੇ ਤੋਂ ਬਾਅਦ ਫਿਰੋਜ਼ਪੁਰ ਨੂੰ ਜਾਣ ਲੱਗੇ ਤਾਂ ਰਸਤੇ ਵਿੱਚ ਪੁਲਿਸ ਨੇ ਕਿਸਾਨਾਂ ਨੂੰ ਅੱਗੇ ਜਾਣ ਤੋਂ ਰੋਕਿਆ। ਕਰੀਬ 12 ਵਜੇ ਉਨ੍ਹਾਂ ਨੂੰ ਐੱਸਐੱਸਪੀ ਫਿਰੋਜ਼ਪੁਰ ਨੇ ਕਿਹਾ ਕਿ 'ਰਸਤਾ ਸਾਫ ਕਰ ਦਿਓ, ਪ੍ਰਧਾਨ ਮੰਤਰੀ ਦਾ ਕਾਫਲਾ ਆਉਣਾ ਹੈ।' ਸੁਰਜੀਤ ਸਿੰਘ ਫੂਲ ਨੇ ਕਿਹਾ ਕਿ ਸੜਕ ਤੋਂ ਵਾਹਨ ਲੰਘ ਰਹੇ ਸਨ, ਪ੍ਰਧਾਨ ਮੰਤਰੀ ਦਾ ਰੂਟ ਹੁੰਦਾ ਤਾਂ ਸੜਕ ਦੋਵੇਂ ਪਾਸੇ ਖਾਲੀ ਕੀਤੀ ਹੁੰਦੀ। ਇਸ ਤੋਂ ਕਿਸਾਨਾਂ ਨੇ ਸੋਚਿਆ ਕਿ ਭਾਜਪਾ ਦੀਆਂ ਗੱਡੀਆਂ ਕੱਢਵਾਉਣ ਲਈ ਉਨ੍ਹਾਂ ਕੋਲ ਐਵੇਂ ਝੂਠ ਬੋਲਿਆ ਗਿਆ ਹੈ, ਇਸ ਲਈ ਉਹ ਪਿਆਰੇਆਣਾ ਫਲਾਈਓਵਰ ਉੱਤੇਧਰਨਾ ਲਾ ਕੇ ਬੈਠ ਗਏ, ਵਰਨਾਕਿਸਾਨ ਪਹਿਲਾਂ ਡਿਪਟੀ ਕਮਿਸ਼ਨਰ ਦਫਤਰ ਤਕ ਜਾਣੇ ਸਨ। ਫੂਲ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਸੜਕ ਉੱਤੇ ਵਾਹਨਾਂ ਦੇ ਪਿੱਛੇ ਪ੍ਰਧਾਨ ਮੰਤਰੀ ਦਾ ਕਾਫਲਾ ਹੈ।

# ਪੰਜਾਬ ਵਿੱਚ ਕੋਰੋਨਾ ਵਾਇਰਸ ਹੋਰ ਵਧਦਾ ਜਾਪਣ ਲੱਗਾ

*** ਪਟਿਆਲਾ ਵਿੱਚ ਇੱਕੋ ਦਿਨ 687, ਲੁਧਿਆਣਾ ਵਿੱਚ 330 ਕੇਸ ਮਿਲੇ * ਰੋਮ ਤੋਂ ਅੰਮ੍ਰਿਤਸਰ ਆਏ 125 ਮੁਸਾਫਰਾਂ ਵਿੱਚੋਂ 13 ਪਾਜ਼ੇਟਿਵ ਮਰੀਜ਼ ਖਿਸਕੇ *ਭਾਰਤ ਵਿੱਚ ਇੱਕੋ ਦਿਨਓਮੀਕ੍ਰੋਨ ਦੇ 495 ਨਵੇਂ ਕੇਸ ਮਿਲੇ**

ਚੰਡੀਗੜ੍ਹ, 6 ਜਨਵਰੀ, (ਪੋਸਟ ਬਿਊਰੋ)-ਪੰਜਾਬ ਵਿੱਚ ਕੋਰੋਨਾ ਵਾਇਰਸ ਫਿਰਤੇਜ਼ੀ ਨਾਲ ਫੈਲ ਰਿਹਾ ਹੈ। ਰੋਜ਼ਵੱਡੀ ਗਿਣਤੀਨਵੇਂ ਕੇਸ ਮਿਲ ਰਹੇ ਹਨ। ਲੁਧਿਆਣਾ ਵਿੱਚ ਸੱਤ ਮਹੀਨਿਆਂ ਪਿੱਛੋਂ ਇੱਕੋ ਦਿਨਕੋਰੋਨਾ ਦੇ 330 ਪਾਜ਼ੇਟਿਵ ਕੇਸਮਿਲੇ ਹਨ।ਓਦੋਂ ਪਹਿਲਾਂ 30 ਮਈ 2021 ਨੂੰ ਇੱਕੋ ਦਿਨ335 ਸੈਂਪਲਾਂ ਬਾਰੇ ਰਿਪੋਰਟ ਕੋਰੋਨਾ ਪਾਜ਼ੇਟਿਵ ਆਈ ਸੀ, ਜਿਨ੍ਹਾਂ ਵਿੱਚੋਂ 298 ਕੇਸ ਇਕੱਲੇ ਜ਼ਿਲ੍ਹਾ ਲੁਧਿਆਣਾ ਦੇ ਸਨ।

ਅੱਜ ਵੀਰਵਾਰ ਮਿਲੇ 330 ਸੈਂਪਲਾਂ ਵਿੱਚੋਂ 292 ਇਕੱਲੇ ਜ਼ਿਲ੍ਹਾ ਲੁਧਿਆਣਾ ਦੇ ਤੇ 38 ਬਾਕੀ ਜ਼ਿਲ੍ਹਿਆਂ ਤੋਂ ਸਨ।ਅੱਜ ਹੀ ਕੋਰੋਨਾ ਨਾਲ ਦੋ ਮੌਤਾਂ, ਇਕ ਜ਼ਿਲ੍ਹਾ ਪਟਿਆਲਾ ਅਤੇ ਇਕ ਲੁਧਿਆਣਾ ਵਿੱਚ ਹੋਈ ਹੈ।ਇਸ ਦੌਰਾਨ ਬਠਿੰਡਾ ਦੀ ਫ਼ੌਜੀ ਛਾਉਣੀ ਵਿੱਚ ਸਭ ਤੋਂ ਵੱਧ ਕੋਰੋਨਾ ਮਰੀਜ਼ ਮਿਲੇ ਅਤੇ ਫਿਰ ਬਠਿੰਡਾ ਦੇ ਪਿੰਡ



ਘੁੱਦਾ ਵਿੱਚ ਸੈਂਟਰਲ ਯੂਨੀਵਰਸਿਟੀ ਦੇ 13 ਵਿਦਿਆਰਥੀ ਇਕੱਠੇ ਕੋਰੋਨਾ ਪਾਜ਼ੇਟਿਵ ਮਿਲੇ ਹਨ। ਓਧਰ ਅੰਮ੍ਰਿਤਸਰ ਵਿੱਚ ਰੋਮ ਤੋਂ ਆਈ ਫਲਾਈਟ ਦੇ 191 ਮੁਸਾਫਰਾਂ ਵਿੱਚੋਂ 125 ਕੋਰੋਨਾ ਪਾਜ਼ੇਟਿਵ ਨਿਕਲੇ ਤੇ ਇਨ੍ਹਾਂ 125 ਵਿੱਚੋਂ 13 ਜਣੇ ਹਵਾਈ ਅੱਡੇ ਤੇ ਗੁਰੂ ਨਾਨਕ ਹਸਪਤਾਲ ਤੋਂ ਖਿਸਕ ਗਏ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਖਹਿਰਾ, ਜੋ ਖੁਦ ਕੋਰੋਨਾ ਪਾਜ਼ੇਟਿਵ ਸਨ, ਨੇ ਇਨ੍ਹਾਂ ਸਾਰੇ ਮਰੀਜ਼ਾਂ ਵਿਰੁੱਧ ਪੁਲਿਸ ਨੂੰ ਐਪੀਡੈਮਿਕ ਅਤੇ ਡਿਜ਼ਾਸਟਰ ਮੈਨੇਜਮੈਂਟ ਐਕਟ ਦਾਕੇਸ ਦਰਜ ਕਰਨ ਨੂੰ ਕਿਹਾ ਹੈ। ਉਨ੍ਹਾਂ ਨੇ ਮਰੀਜ਼ਾਂ ਨੂੰ ਕਿਹਾ ਕਿ ਉਹ ਕੱਲ੍ਹ ਤੱਕ ਵਾਪਸ ਗੁਰੂ ਨਾਨਕ ਹਸਪਤਾਲ ਆਜਾਣ, ਨਹੀਂ ਤਾਂ ਉਨ੍ਹਾਂ ਦੀਆਂ ਫੋਟੋ ਮੀਡੀਆ ਨੂੰ ਜਾਰੀ ਕਰ ਦਿੱਤੀਆਂ ਜਾਣਗੀਆਂ ਅਤੇ ਇਨ੍ਹਾਂ ਸਾਰੇ ਮਰੀਜ਼ਾਂ ਦੇ ਪਾਸਪੋਰਟਰੱਦ ਕਰਨ ਦੀ ਸਿਫਾਰਸ਼ ਗ੍ਰਹਿ ਵਿਭਾਗ ਨੂੰ ਕੀਤੀ ਜਾਵੇਗੀ।

ਇਸ ਦੌਰਾਨ ਭਾਰਤ ਦੇ ਕੇਂਦਰੀ ਸਿਹਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਭਾਰਤ ਵਿੱਚ ਵੀਰਵਾਰ ਨੂੰ ਇੱਕੋ ਦਿਨਸਭ ਤੋਂ ਵੱਧ 495 ਓਮੀਕ੍ਰੋਨ ਦੇ ਕੇਸਮਿਲਣਨਾਲ ਕੋਰੋਨਾ ਦੇ ਨਵੇਂ ਵੈਰੀਐਂਟ ਵਾਲੇ ਕੇਸਾਂਦੀ ਗਿਣਤੀ 2630 ਹੋ ਗਈ ਹੈ।ਭਾਰਤ ਵਿੱਚ ਪਿਛਲੇ 24 ਘੰਟਿਆਂ ਵਿੱਚ ਕੋਰੋਨਾ ਇਨਫੈਕਸ਼ਨ ਦੇ 90,928 ਨਵੇਂ ਕੇਸਮਿਲੇ ਹਨ। ਇਹ ਬੀਤੇ ਅੱਧੇ ਤੋਂ ਵੱਧ ਸਾਲ ਵਿੱਚ ਸਭ ਤੋਂ ਵੱਧ ਗਿਣਤੀ ਹੈ। ਪਿਛਲੇ ਸਾਲ 10 ਜੂਨ ਨੂੰ 91,702 ਕੇਸ ਮਿਲੇ ਸਨ।

# ਮੋਦੀ ਦੀ ਸੁਰੱਖਿਆ ਬਾਰੇ ਚੰਨੀ ਨੇ ਕਿਹਾ: 'ਕਿਸਾਨ ਭਾਜਪਾ ਨਾਲ ਗੁੱਸੇ ਹਨ ਤਾਂ ਮੇਰਾ ਕੀ ਕਸੂਰ'

ਮਾਛੀਵਾੜਾ ਸਾਹਿਬ, 6 ਜਨਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਰੋਜ਼ਪੁਰ ਰੈਲੀ ਨਾ ਹੋਣ ਉੱਤੇਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇੱਕ ਵਾਰ ਫਿਰ ਤੋਂ ਕਿਹਾ ਹੈ ਕਿ ਸੁਰੱਖਿਆ ਵਿੱਚਕਿਸੇ ਵੀ ਤਰ੍ਹਾਂ ਦੀ ਕੋਈ ਕੁਤਾਹੀ ਨਹੀਂ ਵਰਤੀ ਗਈ, ਲੋਕ ਭਾਜਪਾ ਨਾਲ ਗੁੱਸੇ ਹਨ, ਇਸ ਲਈ ਮੋਦੀ ਮੁੜੇ ਸਨ।



ਅੱਜ ਮਾਛੀਵਾੜਾ ਵਿਖੇ ਇੱਕ ਜਲਸੇ ਵਿੱਚ ਬੋਲਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਰਾਤ 3 ਵਜੇ ਤੱਕ ਉਨ੍ਹਾਂ ਨੇ ਕਿਸਾਨਾਂ ਨੂੰ ਸਮਝਾਇਆ ਤੇ ਕਿਸਾਨ ਮੰਨ ਗਏ ਸਨ। ਉਨ੍ਹਾਂ ਕਿਹਾ ਕਿ ਮੋਦੀ ਦੀ ਸੁਰੱਖਿਆਦੇ ਬਹਾਨੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੋ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਭਾਜਪਾ ਇਸ ਮੁੱਦੇਦੀ ਸਿਆਸਤ ਕਰ ਰਹੀ ਹੈ, ਜੇ ਕਿਸਾਨ ਭਾਜਪਾ ਨਾਲ ਗੁੱਸੇ ਹਨ ਤਾਂ ਮੇਰਾ ਕੀ ਕਸੂਰ ਹੈ? ਰੈਲੀ ਵਿੱਚ ਲੋਕ ਨਹੀਂ ਗਏ ਤਾਂ ਇਸ ਵਿੱਚ ਮੇਰਾ ਕੀ ਕਸੂਰ? ਜੇ ਤੁਹਾਨੂੰ ਲੋਕ ਨਾ ਪਸੰਦ ਕਰਨ ਤਾਂ ਮੇਰਾ ਕੀ ਕਸੂਰ ਹੈ? ਤੁਸੀਂ ਉਨ੍ਹਾਂ ਉੱਤੇਕੇਸ ਦਰਜ ਕੀਤੇ ਸਨ, ਉਹ ਵਾਪਸ ਲੈ ਲਵੋ। ਪ੍ਰਧਾਨ ਮੰਤਰੀ ਨੂੰਸੁਰੱਖਿਆ ਦੇਣਾ ਸਾਡਾ ਫਰਜ਼ ਹੈ, ਪਰ ਰਾਜਨੀਤੀ ਸਾਨੂੰ ਮਨਜ਼ੂਰ ਨਹੀਂ।ਮੁੱਖ ਮੰਤਰੀ ਚੰਨੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀਬਾਰੇ ਕਿਹਾ ਕਿ "ਤੁਸੀਂ ਕਿਹਾ ਕਿ'ਮੈਂ ਜ਼ਿੰਦਾ ਵਾਪਸ ਜਾ ਰਿਹਾ ਹਾਂ।' ਜਦੋਂ ਇਕ ਕਿਲੋਮੀਟਰ ਤੱਕ ਮੋਦੀ ਦੇ ਨੇੜੇ ਕੋਈ ਬੰਦਾ ਨਹੀਂ ਪੁੱਜਾ, ਫਿਰ ਪੂਰੇਪੰਜਾਬਤੇ ਪੰਜਾਬੀਅਤ ਨੂੰ ਬਦਨਾਮ ਕਰਨਾ ਬਰਦਾਸ਼ਤ ਤੋਂ ਬਾਹਰ ਹੈ। ਸਾਡੇ ਵੱਲੋਂ ਕੋਈ ਕਮੀ ਨਹੀਂ ਸੀ, ਤੁਹਾਡੀ ਸਕਿਓਰਿਟੀ ਦਾ ਰੂਟ ਬਦਲਿਆ ਗਿਆ ਸੀ। ਮੈਂ ਪੰਜਾਬ ਦੇ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੀਵਾਂ ਚਾਹੇ ਮਰਾਂ, ਸਰਕਾਰ ਟੁੱਟੇ ਭਾਵੇਂ ਰਹੇ, ਪਰ ਚਰਨਜੀਤ ਸਿੰਘ ਚੰਨੀ ਨੇ ਰਹਿਣਾ ਪੰਜਾਬ ਦੇ ਲੋਕਾਂ ਨਾਲ ਹੈ। ਤਿੰਨ ਮਹੀਨੇ ਰਹਿ ਗਏ ਹਨ ਸਰਕਾਰ ਨੂੰ, ਚੰਨੀ ਅਤੇ ਪੰਜਾਬ ਦੇ ਲੋਕ ਹਮੇਸ਼ਾ ਦੇਸ਼ ਦੇ ਨਾਲ ਰਹਿਣਗੇ ਅਤੇ ਹਰ ਗੱਲ ਦਾ ਜਵਾਬ ਦੇਣਗੇ।"

ਹਲਕਾ ਸਮਰਾਲਾ ਦੇ ਕਾਂਗਰਸੀ ਵਿਧਾਇਕ ਅਮਰੀਕ ਸਿੰਘ ਢਿੱਲੋਂ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਦੇ ਡਾਇਰੈਕਟਰ ਕਰਨਵੀਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਮਾਛੀਵਾੜਾ ਅਨਾਜ ਮੰਡੀ ਵਿੱਚ ਕਾਂਗਰਸ ਰੈਲੀ ਵਿੱਚ ਬੋਲ ਰਹੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ 'ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਪੰਜਾਬ ਵਿੱਚ ਜਾਨ ਦਾ ਖ਼ਤਰਾ ਹੋ ਗਿਆ, ਜੋ ਬਿਲਕੁਲ ਬੇਬੁਨਿਆਦ ਗੱਲ ਹੈ,ਕਿਉਂਕਿ ਪੰਜਾਬ ਵਿਚ ਕੋਈ ਉਨ੍ਹਾਂ ਉੱਪਰ ਹਮਲਾ ਕਰੇ ਤਾਂ ਪਹਿਲੀ ਗੋਲ਼ੀ ਮੈਂ ਆਪਣੀ ਛਾਤੀ ਵਿੱਚ ਖਾਵਾਂਗਾ।' ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਜਾਨ ਨੂੰ ਖ਼ਤਰਾ ਕਿਵੇਂ ਹੋ ਗਿਆ,ਨਾ ਉਨ੍ਹਾਂ ਦੀ ਗੱਡੀ ਕੋਲ ਕੋਈ ਪ੍ਰਦਰਸ਼ਨਕਾਰੀ ਪੁੱਜਾ ਤੇ ਨਾ ਕਿਸੇ ਹਮਲਾ ਕੀਤਾ, ਕਿਸਾਨ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਨ, ਕਿਉਂਕਿ ਉਨ੍ਹਾਂ ਉੱਤੇ ਸੰਘਰਸ਼ ਦੌਰਾਨ ਕੇਸ ਬਣੇ ਅਤੇ ਜ਼ੁਲਮ ਹੋਇਆ ਸੀ।'ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਪਣੀਸੁਰੱਖਿਆਲਈ ਪੰਜਾਬ ਨੂੰ ਜ਼ਿੰਮੇਵਾਰ ਕਹਿੰਦੇ ਹਨ, ਪਰ 5 ਦਿਨ ਪਹਿਲਾਂ ਉਨ੍ਹਾਂ ਦੀਸੁਰੱਖਿਆਫੋਰਸ ਨੇ ਸਾਰੇ ਪ੍ਰਬੰਧ ਆਪਣੀ ਨਿਗਰਾਨੀ ਹੇਠ ਲੈ ਲਏ ਸਨ ਅਤੇ ਕਿਸ ਰੂਟ ਉੱਤੇ ਪ੍ਰਧਾਨ ਮੰਤਰੀ ਨੇ ਆਉਣਾ-ਜਾਣਾ ਹੈ, ਉਹ ਤੈਅ ਕਰ ਲਿਆ ਸੀ, ਫਲਾਪ ਰੈਲੀ ਦਾ ਭਾਂਡਾ ਭੰਨਣ ਨੂੰ ਉਹ ਪੰਜਾਬ ਦੇ ਵਿਰੁੱਧ ਸੌੜੀ ਰਾਜਨੀਤੀ ਕਰ ਰਹੇ ਹਨ।

# ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਘਾਟ ਦੀ ਜਾਂਚ ਲਈ ਗ੍ਰਹਿ ਮੰਤਰਾਲੇ ਨੇ 3 ਮੈਂਬਰੀ ਕਮੇਟੀ ਬਣਾਈ

*** ਮੋਦੀ ਵੱਲੋਂ ਰਾਸ਼ਟਰਪਤੀ ਨਾਲ ਮੁਲਾਕਾਤ, ਪੰਜਾਬ ਫੇਰੀ ਬਾਰੇ ਚਰਚਾ**
*** ਅਮਰਿੰਦਰ ਨੇ ਕਿਹਾ: ਜ਼ਿੰਮੇਵਾਰੀ ਤੋਂ ਭੱਜ ਰਹੇ ਹਨ ਚੰਨੀ ਤੇ ਸੁੱਖੀ**

ਨਵੀਂ ਦਿੱਲੀ, 6 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬੁੱਧਵਾਰ ਦੀ ਪੰਜਾਬ ਫੇਰੀ ਦੌਰਾਨ ਸੁਰੱਖਿਆ ਵਿੱਚ ਕੁਤਾਹੀ ਦੀ ਜਾਂਚ ਲਈ ਤਿੰਨ ਮੈਂਬਰੀ ਟੀਮ ਬਣਾ ਕੇ ਇਸਨੂੰ ਜਲਦੀ ਜਾਂਚ ਕਰ ਕੇ ਰਿਪੋਰਟ ਦੇਣ ਨੂੰ ਕਿਹਾ ਹੈ।ਮਿਲੀ ਜਾਣਕਾਰੀ ਅਨੁਸਾਰ ਤਿੰਨ ਮੈਂਬਰੀ ਕਮੇਟੀ ਦੀ ਅਗਵਾਈ ਸੁਧੀਰ ਕੁਮਾਰ ਸਕਸੈਨਾ (ਸੈਕਟਰੀਸੁਰੱਖਿਆ-ਕੈਬਨਿਟ ਸੈਕਟਰੀਏਟ) ਕਰਨਗੇ।ਜਾਂਚ ਟੀਮ ਵਿੱਚ ਬਲਬੀਰ ਸਿੰਘ (ਜਾਇੰਟ ਡਾਇਰੈਕਟਰ, ਆਈ ਬੀ) ਅਤੇ ਐੱਸ. ਸੁਰੇਸ਼ (ਆਈ ਜੀ, ਐੱਸ ਪੀ ਜੀ) ਸ਼ਾਮਲ ਹੋਣਗੇ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦੌਰਾਨਸੁਰੱਖਿਆ ਵਿੱਚ ਸੰਨ੍ਹ ਲੱਗਣ ਪਿੱਛੋਂ ਟਵੀਟ ਕਰਦਿਆਂ ਕਿਹਾ ਸੀ ਕਿ ਗ੍ਰਹਿ ਮੰਤਰਾਲੇ ਨੇ ਸੁਰੱਖਿਆ ਪ੍ਰਬੰਧਾਂਦੀ ਘਾਟ ਦੀ ਵਿਸਥਾਰਤ ਰਿਪੋਰਟ ਮੰਗੀ ਹੈ, ਕਿਉਂਕਿ ਪ੍ਰਧਾਨ ਮੰਤਰੀ ਦੀ ਸੁਰੱਖਿਆਵਿੱਚ ਅਜਿਹੀ ਅਣਗਹਿਲੀ ਪ੍ਰਵਾਨ ਕਰਨ ਯੋਗ ਨਹੀਂ ਅਤੇ ਜਵਾਬਦੇਹੀ ਤੈਅ ਕੀਤੀ ਜਾਵੇਗੀ।



ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਮਿਲੇ ਅਤੇ ਆਪਣੀ ਪੰਜਾਬ ਫੇਰੀ ਵੇਲੇਸੁਰੱਖਿਆ ਦੀ ਘਾਟ ਬਾਰੇ ਦੱਸਿਆ। ਰਾਸ਼ਟਰਪਤੀ ਸੈਕਟਰੀਏਟ ਨੇ ਟਵੀਟ ਕੀਤਾ ਹੈ ਕਿ 'ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਪ੍ਰਧਾਨ ਮੰਤਰੀ ਮੋਦੀ ਨੂੰ ਮਿਲੇ ਤੇ ਉਨ੍ਹਾਂ ਦੇ ਪੰਜਾਬ ਦੌਰੇ ਵੇਲੇਸੁਰੱਖਿਆ ਵਿੱਚ ਸੰਨ੍ਹ ਦੇ ਕੇਸ ਦੀ ਮੁੱਢਲੀ ਜਾਣਕਾਰੀ ਲੈ ਕੇ ਇਸ ਗੰਭੀਰ ਮੁੱਦੇ ਉੱਤੇ ਧਿਆਨ ਦੇਣ ਦੀ ਗੱਲ ਕਹੀ ਹੈ।'

ਦੂਸਰੇ ਪਾਸੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਦੌਰਾਨ ਉਨ੍ਹਾਂ ਨੂੰ ਸੁਰੱਖਿਆਦੇਣ ਵਿੱਚ ਅਸਫ਼ਲ ਰਹੀ ਪੰਜਾਬ ਸਰਕਾਰ ਦੀ ਨਿੰਦਾ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੋਵਾਂ ਨੂੰ ਕਾਇਰ ਤੇ ਡਰਪੋਕ ਕਰਾਰ ਦਿੱਤਾ ਹੈ। ਸਮਾਣਾ ਵਿਖੇ ਪੱਤਰਕਾਰਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਆਪਣੀ ਜ਼ਿੰਮੇਵਾਰੀ ਤੋਂ ਭੱਜ ਕੇ ਮੁੱਖ ਮੰਤਰੀ ਵੱਲੋਂ ਐੱਸਐੱਸ ਪੀ ਅਤੇ ਆਈਜੀ ਨੂੰ ਸਸਪੈਂਡ ਕਰਨਾ ਜਾਂ ਪੁਲਿਸ ਦੇ ਸਿਰ ਦੋਸ਼ ਜੜ ਕੇ ਮੁੱਖ ਮੰਤਰੀ ਚੰਨੀ ਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਾਇਰਤਾ ਦਾ ਸਬੂਤਦਿੱਤਾ ਹੈ।

ਇਸ ਮੌਕੇ ਪਾਰਲੀਮੈਂਟ ਮੈਂਬਰ ਪਰਨੀਤ ਕੌਰ ਦੇ ਕਾਂਗਰਸ ਵਿੱਚ ਹੋਣ ਦੇ ਸਵਾਲ ਉੱਤੇ ਕੈਪਟਨ ਅਮਰਿੰਦਰ ਸਿੰਘ ਨੇ ਇਸ ਬਾਰੇ ਪਰਨੀਤ ਕੌਰ ਤੋਂ ਪੁੱਛਣ ਲਈ ਕਿਹਾ। ਪੰਜਾਬ ਲੋਕ ਕਾਂਗਰਸਅਤੇ ਭਾਜਪਾ ਵਲੋਂ ਮੁੱਖ ਮੰਤਰੀ ਚਿਹਰੇ ਦੇ ਸਵਾਲ ਉੱਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਦੇ ਚਿਹਰੇ ਵਜੋਂ ਖੁਦ ਅੱਗੇ ਨਹੀਂ ਆਵਾਂਗਾ, ਇਸਦਾ ਫੈਸਲਾ ਭਾਜਪਾ, ਪੰਜਾਬ ਲੋਕ ਕਾਂਗਰਸਅਤੇ ਸੰਯੁਕਤ ਅਕਾਲੀ ਦਲ ਸਾਂਝੇ ਤੌਰ ਉੱਤੇਕਰਨਗੇ। ਸੀਟਾਂ ਦੀ ਵੰਡ ਬਾਰੇ ਉਨ੍ਹਾਂ ਨੇ ਕਿਹਾ ਕਿ ਜਿਸ ਹਲਕੇ ਵਿੱਚ ਜੋ ਲੀਡਰ ਮਜ਼ਬੂਤ ਹੋਵੇਗਾ, ਉਸਨੂੰ ਹੀ ਓਥੋਂ ਟਿਕਟ ਮਿਲੇਗੀ।

## ਪੰਜਾਬ ਕਾਂਗਰਸ ਦਾ ਕਲੇਸ਼: ਮੰਤਰੀ ਬ੍ਰਹਮ ਮਹਿੰਦਰਾ ਦੀ ਸੀਟ ਤੋਂ ਨਵਜੋਤ ਸਿੱਧੂ ਨੂੰ ਟਿਕਟ ਦੇਣ ਦੀ ਮੰਗ ਉੱਠ ਪਈ

ਪਟਿਆਲਾ, 6 ਜਨਵਰੀ, (ਪੋਸਟ ਬਿਊਰੋ)- ਪੰਜਾਬ ਵਿੱਚ ਕਾਂਗਰਸ ਦਾ ਕਲੇਸ਼ ਰੁਕ ਨਹੀਂ ਰਿਹਾ ਤੇ ਕੈਪਟਨ ਅਮਰਿੰਦਰ ਸਿੰਘ ਦੇ ਪਾਰਟੀ ਛੱਡਣ ਪਿੱਛੋਂ ਕਲੇਸ਼ ਲਗਾਤਾਰ ਹੋਰ ਤੋਂ ਹੋਰ ਵਧਦਾ ਜਾ ਰਿਹਾ ਹੈ।



ਅੱਜ ਜ਼ਿਲਾ ਪਟਿਆਲਾ ਦੇ ਕਾਂਗਰਸ ਪ੍ਰਧਾਨ ਨਰਿੰਦਰਪਾਲ ਲਾਲੀ ਨੇ ਕੈਬਨਿਟ ਮੰਤਰੀ ਬ੍ਰਹਮ ਮੋਹਿੰਦਰਾ ਵਿਰੁੱਧ ਝੰਡਾ ਚੁੱਕ ਲਿਆ ਤੇਪਾਰਟੀ ਅਬਜ਼ਰਵਰ ਹਰਸ਼ਵਰਧਨ ਸਿੰਘ ਰਾਠੌਰ ਅੱਗੇ ਅਗਲੀਆਂ ਚੋਣਾਂ ਵਿੱਚ ਮਹਿੰਦਰਾ ਨੂੰ ਟਿਕਟ ਦੇਣ ਦੇ ਬਜਾਏ ਨਵਜੋਤ ਸਿੰਘ ਸਿੱਧੂ ਨੂੰ ਟਿਕਟ ਦੇਣ ਦੀ ਮੰਗ ਕਰ ਦਿੱਤੀ ਹੈ। ਪਾਰਟੀ ਅਰਜ਼ਰਵਰ ਦੇ ਕੋਲ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਨਰਿੰਦਰਪਾਲ ਲਾਲੀ ਨੇ ਕਿਹਾ ਕਿ ਪਟਿਆਲਾ ਸ਼ਹਿਰੀ ਤੇ ਦਿਹਾਤੀ ਹਲਕੇ ਤੋਂ ਬ੍ਰਹਮ ਮੋਹਿੰਦਰਾ ਮਨਜ਼ੂਰ ਨਹੀਂ, ਸਾਨੂੰ ਸਿਰਫ ਨਵਜੋਤ ਸਿੰਘ ਸਿੱਧੂ ਉਮੀਦਵਾਰ ਚਾਹੀਦਾ ਹੈ ਅਤੇ ਉਹੀ ਕੈਪਟਨ ਅਮਰਿੰਦਰ ਸਿੰਘ ਨੂੰ ਹਰਾ ਸਕਦਾਹੈ, ਹੋਰ ਕੋਈ ਨਹੀਂ ਹਰਾ ਸਕਦਾ। ਲਾਲੀ ਨੇ ਕਿਹਾ ਕਿ ਬ੍ਰਹਮ ਮੋਹਿੰਦਰਾ ਦਾ ਉਮੀਦਵਾਰ ਬਣਨਾ ਦਿਹਾਤੀ ਅਤੇ ਸ਼ਹਿਰੀ ਹਲਕੇ ਦੋਹਾਂ ਵਿੱਚ ਹੀ ਮਨਜ਼ੂਰ ਨਹੀਂ, ਭਾਵੇਂ ਮੇਰੀ ਪ੍ਰਧਾਨਗੀ ਵੀ ਲੈ ਲਈ ਜਾਵੇ।

ਇਸ ਦੌਰਾਨ ਪਾਰਟੀ ਅਬਜ਼ਰਵਰ ਹਰਸ਼ਵਰਧਨ ਸਿੰਘ ਰਾਠੌਰ ਵੱਲੋਂ ਸਰਕਟ ਹਾਊਸ ਵਿੱਚ ਕੀਤੀ ਗਈ ਬੈਠਕ ਦੀ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਨਰਿੰਦਰਪਾਲ ਲਾਲੀ ਓਥੇ ਕੈਬਨਿਟ ਮੰਤਰੀ ਮਹਿੰਦਰਾ ਦਾ ਖੁੱਲ੍ਹ ਕੇ ਵਿਰੋਧ ਕਰਦੇ ਦਿਖਾਈ ਦੇਂਦੇ ਹਨ। ਲਾਲੀ ਨੇ ਕਿਹਾ ਕਿ ਪਟਿਆਲਾ ਦਿਹਾਤੀ ਜਾਂ ਪੇਂਡੂ ਹਲਕੇ ਦੇ ਲੋਕ ਬ੍ਰਹਮ ਮੋਹਿੰਦਰਾ ਨੂੰ ਉਮੀਦਵਾਰ ਵਜੋਂ ਨਹੀਂ ਦੇਖ ਰਹੇ, ਇਸ ਬਾਰੇ ਉਨਾਂ ਨੇ ਖੁਦ ਡੂੰਘਾਈ ਨਾਲ ਸਰਵੇ ਕਰਾਇਆ ਹੈ।

# ਬੇਅਦਬੀ ਕੇਸ: ਡੇਰਾ ਮੁਖੀ ਰਾਮ ਰਹੀਮ ਦੇ ਪ੍ਰੋਡਕਸ਼ਨ ਵਾਰੰਟਾਂ ਉੱਤੇ ਅਪ੍ਰੈਲ ਤਕ ਰੋਕ

ਚੰਡੀਗੜ੍ਹ, 6 ਜਨਵਰੀ, (ਪੋਸਟ ਬਿਊਰੋ)-ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਸ੍ਰੀ ਗੁਰੂ ਗ੍ਰੰਥਾਂ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਜਾਰੀ ਪ੍ਰੋਡਕਸ਼ਨ ਵਾਰੰਟ ਜਾਰੀ ਕਰਨ ਦੇ ਆਦੇਸ਼ਾਂ ਉੱਤੇ ਲੱਗੀ ਰੋਕ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ 21 ਅਪ੍ਰੈਲ ਤਕ ਵਧਾ ਕੇ ਸੁਣਵਾਈ ਮੁਲਤਵੀ ਕਰ ਦਿੱਤੀ ਹੈ। ਸਾਫ਼ ਹੈ ਕਿ ਇਸ ਕੇਸ ਦੀ ਸੁਣਵਾਈ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਹੋਵੇਗੀ ਅਤੇ ਇਸ ਦੌਰਾਨ ਐੱਸ ਆਈ ਟੀ(ਵਿਸ਼ੇਸ਼ ਜਾਂਚ ਟੀਮ) ਸੁਨਾਰੀਆ ਜੇਲ੍ਹ ਵਿੱਚ ਹੀ ਡੇਰਾ ਮੁਖੀ ਤੋਂ ਪੁੱਛਗਿੱਛ ਕਰ ਸਕਦੀ ਹੈ। ਡੇਰਾ ਮੁਖੀ ਵੱਲੋਂਆਪਣੇ ਖ਼ਿਲਾਫ਼ ਫ਼ਰੀਦਕੋਟ ਅਦਾਲਤ ਵੱਲੋਂ ਜਾਰੀ ਕੀਤੇ ਪ੍ਰੋਡਕਸ਼ਨ ਵਾਰੰਟ ਦੇ ਖ਼ਿਲਾਫ਼ ਦਾਇਰ ਅਰਜ਼ੀ ਉੱਤੇ ਸੁਣਵਾਈ ਮੌਕੇਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਾਂਗਵਾਨ ਨੇ ਅੱਜ ਵੀਰਵਾਰ ਇਹ ਵਾਰੰਟ ਰੋਕਣ ਦੇ ਹੁਕਮ ਦਿੱਤੇ ਹਨ।ਪੰਜਾਬ ਸਰਕਾਰ ਨੇ ਪ੍ਰੋਡਕਸ਼ਨ ਵਾਰੰਟ ਉੱਤੇ ਲੱਗੀ ਰੋਕ ਹਟਾਉਣ ਦੀ ਅਪੀਲ ਕਰਦੇ ਹੋਏ ਕਿਹਾ ਸੀ ਕਿ ਡੇਰਾ ਮੁਖੀ ਦੀ ਪੇਸ਼ੀ ਮੌਕੇ ਉਸ ਨੂੰ ਕੋਈ ਖਤਰਾ ਨਹੀਂ ਹੋਵੇਗਾ, ਉਸ ਦੀਸੁਰੱਖਿਆਲਈ 35 ਹਜ਼ਾਰ ਪੁਲਸ ਮੁਲਾਜ਼ਮ ਲਾਏ ਜਾਣਗੇ, ਉਸ ਨੂੰ ਹੈਲੀਕਾਪਟਰ ਰਾਹੀਂ ਪੰਜਾਬ ਲਿਜਾਇਆ ਜਾਵੇਗਾ, ਪਰ ਹਾਈ ਕੋਰਟ ਨੇ ਟਿੱਪਣੀ ਕੀਤੀ ਕਿ 'ਕੀ ਇਹ ਵਿਅਕਤੀ ਵੀਆਈਪੀ ਹੈ ਅਤੇ ਪ੍ਰਧਾਨ ਮੰਤਰੀ ਤੋਂ ਉੱਪਰ ਹੈ।' ਇਸ ਬਾਰੇ ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਡੇਰਾ ਮੁਖੀ ਨੂੰ ਏਥੇ ਲਿਆਉਣ ਲਈ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਹਨ। ਇਸ ਉੱਤੇ ਹਾਈ ਕੋਰਟ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਦੌਰੇ ਵੇਲੇ ਜੋ ਹੋਇਆ, ਉਹ ਸਰਕਾਰ ਸੰਭਾਲ ਨਹੀਂ ਸਕੀ ਤੇ ਡੇਰਾ ਮੁਖੀ ਨੂੰ ਜੇ ਅਦਾਲਤ ਵਿੱਚ ਪੇਸ਼ ਕੀਤਾਤਾਂ ਹਾਲਾਤ ਕਿਵੇਂ ਸੰਭਾਲੇ ਜਾਣਗੇ।ਪੰਜਾਬ ਦੇ ਐਡਵੋਕੇਟ ਜਨਰਲ ਨੇ ਜਵਾਬ ਦੇਣ ਲਈ ਕੁਝ ਸਮਾਂ ਦੇਣ ਦੀ ਮੰਗ ਕੀਤੀ ਤਾਂ ਹਾਈ ਕੋਰਟ ਨੇ ਪਟੀਸ਼ਨ ਉੱਤੇ ਸੁਣਵਾਈ 21 ਅਪ੍ਰੈਲ ਤਕ ਮੁਲਤਵੀ ਕਰ ਕੇ ਡੇਰਾ ਮੁਖੀ ਦੇ ਖ਼ਿਲਾਫ਼ ਜਾਰੀ ਪ੍ਰੋਡਕਸ਼ਨ ਵਾਰੰਟ ਉੱਤੇ ਲੱਗੀ ਰੋਕ ਦੇ ਆਦੇਸ਼ ਵੀ ਅਗਲੀ ਸੁਣਵਾਈ ਤੱਕ ਜਾਰੀ ਰੱਖਣ ਨੂੰ ਕਹਿ ਦਿਤਾ ਹੈ।

ਵਰਨਣ ਯੋਗ ਹੈ ਕਿ ਬੇਅਦਬੀ ਕੇਸ ਵਿਚ ਫ਼ਰੀਦਕੋਟ ਦੀ ਟ੍ਰਾਇਲ ਕੋਰਟ ਨੇ ਡੇਰਾ ਮੁਖੀ ਨੂੰ ਪਾਰਟੀ ਬਣਾਇਆ ਤੇ ਉਸ ਦੇ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਸਨ। ਇਨ੍ਹਾਂ ਪ੍ਰੋਡਕਸ਼ਨ ਵਾਰੰਟਾਂ ਨੂੰ ਡੇਰਾ ਮੁਖੀ ਨੇ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ 28 ਅਕਤੂਬਰ ਨੂੰ ਡੇਰਾ ਮੁਖੀ ਦੇ ਪ੍ਰੋਡਕਸ਼ਨ ਵਾਰੰਟ ਰੱਦ ਕਰ ਕੇ ਸਰਕਾਰ ਨੂੰ ਆਦੇਸ਼ ਦਿੱਤੇ ਸਨ ਕਿ ਇਸ ਕੇਸ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ(ਐੱਸ ਆਈ ਟੀ) ਸੁਨਾਰੀਆ ਜੇਲ੍ਹ ਵਿਚ ਜਾ ਕੇ ਉਸ ਤੋਂ ਪੁੱਛਗਿੱਛ ਕਰ ਸਕਦੀ ਹੈ, ਡੇਰਾ ਮੁਖੀ ਨੂੰ ਫ਼ਰੀਦਕੋਟ ਲਿਜਾਇਆ ਜਾਣਾ ਜ਼ਰੂਰੀ ਨਹੀਂ।

## ਸ਼੍ਰੋਮਣੀ ਕਮੇਟੀ ਵੱਲੋਂ ਬੁਲੀ ਬਾਈ ਐਪ ਦੋਸ਼ੀਆਂ ਦੇ ਖਿਲਾਫ ਕਾਰਵਾਈ ਦੀ ਮੰਗ

ਅੰਮ੍ਰਿਤਸਰ, 6 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਥਾਨਕ ਪੁਲਸ ਕਮਿਸ਼ਨਰ ਨੂੰ ਇੱਕ ਪੱਤਰ ਭੇਜ ਕੇ ਬੁਲੀ ਬਾਈ ਐਪ ਦੇ ਕੇਸ ਵਿੱਚ ਸਿੱਖਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦੇ ਖਿਲਾਫ ਬਾਕਾਇਦਾ ਜਾਂਚ ਅਤੇ ਇਸ ਦੇ ਬਾਅਦ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਇਸ ਸੰਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਨੂੰ ਬਦਨਾਮ ਕਰਨ ਦੀ ਇਹ ਘਿਨਾਉਣੀ ਹਰਕਤ ਬੇਹੱਦ ਨਿੰਦਣਯੋਗ ਹੈ ਤੇ ਸਰਕਾਰ ਨੂੰ ਇਹੋ ਜਿਹੇ ਲੋਕਾਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੂੰ ਸਿੱਖ ਕੌਮ ਦੀਆਂ ਸ਼ਾਨਦਾਰ ਰਵਾਇਤਾਂ ਅਤੇ ਹਰ ਇੱਕ ਦਾ ਸਤਿਕਾਰ ਕਰਨ ਵਾਲਾ ਸੁਭਾਅ ਹਜ਼ਮ ਨਹੀਂ ਹੋ ਰਿਹਾ।ਉਨ੍ਹਾਂ ਕਿਹਾ ਕਿ ਉਕਤ ਐਪ ਉੱਤੇ ਮੁਸਲਮਾਨ ਔਰਤਾਂ ਨੂੰ ਬਦਨਾਮ ਕਰਨ ਵਾਲੀਆਂ ਪੋਸਟਾਂ ਨੂੰ ਕੁਝ ਲੋਕਾਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਸਿੱਖ ਨਾਵਾਂ ਵਾਲੇ ਫਰਜ਼ੀ ਖਾਤਿਆਂ ਨਾਲ ਸ਼ੇਅਰ ਕੀਤਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਸਿੱਖਾਂ ਨੂੰ ਬਦਨਾਮ ਕਰਨ ਵਾਲੇ ਹਰ ਦੋਸ਼ੀ ਦਾ ਪਰਦਾ ਫਾਸ਼ ਹੋਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਬੁਲੀ ਬਾਈ ਐਪ ਕੇਸ ਵਿੱਚ ਮੁੰਬਈ ਆਦਿ ਥਾਵਾਂ ਤੋਂ ਵਿਸ਼ਾਲ ਕੁਮਾਰ ਅਤੇ ਸ਼ਵੇਤਾ ਸਿੰਘ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਬਾਰੇ ਮੁੰਬਈ ਪੁਲਸ ਨੇ ਦੱਸਿਆ ਹੈ ਕਿ ਇਨ੍ਹਾਂਦੋਸ਼ੀਆਂ ਨੇ ਟਵਿੱਟਰ ਅਤੇ ਹੋਰ ਡਿਜੀਟਲ ਪਲੇਟਫਾਰਮਾਂ ਉੱਤੇ 'ਖਾਲਸਾ ਸੁਪਰੇਮਿਸਟ', 'ਜੱਟ ਖਾਲਸਾ', 'ਜਸਟਿਸ ਫਾਰ ਸਿੱਖਸ' ਆਦਿ ਸਿੱਖ ਨਾਵਾਂ ਦੀ ਦੁਰਵਰਤੋਂ ਕਰ ਕੇ ਕੌਮਾਂਤਰੀ ਪੱਧਰ ਉੱਤੇ ਸਿੱਖਾਂ ਨੂੰ ਬਦਨਾਮ ਕਰਨ ਦੀ ਹਰਕਤ ਕੀਤੀ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਮੂਲਵਾਸੀਆਂ ਲਈ 40 ਬਿਲੀਅਨ ਡਾਲਰ

# ਵਾਅਦਾ ਨਹੀਂ ਅਮਲਾਂ ਦੀ ਲੋੜ

ਫੈਡਰਲ ਸਰਕਾਰ ਨੇ ਪਰਸੋਂ ਕੈਨੇਡੀਅਨ ਮੂਲਵਾਸੀਆਂ ਨਾਲ ਹੋਏ 40 ਬਿਲੀਅਨ ਡਾਲਰ ਦੇ ਸਿਧਾਂਤਕ ਸਮੌਝਤੇ ਦੇ ਵੇਰਵੇ ਜਾਰੀ ਕੀਤੇ ਹਨ। ਇਸ ਇਕਰਾਰਨਾਮੇ ਤਹਿਤ ਰੀਜ਼ਰਵਾਂ ਵਿੱਚ ਰਹਿਣ ਵਾਲੇ ਉਹਨਾਂ ਫਸਟ ਨੇਸ਼ਨ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਦਾ ਵਾਅਦਾ ਕੀਤਾ ਗਿਆ ਹੈ ਜਿਹਨਾਂ ਨੂੰ ਬਚਪਨ ਵਿੱਚ ਹੀ ਉਹਨਾਂ ਦੇ ਮਾਪਿਆਂ ਕੋਲੋਂ ਜਬਰੀ ਵੱਖ ਕਰਕੇ ਰੈਜ਼ੀਡੈਂਸ਼ੀਅਲ ਹੋਮਾਂ, ਸਕੂਲਾਂ ਅਤੇ ਯੂਕੋਨ ਚਾਈਲਡ ਵੈਲਫੈਅਰ ਸਿਸਟਮ ਵਿੱਚ ਰੱਖਿਆ ਗਿਆ ਸੀ। ਭਰਪਾਈ ਲਈ ਯੋਗ ਹੋਣ ਵਾਸਤੇ 1 ਅਪਰੈਲ 1991 ਤੋਂ 31 ਮਾਰਚ 2022 ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ ਜਿਸ ਤੋਂ 2 ਲੱਖ 15 ਹਜ਼ਾਰ ਤੋਂ ਵੱਧ ਬੱਚਿਆਂ ਜਾਂ ਉਹਨਾਂ ਦੇ ਪਰਿਵਾਰਾਂ ਨੂੰ ਲਾਭ ਮਿਲਣ ਦੀ ਆਸ ਹੈ। ਇਸ ਇਕਰਾਰਨਾਮੇ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲੇ ਹਿੱਸੇ ਵਿੱਚ 20 ਬਿਲੀਅਨ ਡਾਲਰ ਰੱਖੇ ਗਏ ਹਨ ਜੋ ਪੀੜਤ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸਿੱਧੀ ਵਿੱਤੀ ਸਹਾਇਤਾ ਦੇਣ ਲਈ ਵਰਤੇ ਜਾਣਗੇ। ਆਸ ਹੈ ਕਿ ਹਰ ਪੀੜਤ ਜੀਅ ਨੂੰ 40 ਹਜ਼ਾਰ ਡਾਲਰ ਜਾਂ ਇਸਤੋਂ ਵੱਧ ਮਿਲਣਗੇ। ਦੂਜਾ ਹਿੱਸੇ ਲਈ 20 ਬਿਲੀਅਨ ਡਾਲਰ ਹਨ ਜੋ ਅਗਲੇ ਪੰਜ ਸਾਲਾਂ ਵਿੱਚ ਫਸਟ ਨੇਸ਼ਨ ਚਾਈਲਡ ਐਂਡ ਫੈਮਲੀ ਸਰਵਿਸਜ਼ ਪ੍ਰੋਗਰਾਮਾਂ ਨੂੰ ਸੁਧਾਰਨ ਲਈ ਵਰਤੇ ਜਾਣਗੇ। ਕੈਨੇਡਾ ਦੇ ਇਤਿਹਾਸ ਵਿੱਚ ਇਹ ਹੁਣ ਤੱਕ ਦਾ ਸੱਭ ਤੋਂ ਵੱਡਾ ਅਤੇ ਸੱਭ ਤੋਂ ਵੱਧ ਪ੍ਰਭਾਵਸ਼ਾਲੀ ਭਰਪਾਈ ਕਰਨ ਵਾਲਾ ਇਕਰਾਰਨਾਮਾ ਹੋਵੇਗਾ ਬਸ਼ਰਤੇ ਫੈਡਰਲ ਸਰਕਾਰ ਆਪਣੇ ਇਸ ਸਿਧਾਂਤਕ ਇਕਰਾਰਨਾਮੇ ਨੂੰ ਅਮਲੀ ਜਾਮਾ ਪਹਿਨਾਉਣ ਉੱਤੇ ਦ੍ਰਿੜ ਰਹੇ।

ਇਕਰਾਰਨਾਮੇ ਨੂੰ ਅਮਲ ਵਿੱਚ ਲਿਆਉਣ ਵਾਸਤੇ ਜਰੂਰੀ ਹੈ ਕਿ ਸਿਆਸਤਦਾਨ ਅਤੇ ਮੰਤਰੀ ਆਪਣੀਆਂ ਪਿੱਠਾਂ ਨੂੰ ਖਾਮਖਾਹ ਥਪਥਪਾ ਕੇ ਸ਼ਾਬਾਸ਼ ਲੈਣ ਤੋਂ ਗੁਰੇਜ਼ ਕਰਨ। ਚੇਤੇ ਰਹੇ ਕਿ ਇਹ ਇਕਰਾਰਨਾਮਾ ਫੈਡਰਲ ਸਰਕਾਰ ਦੀ ਮਰਜ਼ੀ ਨਾਲ ਨਹੀਂ ਹੋਇਆ ਸਗੋਂ ਇਸਦੇ ਉਲਟ ਸਰਕਾਰ ਨੇ ਆਪਣੀ ਬਣਦੀ ਵਾਹ ਲਾਈ ਰੱਖੀ ਹੈ ਕਿ ਇਸਦਾ ਵਿਰੋਧ ਕੀਤਾ ਜਾਵੇ। ਫਸਟ ਨੇਸ਼ਨਜ਼ ਚਾਈਲਡ ਐਂਡ ਫੈਮਲੀ ਕੇਅਰਿੰਗ ਸੁਸਾਇਟੀ ਦੀ ਐਗਜ਼ੈਕਟਿਵ ਡਾਇਰੈਕਟਰ ਸਿੰਡੀ ਬਲੈਕਸਟਾਕ (Cindy Blackstock) ਨੇ 2007 ਵਿੱਚ ਇਸ ਭਰਪਾਈ ਲਈ ਕੈਨੇਡੀਅਨ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਮੁਕਦੱਮਾ ਦਰਜ਼ ਕੀਤਾ ਸੀ। ਇੱਕ ਤੋਂ ਬਾਅਦ ਇੱਕ ਫੈਡਰਲ ਸਰਕਾਰ ਨੇ ਇਸ ਮੁੱਕਦਮੇ ਦਾ ਵਿਰੋਧ ਕੀਤਾ ਪਰ 2016 ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਨੇ ਫੈਸਲਾ ਮੂਲਵਾਸੀਆਂ ਦੇ ਹੱਕ ਅਤੇ ਸਰਕਾਰ ਦੇ ਵਿਰੋਧ ਵਿੱਚ ਦਿੱਤਾ। ਹਾਲਾਂਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਹੋਰ ਸੀਨੀਅਰ ਮੰਤਰੀ ਦਾਅਵਾ ਕਰ ਰਹੇ ਹਨ ਕਿ ਉਹ ਹੁਣ ਤੱਕ ਇਸ ਉਡੀਕ ਵਿੱਚ ਸਨ ਕਿ ਪੀੜਤ ਪਰਿਵਾਰਾਂ ਨੂੰ ਸਹੀ ਸਮੇਂ ਉੱਤੇ ਸਹੀ ਮਾਤਰਾ ਵਿੱਚ ਮੁਆਵਜ਼ਾ ਮਿਲੇ ਪਰ ਸੱਚ ਕੁੱਝ ਹੋਰ ਹੈ। ਸਰਕਾਰ ਨੇ ਤਾਂ ਮਨੁੱਖੀ ਅਧਿਕਾਰ ਕਮਿਸ਼ਨ ਦੇ 2007 ਦੇ ਫੈਸਲੇ ਦਾ ਜੁਡੀਸ਼ੀਅਲ ਰਿਵਿਊ ਕਰਨ ਲਈ ਅਰਜ਼ੀ ਪਾਈ ਸੀ ਜਿਸਨੂੰ ਫੈਡਰਲ ਕੋਰਟ ਪਲਟਾ ਦਿੱਤਾ ਸੀ। ਵਰਨਣਯੋਗ ਹੈ ਕਿ ਜੁਡੀਸ਼ੀਅਲ ਰੀਵਿਊ ਅਰਜ਼ੀ ਵਿੱਚ ਫੈਡਰਲ ਸਰਕਾਰ ਨੇ ਕਿਹਾ ਸੀ ਕਿ ਪੀੜਤ ਜੀਆਂ ਨੂੰ 40 ਹਜ਼ਾਰ ਡਾਲਰ ਮੁਆਵਜ਼ਾ ਦੇਣ ਦਾ ਮਨੁੱਖੀ ਅਧਿਕਾਰ ਕਮਿਸ਼ਨ ਦਾ ਫੈਸਲਾ ਨਿਆਂਯੁਕਤ ਨਹੀਂ ਹੈ।

ਇੱਕ ਹੋਰ ਮਿਸਾਲ ਦੇਣੀ ਤਰਕਸੰਗਤ ਹੋਵੇਗੀ। ਸਮੂਹ ਕੈਨੇਡੀਅਨਾਂ ਨੂੰ 2015 ਵਿੱਚ ਪ੍ਰਧਾਨ ਮੰਤਰੀ ਟਰੂਡੋ ਦੇ ਉਹ ਹੰਝੂ ਸ਼ਾਇਦ ਹੀ ਕਦੇ ਭੁੱਲਣ ਜੋ ਉਹਨਾਂ ਨੇ Truth and Reconciliation Commission ਦੀ ਰਿਪੋਰਟ ਨੂੰ ਹੱਥੀਂ ਲੈਣ ਵੇਲੇ ਜਨਤਕ ਰੂਪ ਵਿੱਚ ਟੀ ਵੀ ਕੈਮਰਿਆਂ ਦੇ ਸਾਹਮਣੇ ਕੇਰੇ ਸਨ। ਉਸ ਕਮਿਸ਼ਨ ਨੇ 94 ਸਿਫਾਰਸ਼ਾਂ ਕੀਤੀਆਂ ਸਨ ਜਿਹਨਾਂ ਨੂੰ ਤੁਰੰਤ ਲਾਗੂ ਕਰਨ ਦਾ ਵਾਅਦਾ ਟਰੂਡੋ ਹੋਰਾਂ ਨੇ ਉਸੇ ਦਿਨ ਕੀਤਾ ਸੀ। ਪਰ ਬਾਅਦ ਵਿੱਚ ਉਹ ਹੰਝੂ ਇੱਕ ਕਿਸਮ ਨਾਲ ਮਗਰਮੱਛ ਦੇ ਹੀ ਸਾਬਤ ਹੋਏ। 2021 ਵਿੱਚ Yellowhead Institute ਦੇ Eve Jewell ਅਤੇ Ian Mosby ਨੇ ਇੱਕ ਰਿਪੋਰਟ ਜਾਰੀ ਕੀਤੀ ਸੀ। ਉਹਨਾਂ ਦੀ ਖੋਜ ਨੇ ਸਾਬਤ ਕੀਤਾ ਕਿ 2005 ਤੋਂ 2021 ਤੱਕ ਸਰਕਾਰ ਨੇ ਕਮਿਸ਼ਨ ਦੀਆਂ 94 ਵਿੱਚੋਂ ਸਿਰਫ਼ 11 ਸਿਫਾਰਸ਼ਾਂ ਨੂੰ ਪੂਰਾ ਕੀਤਾ ਸੀ ਜੋ ਕਿ ਪ੍ਰਤੀ ਸਾਲ ਸਿਰਫ਼ 2 ਸਿਫਾਰਸ਼ਾਂ ਬਣਦੀਆਂ ਹਨ। ਉਹਨਾਂ ਮੁਤਾਬਕ ਜੇ ਟਰੂਡੋ ਸਰਕਾਰ ਇਸੇ ਰਫਤਾਰ ਉੱਤੇ ਚੱਲਦੀ ਰਹੀ ਤਾਂ ਕਮਿਸ਼ਨ ਦੀਆਂ ਸਾਰੀਆਂ 94 ਸਿਫਾਰਸਾਂ ਦੂਰ 2060 ਵਿੱਚ ਜਾ ਕੇ ਲਾਗੂ ਹੋਣਗੀਆਂ। ਉਸ ਵੇਲੇ ਟਰੂਡੋ ਹੋਰਾਂ ਦੀ ਉਮਰ 90 ਸਾਲ ਦੀ ਹੋਵੇਗੀ।

ਇਹਨਾਂ ਕੌੜੀਆਂ ਹਕੀਕਤਾਂ ਦੇ ਮੱਦੇਨਜ਼ਰ ਇਸ 40 ਬਿਲੀਅਨ ਡਾਲਰ ਦੇ ਇਤਿਹਾਸਕ ਇਕਰਾਰਨਾਮੇ ਨੂੰ ਅਮਲੀ ਜਾਮਾ ਪਹਿਨਾਉਣ ਵਾਲੀ ਫਸਟ ਨੇਸ਼ਨਜ਼ ਚਾਈਲਡ ਐਂਡ ਫੈਮਲੀ ਕੇਅਰਿੰਗ ਸੁਸਾਇਟੀ ਦੀ ਐਗਜ਼ੈਕਟਿਵ ਡਾਇਰੈਕਟਰ ਸਿੰਡੀ ਬਲੈਕਸਟਾਕ (Cindy Blackstock) ਦੇ ਬੋਲਾਂ ਨੂੰ ਚੇਤੇ ਰੱਖਣਾ ਲਾਜ਼ਮੀ ਹੈ। ਉਸਦਾ ਕੱਲ ਬਿਆਨ ਆਇਆ ਸੀ ਕਿ ਸਾਨੂੰ 'ਸੋਹਣੇ ਅਤੇ ਮਿੱਠੇ ਸ਼ਬਦਾਂ ਉੱਤੇ ਯਕੀਨ ਕਰਕੇ ਨਹੀਂ ਬੈਠਣਾ ਹੈ ਸਗੋਂ ਇਹ ਵੇਖਣਾ ਹੈ ਕਿ ਸਰਕਾਰ ਆਪਣੇ ਇਰਾਦਿਆਂ ਉੱਤੇ ਕਿਸ ਪੱਧਰ ਉੱਤੇ ਖੜੀ ਰਹਿੰਦੀ ਹੈ। ਉਸਨੇ ਬੇਨਤੀ ਕੀਤੀ ਹੈ ਕਿ 2022 ਵਿੱਚ ਹਰ ਕੈਨੇਡਾ ਵਾਸੀ ਇਸ ਇਕਾਰਾਰਨਾਮੇ ਨੂੰ ਅਮਲ ਵਿੱਚ ਲਿਆਉਣ ਲਈ ਸਰਕਾਰ ਉੱਤੇ ਬਣਦਾ ਦਬਾਅ ਪਾ ਕੇ ਰੱਖੇ। ਉਮੀਦ ਕਰਦੇ ਹਾਂ ਕਿ ਕੈਨੇਡੀਅਨ ਪਬਲਿਕ ਸਰਕਾਰ ਦੀਆਂ ਸੁੱਤੀਆਂ ਕਲਾਂਵਾਂ ਨੂੰ ਜਗਾਉਣ ਵਿੱਚ ਬਣਦਾ ਯੋਗਦਾਨ ਪਾਵੇਗੀ।

# ਚੀਨ ਦੇ ਨਕਲੀ 'ਸੂਰਜ' ਨੇ ਨਵਾਂ ਵਿਸ਼ਵ ਰਿਕਾਰਡ ਬਣਾਇਆ

* ਦੁਨੀਆਂ ਵਿੱਚ ਤਣਾਅ ਵਧਣ ਦਾ ਡਰ



ਬੀਜਿੰਗ, 6 ਜਨਵਰੀ, (ਪੋਸਟ ਬਿਊਰੋ)- ਚੀਨ ਦੇ ਨਕਲੀ ਸੂਰਜ ਨੇ ਇੱਕ ਵਾਰ ਫਿਰ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ। ਹੇਫੇਈ ਵਿੱਚ ਚੀਨ ਦੇ ਇਸ ਐਟਮੀ ਫਿਊਜ਼ਨ ਰਿਐਕਟਰ ਨੇ 1,056 ਸਕਿੰਟ ਜਾਂ ਲਗਭਗ 17 ਮਿੰਟਾਂ ਤੱਕ 7 ਕਰੋੜ ਡਿਗਰੀ ਸੈਲਸੀਅਸ ਊਰਜਾ ਪੈਦਾ ਕੀਤੀ ਹੈ ਅਤੇ ਬੀਤੀ 30 ਦਸੰਬਰ ਨੂੰ ਇਹ ਨਵਾਂ ਰਿਕਾਰਡ ਬਣਾਇਆ। ਇਹ ਅੱਜ ਤੱਕ ਦਾ ਸਭ ਤੋਂ ਲੰਬਾ ਸਮਾਂ ਹੈ, ਜਦੋਂ ਇਸ ਕਿਸੇ ਐਟਮੀ ਰਿਐਕਟਰ ਤੋਂ ਇੰਨੀ ਊਰਜਾ ਛੱਡੀ ਗਈ ਹੋਵੇ। ਇਸ ਤੋਂ ਪਹਿਲਾਂ ਇੱਕ ਨਕਲੀ ਸੂਰਜ ਨੇ 1.2 ਕਰੋੜ ਡਿਗਰੀ ਊਰਜਾ ਦਾ ਨਿਕਾਸ ਕੀਤਾ ਸੀ।

ਮਾਹਰਾਂ ਦੇ ਮੁਤਾਬਕ ਚੀਨ ਦੇ ਇਸ ਨਕਲੀ ਸੂਰਜ ਤੋਂ ਨਿਕਲਣ ਵਾਲੀ ਬੇਹਿਸਾਬੀ ਊਰਜਾ ਨਾਲ ਦੁਨੀਆ ਤਣਾਅ ਵਿੱਚ ਆਈ ਹੈ। ਹੇਫੇਈ ਇੰਸਟੀਚਿਊਟ ਆਫ ਫਿਜ਼ੀਕਲ ਸਾਇੰਸਿਜ਼ ਨੇ ਐਕਸਪੈਰੀਮੈਂਟਲ ਐਡਵਾਂਸਡ ਸੁਪਰਕੰਡਕਟਿੰਗ ਟੋਕਾਮੈਕ ਵਜੋਂ ਹੀਟਿੰਗ ਸਿਸਟਮ ਪ੍ਰਾਜੈਕਟ ਚਲਾਇਆ ਹੈ ਅਤੇ ਇੱਥੇ ਭਾਰੀ ਹਾਈਡ੍ਰੋਜਨ ਦੀ ਮਦਦ ਨਾਲ ਹੀਲੀਅਮ ਪੈਦਾ ਹੁੰਦਾ ਹੈ, ਜਿਸ ਦੌਰਾਨ ਕਾਫੀ ਊਰਜਾ ਪੈਦਾ ਹੁੰਦੀ ਹੈ।ਬੀਤੇ ਸ਼ੁੱਕਰਵਾਰ ਨੂੰ ਚਾਈਨਾ ਅਕੈਡਮੀ ਆਫ ਸਾਇੰਸਿਜ਼ ਦੇ ਖੋਜੀ ਗੋਂਗ ਜ਼ਿਆਂਗਜ਼ੂ ਨੇ 7 ਕਰੋੜ ਡਿਗਰੀ ਸੈਲਸੀਅਸ ਤੱਕ ਊਰਜਾ ਬਣਾਉਣ ਦਾ ਐਲਾਨ ਕੀਤਾ ਹੈ।ਨਕਲੀ ਸੂਰਜ ਦਾ ਇਹ ਪ੍ਰਾਜੈਕਟ ਹੇਫੇਈ ਵਿੱਚਜ਼ਿਆਂਗਜ਼ੂ ਦੀ ਅਗਵਾਈਵਿੱਚ ਚੱਲ ਰਿਹਾ ਹੈ।ਚੀਨੀ ਖਬਰ ਏਜੰਸੀ ਸ਼ਿਨਹੂਆ ਨਾਲ ਗੱਲਬਾਤ ਦੌਰਾਨ ਗੋਂਗ ਜ਼ਿਆਂਗਜ਼ੂ ਨੇ ਕਿਹਾ ਕਿ ਅਸੀਂ 1.2 ਕਰੋੜ ਡਿਗਰੀ ਸੈਲਸੀਅਸ ਦੇ ਪਲਾਜ਼ਮਾ ਤਾਪਮਾਨ ਨੂੰ ਸਾਲ 2021 ਦੇ ਪਹਿਲੇ 6 ਮਹੀਨਿਆਂ ਵਿੱਚ 101 ਸਕਿੰਟਤੱਕ ਹਸਲ ਕੀਤਾ ਸੀ, ਇਸ ਵਾਰ ਇਹ ਆਪਰੇਸ਼ਨ ਲਗਭਗ 1,056 ਸਕਿੰਟ ਚੱਲਿਆਅਤੇ ਇਸ ਦੌਰਾਨ ਤਾਪਮਾਨ 7 ਕਰੋੜ ਡਿਗਰੀ ਸੈਲਸੀਅਸ ਤੱਕ ਰਿਹਾ। ਇਸ ਨੇ ਫਿਊਜ਼ਨ ਆਧਾਰਿਤ ਐਟਮੀ ਰਿਐਕਟਰ ਨੂੰ ਚਲਾਉਣ ਲਈ ਠੋਸ ਵਿਗਿਆਨਕ ਅਤੇ ਪ੍ਰਯੋਗਾਤਮਕ ਆਧਾਰ ਬਣਾਇਆ ਹੈ।

ਚੀਨ ਦੇ ਹੱਥ ਲੱਗੀ ਇਸ ਬੇਅੰਤ ਊਰਜਾ ਨਾਲ ਦੁਨੀਆ ਦੇ ਵਿਗਿਆਨੀ ਤਣਾਅ ਵਿੱਚ ਹਨ।ਜਦੋਂ ਦੁਨੀਆ ਦੀਆਂ ਹੋਰ ਮਹਾਸ਼ਕਤੀਆਂ ਅਜਿਹੀ ਨਵੀਂ ਤਕਨੀਕ ਲੱਭਣ ਦੇ ਰਾਹ ਉੱਤੇ ਹਨ, ਜਿਹੜੀ ਮਨੁੱਖ ਨੂੰ 'ਅਸੀਮਤ ਊਰਜਾ' ਦੇ ਸਕੇ, ਓਦੋਂ ਮਾਹਿਰਾਂ ਦਾ ਕਹਿਣਾ ਹੈ ਕਿ ਚੀਨ ਦੀ ਨਕਲੀ ਸੂਰਜਬਾਰੇ ਸਫਲਤਾ ਬੜੀ ਮਹੱਤਵਪੂਰਨ ਹੈ, ਜਿਸ ਨਾਲ ਅਮਰੀਕਾ ਅਤੇ ਬ੍ਰਿਟੇਨ ਵਰਗੇ ਦੇਸ਼ ਵੀ ਇਸ ਖੋਜ ਲਈ ਮਜ਼ਬੂਰ ਹੋਏ ਹਨ। ਉਂਜ ਦੁਨੀਆ ਦੇ ਵਿਗਿਆਨੀਆਂ ਨੂੰ ਆਸ ਹੈ ਕਿ ਇਸ ਖੋਜ ਨਾਲ ਇਨਸਾਨਾਂ ਨੂੰ ਸੂਰਜ ਤੋਂ ਮਿਲਦੀ ਗਰਮੀ ਅਤੇ ਰੌਸ਼ਨੀ ਮਿਲੇਗੀ। ਈਸਟ ਅਤੇ ਹੋਰ ਫਿਊਜ਼ਨ ਰਿਐਕਟਰਾਂ ਦੀ ਕਲਪਨਾ 1950 ਦੇ ਦਹਾਕੇ ਵਿੱਚ ਸੋਵੀਅਤ ਰੂਸ ਦੇ ਵਿਗਿਆਨੀਆਂ ਨੇ ਕੀਤੀ ਸੀਤੇ ਚੀਨ ਨੇ ਆਪਣਾ ਨਕਲੀ ਸੂਰਜ ਜਾਂ ਟੋਕਾਮਕ ਬਣਾਉਣ ਲਈ ਪਾਣੀ ਵਾਂਗ ਪੈਸਾ ਖਰਚ ਕੀਤਾ ਹੈ। ਟੋਕਾਮੈਕ ਅਜਿਹੀ ਸਥਾਪਨਾ ਹੈ, ਜੋ ਪਲਾਜ਼ਮਾ ਵਿੱਚ ਹਾਈਡ੍ਰੋਜਨ ਆਈਸੋਟੋਪ ਉਬਾਲਣ ਲਈ ਉੱਚ ਤਾਪਮਾਨ ਦੀ ਵਰਤੋਂ ਕਰਦੀ ਹੈ। ਇਸ ਬਾਰੇ ਇੰਸਟੀਚਿਊਟ ਆਫ ਪਲਾਜ਼ਮਾ ਫਿਜ਼ਕਿਸ ਦੇ ਡਿਪਟੀ ਡਾਇਰੈਕਟਰ ਸੋਂਟ ਯੁਨਤਾਓ ਨੇ ਕਿਹਾ ਕਿ ਹੋਰ ਪੰਜ ਸਾਲ ਤੱਕ ਅਸੀਂ ਆਪਣੇ ਫਿਊਜ਼ਨ ਰਿਐਕਟਰ ਬਣਾਉਣ ਲੱਗਾਂਗੇ, ਜਿਸ ਲਈ 10 ਸਾਲ ਹੋਰ ਲੱਗ ਜਾਣਗੇ। ਫਿਰ ਅਸੀਂ ਪਾਵਰ ਜਨਰੇਟਰ ਬਣਾਵਾਂਗੇ ਅਤੇ ਲਗਭਗ 2040 ਤੱਕ ਬਿਜਲੀ ਪੈਦਾ ਕਰਨਾ ਸ਼ੁਰੂ ਕਰ ਦੇਵਾਂਗੇ।

# ਥਾਣੇ ਦੀ ਹਵਾਲਾਤ ਦੇ ਤਾਲੇ ਤੋੜ ਕੇ ਦੋ ਸਮੱਗਲਰ ਫਰਾਰ

ਲਾਂਬੜਾ, 6 ਜਨਵਰੀ (ਪੋਸਟ ਬਿਊਰੋ)- ਕਰਤਾਰਪੁਰ ਸਬ-ਡਵੀਜ਼ਨ ਦੇ ਦਿਹਾਤੀ ਥਾਣਾ ਲਾਂਬੜਾ ਦੀ ਹਵਾਲਾਤ ਦੇ ਤਾਲੇ ਤੋੜ ਕੇ ਦੋ ਸ਼ਰਾਬ ਸਮੱਗਲਰਾਂ ਦੇ ਫਰਾਰ ਹੋਣ ਸੂਚਨਾ ਪ੍ਰਾਪਤ ਹੋਈ ਹੈ।

ਇਸ ਬਾਰੇ ਥਾਣਾ ਲਾਂਬੜਾ ਦੇ ਐਸ ਐਚ ਓ ਸੁਖਦੇਵ ਸਿੰਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਕਾਰਨ ਪੂਰੀ ਫੋਰਸ ਵੀ ਆਈ ਪੀ ਡਿਊਟੀ ਕਰ ਰਹੀ ਸੀ। ਇਸ ਦੌਰਾਨ ਥਾਣੇ ਤੋਂ ਫ਼ੋਨ ਮਿਲਿਆ ਕਿ ਬੀਤੇ ਦਿਨ ਵੱਖ-ਵੱਖ ਕੇਸਾਂ ਵਿੱਚ 87 ਬੋਤਲਾਂ ਨਾਜਾਇਜ਼ ਦੇਸੀ ਸ਼ਰਾਬ ਸਮੇਤ ਫੜੇ ਦੋ ਸਮੱਗਲਰ ਹਵਾਲਾਤ ਦੇ ਬਾਥਰੂਮ ਦੇ ਪਾਈਪ ਤੋੜ ਕੇ ਅਤੇ ਹਵਾਲਾਤ ਦਾ ਤਾਲਾ ਤੋੜ ਕੇ ਫਰਾਰ ਹੋ ਗਏ ਹਨ।ਜਦੋਂ ਤਕ ਥਾਣੇ ਦਾ ਮੁਨਸ਼ੀ ਉਨ੍ਹਾਂ ਨੂੰ ਫੜਦਾ, ਉਹ ਦੋਵੇਂ ਥਾਣੇ ਦੀ ਕੰਧ ਟੱਪ ਕੇ ਫਰਾਰ ਹੋ ਗਏ। ਉਨ੍ਹਾਂ ਦੀ ਭਾਲ ਲਈ ਪੁਲਸ ਦੀਆਂ ਵੱਖ-ਵੱਖ ਟੁਕੜੀਆਂ ਤਲਾਸ਼ ਵਿੱਚ ਭੇਜੀਆਂ ਗਈਆਂ ਹਨ।ਐਸ ਐਚ ਓ ਨੇ ਦੱਸਿਆ ਕਿ ਬੀਤੇ ਦਿਨ 87 ਬੋਤਲਾਂ ਗੈਰ-ਕਾਨੂੰਨੀ ਦੇਸ਼ੀ ਸ਼ਰਾਬ ਦੇ ਵੱਖ-ਵੱਖ ਕੇਸਾਂ ਵਿੱਚ ਮੁਲਜ਼ਮਾਂ ਨੂੰ ਕੋਰੋਨਾ ਟੈਸਟ ਦੀ ਰਿਪੋਰਟ ਆਉਣ ਤੱਕ ਲਾਕਅਪ ਵਿੱਚ ਰੱਖਿਆ ਗਿਆ ਸੀ ਪਰ ਕੱਲ੍ਹ ਬਾਅਦ ਦੁਪਹਿਰ ਉਹ ਮੌਕਾ ਤਾੜ ਕੇ ਤਾਲੇ ਤੋੜ ਕੇ ਫਰਾਰ ਹੋ ਗਏ। ਫਰਾਰ ਮੁਲਜ਼ਮਾਂ ਦੇ ਨਾਂ ਮਨਦੀਪ ਉਰਫ਼ ਡੱਬੀ ਪੁੱਤਰ ਕਸ਼ਮੀਰੀ ਲਾਲ ਤੇ ਰਵੀਪਾਲ ਉਰਫ਼ ਰਵੀ ਪੁੱਤਰ ਰਾਜ ਕੁਮਾਰ ਦੋਵੇਂ ਵਾਸੀ ਕਾਦੀਆਂਵਾਲੀ ਥਾਣਾ ਸਦਰ ਜਮਸ਼ੇਰ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸਿਮਰਜੀਤ ਬੈਂਸ ਨੇ ਕੇਸ ਦੀ ਸੁਣਵਾਈ ਦੂਸਰੀ ਅਦਾਲਤ ਵਿੱਚ ਕਰਨ ਦੀ ਮੰਗ ਚੁੱਕੀ

ਲੁਧਿਆਣਾ, 6 ਜਨਵਰੀ (ਪੋਸਟ ਬਿਊਰੋ)- ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਅਤੇ ਹਲਕਾ ਆਤਮਨਗਰ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਆਪਣੇ ਖਿਲਾਫ ਦਰਜ ਬਲਾਤਕਾਰ ਦੇ ਕੇਸ ਦੀ ਸੁਣਵਾਈ ਮੌਜੂਦਾ ਅਦਾਲਤ ਤੋਂ ਬਦਲਣ ਦੀ ਅਰਜ਼ੀ ਜ਼ਿਲ੍ਹਾ ਤੇ ਸੈਸ਼ਨ ਜੱਜ ਮੁਨੀਸ਼ ਸਿੰਘਲ ਦੀ ਅਦਾਲਤ ਵਿੱਚ ਲਾਈ ਹੈ।

ਆਪਣੇ ਵਕੀਲਾਂ ਦੇ ਰਾਹੀਂ ਦਾਇਰ ਅਰਜ਼ੀ ਵਿੱਚਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਹੈ ਕਿ ਸਬੰਧਤ ਅਦਾਲਤ ਤੋਂ ਉਨ੍ਹਾਂ ਨੂੰ ਇਨਸਾਫ ਨਹੀਂ ਮਿਲੇਗਾ, ਕਿਉਂਕਿ ਅਦਾਲਤ ਨੇ ਅਧੂਰਾ ਚਲਾਨ ਸਵੀਕਾਰ ਕਰ ਲਿਆ ਹੈ, ਜਦ ਕਿ ਪੁਲਸ ਦੀ ਜਾਂਚ ਅਜੇ ਜਾਰੀ ਹੈ, ਪਰ ਅਦਾਲਤ ਨੇ ਜਲਦਬਾਜ਼ੀ ਕਰ ਕੇ ਉਨ੍ਹਾਂ ਖਿਲਾਫ ਪਹਿਲਾਂ ਜ਼ਮਾਨਤੀ ਅਤੇ ਫਿਰ ਉਨ੍ਹਾਂ ਦੇ ਖਿਲਾਫ ਭਗੌੜਾ ਹੋਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਲਈ ਇਸ ਕੇਸ ਦੀ ਸੁਣਵਾਈ ਦੂਸਰੀ ਅਦਾਲਤ ਵਿੱਚ ਟਰਾਂਸਫਰ ਕੀਤੀ ਜਾਏ। ਜ਼ਿਲ੍ਹਾ ਤੇ ਸੈਸ਼ਨ ਜੱਜ ਮੁਨੀਸ਼ ਸਿੰਘਲ ਨੇ ਸਰਕਾਰੀ ਧਿਰ ਨੂੰ ਇਸ ਬਾਰੇ ਜਵਾਬ ਦਾਖਲ ਕਰਨ ਨੂੰ ਕਿਹਾ ਹੈ। ਵਰਨਣ ਯੋਗ ਹੈ ਕਿ 24 ਦਸੰਬਰ ਨੂੰ ਸੁਣਵਾਈ ਮੌਕੇ ਜੱਜ ਹਰਸਿਮਰਨਜੀਤ ਕੌਰ ਨੇ ਬਲਾਤਕਾਰ ਮਾਮਲੇ ਵਿਚ ਸਿਮਰਜੀਤ ਸਿੰਘ ਬੈਂਸ ਦੀ ਗ੍ਰਿਫਤਾਰੀ ਤੋਂ ਬਚਣ ਦੀਅਰਜ਼ੀ ਰੱਦ ਕਰ ਦਿੱਤੀ ਸੀ। ਇਸ ਅਰਜ਼ੀ ਵਿੱਚ ਇਹ ਵੀ ਕਿਹਾ ਹੈ ਸੀ ਕਿ ਪੁਲਸ ਨੇ ਅਧੂਰਾ ਚਲਾਨ ਪੇਸ਼ ਕੀਤਾ ਹੈ ਅਤੇ ਅਦਾਲਤ ਨੇ ਉਨ੍ਹਾਂ ਖਿਲਾਫ ਗਲਤ ਵਾਰੰਟ ਕੱਢੇ ਹਨ। ਅਦਾਲਤ ਨੇ ਇਸ ਅਰਜ਼ੀ ਨੂੰ ਰੱਦ ਕਰਦੇ ਹੋਏ ਪ੍ਰੋਸੈਸ ਸਰਵਰ ਨੂੰ ਅਦਾਲਤ ਵਿੱਚ ਆਪਣੇ ਬਿਆਨ ਦਰਜ ਕਰਵਾਉਣ ਦਾ ਹੁਕਮ ਜਾਰੀ ਕਰਦੇ ਹੋਏ ਮਾਮਲੇ ਦੀ ਅਗਲੀ ਤਰੀਕ 11 ਫਰਵਰੀ ਤੈਅ ਕੀਤੀ ਸੀ।

## 'ਰੰਗ ਦਾ ਪੱਤਾ'

ਉਹ ਜਿੱਤੀ ਹੋਈ ਬਾਜ਼ੀ ਹਾਰ ਗਏ
ਕਿਉਂ ਭਲਾ ?
ਕਿਉਂਕਿ ਉਹਨਾਂ ਕੋਲ 'ਰੰਗ' ਦਾ
ਪੱਤਾ ਨਹੀਂ ਸੀ
ਬਾਜ਼ੀ ਜਿੱਤਣ ਲਈ ਨਹੀਂ ਲੋੜ ਹੈ
ਢੇਰ ਸਾਰੇ ਪੱਤਿਆਂ ਦੀ
ਬਾਜ਼ੀ ਤਾਂ ਵੀ ਜਿੱਤ ਲਈ ਦੀ ਹੈ
ਕੋਲ ਭਾਂਵੇ ਦੁੱਕੀ ਵੀ 'ਰੰਗ' ਦੀ
ਹੋਵੇ ਤੁਹਾਡੇ ਕੋਲ
ਮੈਂ ਸੋਚ ਵਿੱਚ ਹਾਂ ;ਕਿ ਕੀ ਸ਼ੈਅ ਹੈ
ਇਹ ਪੱਤਾ 'ਰੰਗ' ਦਾ ?
ਨਹੀਂ ਲੋੜ ਹੈ ਹੇਰਾਨ ਹੋਣੇ ਦੀ
ਨਹੀਂ ਚੀਜ਼ ਹੈ ਕੋਈ ਇਹ ਹੈਰਾਨ
ਕਰਨ ਵਾਲੀ
'ਰੰਗ'ਦਾ ਪੱਤਾ ਹੋਰ ਕੁਝ ਨਹੀਂ
ਇਹ ਤਾਂ ਹੈ ਸਿਰਫ ਤੇ ਸਿਰਫ
ਪਿਆਰਿਓ
ਨਦਰ-ਏ -ਇਨਾਇਤ
ਸਭ ਦੇ ਮਾਲਿਕ ਦੀ,
ਪਰਮ ਪਿਤਾ ਪਰਮਾਤਮਾ ਦੀ!
ਪਰਮ ਪਿਤਾ ਪਰਮਾਤਮਾ ਦੀ!!
ਸੋ ਮਿੱਤਰੋ ! ਰੱਬ ਤੋਂ ਮੰਗੋ ,ਮੰਗੋ
ਕੁਝ ਵੀ,ਰੱਬ ਤੋਂ ਹੀ ਤਾਂ ਮੰਗਣਾ ਹੈ
ਪਰ ਭੁੱਲਣਾ ਨਾ ਕਦੇ ਮੰਗਣਾ ਇੱਕ
ਪੱਤਾ 'ਰੰਗ' ਦਾ
ਭਾਂਵੇ ਦੁੱਕੀ ਹੀ ਹੋਵੇ!
ਭਾਂਵੇ ਦੁੱਕੀ ਹੀ ਹੋਵੇ!!

ਅਮਰਜੀਤ ਕੌਰ
ਸਟੇਟ ਐਵਾਰਡੀ,ਸੇਵਾ ਮੁਕਤ,
ਮੁੱਖ ਅਧਿਆਪਕਾ

# ਕੋਵਿਡ ਟਾਸਕ ਫੋਰਸ ਮੁਖੀ ਵੱਲੋਂ ਕੋਰੋਨਾ ਦੀ ਤੀਸਰੀ ਲਹਿਰ ਭਾਰਤ ਵਿੱਚ ਆ ਚੁੱਕੀ ਹੋਣ ਦਾ ਦਾਅਵਾ

ਨਵੀਂ ਦਿੱਲੀ, 6 ਜਨਵਰੀ, (ਪੋਸਟ ਬਿਊਰੋ)-ਭਾਰਤਵਿੱਚ ਕੋਵਿਡ ਟਾਸਕ ਫੋਰਸ ਦੇ ਮੁਖੀ ਡਾਕਟਰ ਐਨ ਕੇ ਅਰੋੜਾ ਨੇ ਕਿਹਾ ਹੈ ਕਿ ਕੋਰੋਨਾ ਦੀ ਤੀਸਰੀ ਲਹਿਰ ਏਥੇ ਆ ਚੁੱਕੀ ਹੈ। ਉਨ੍ਹਾਂ ਕਿਹਾ ਹੈ ਕਿ ਮਹਾਨਗਰਾਂ ਤੋਂ ਓਮੀਕਰੋਨ ਨਾਲ ਜੁੜੇ ਜ਼ਿਆਦਾ ਕੇਸ ਮਿਲ ਰਹੇ ਹਨ। ਡਾ: ਅਰੋੜਾ ਨੇ ਕਿਹਾ ਕਿ ਮੁੰਬਈ, ਦਿੱਲੀ ਤੇ ਕੋਲਕਾਤਾ ਵਰਗੇ ਸ਼ਹਿਰਾਂ ਵਿਚ ਇਸ ਸਮੇਂ 75 ਫੀਸਦੀ ਕੇਸ ਓਮੀਕਰੋਨ ਵੇਰੀਐਂਟ ਨਾਲ ਜੁੜੇ ਹੋਏ ਮਿਲ ਰਹੇ ਹਨ।



ਇੱਕ ਟੀ ਵੀ ਚੈਨਾਲਦੇ ਨਾਲ ਗੱਲਬਾਤ ਦੌਰਾਨ ਡਾ: ਅਰੋੜਾ ਨੇ ਕਿਹਾ: ਦਸੰਬਰ ਦੇ ਪਹਿਲੇ ਹਫ਼ਤੇ ਦੌਰਾਨ ਭਾਰਤ ਵਿੱਚ ਓਮੀਕਰੋਨ ਦਾ ਪਹਿਲਾ ਕੇਸਮਿਲਿਆ ਸੀ, ਪਿਛਲੇ ਅੰਕੜੇਵੇਖੀਏ ਤਾਂ ਦੇਸ਼ ਪੱਧਰ ਉੱਤੇ 12 ਫੀਸਦੀ ਕੇਸ ਇਸ ਨਾਲ ਸਬੰਧਤ ਹਨ। ਇਸ ਤੋਂ ਬਾਅਦ ਬੀਤੇ ਹਫ਼ਤੇ 28 ਫੀਸਦੀ ਵਾਧਾ ਹੋਇਆ ਤੇ ਇਹ ਤੇਜ਼ੀ ਨਾਲ ਵਧ ਰਿਹਾ ਹੈ। ਇਹ ਵੀ ਜ਼ਿਕਰ ਯੋਗ ਹੈ ਕਿ ਵੱਡੇ ਸ਼ਹਿਰਾਂ, ਖਾਸ ਕਰਕੇ ਦਿੱਲੀ ਵਿੱਚ 75 ਫੀਸਦੀ ਕੇਸ ਓਮੀਕਰੋਨ ਦੇ ਮਿਲੇ ਹਨ।

ਇਸ ਤੋਂ ਪਹਿਲਾਂ, ਕੋਵਿਡ ਵੈਕਸੀਨ ਸਟਰੈਟਜੀ ਪੈਨਲ ਦੇ ਮੁਖੀ ਡਾ ਐਨ ਕੇ ਅਰੋੜਾ ਨੇਕਿਹਾ ਸੀ ਕਿ ਬੂਸਟਰ ਡੋਜ਼ ਦੇ ਅਸਰ ਬਾਰੇ ਤਸਵੀਰ ਅਜੇ ਸਾਫ ਨਹੀਂ। ਉਨ੍ਹਾਂ ਕਿਹਾ ਕਿ ਕਈ ਦੇਸ਼ ਵੈਕਸੀਨ ਦੀਆਂ ਚਾਰ ਖੁਰਾਕਾਂ ਉੱਤੇ ਵਿਚਾਰ ਕਰ ਰਹੇ ਹਨ।ਡਾ ਅਰੋੜਾ ਨੇ ਕਿਹਾ ਹੈ ਕਿ ਬੂਸਟਰ ਡੋਜ਼ ਬਾਰੇ ਸਾਡੀ ਸਮਝ ਅਤੇ ਸਾਇੰਸ ਦਾ ਵੱਡਾ ਫਰਕ ਹੈ।ਉਨ੍ਹਾਂ ਚਿੰਤਾ ਪ੍ਰਗਟ ਕੀਤੀ ਕਿ ਭਾਰਤ ਦੀਆਂ 4.5 ਕਰੋੜ ਗਰਭਵਤੀ ਔਰਤਾਂ ਵਿੱਚੋਂ ਸਿਰਫ਼ 10 ਫ਼ੀਸਦੀ ਨੇ ਵੈਕਸੀਨ ਲਵਾਈ ਹੈ, ਜਿਸ ਦਾ ਮਤਲਬ ਹੈ ਕਿ ਲਗਭਗ 40 ਕਰੋੜ ਔਰਤਾਂ ਅਜੇ ਵੀ ਵੈਕਸੀਨ ਤੋਂ ਬਿਨਾਂ ਹਨ।ਇਸ ਦੌਰਾਨ ਸੋਮਵਾਰ ਨੂੰ ਸਿਹਤ ਮੰਤਰਾਲੇ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ ਭਾਰਤਵਿੱਚ ਪਿਛਲੇ 24 ਘੰਟਿਆਂ ਵਿੱਚ ਕੋਰੋਨਾ ਵਾਇਰਸ ਦੇ 33,750 ਨਵੇਂ ਕੇਸਮਿਲੇ ਹਨ, ਜਦ ਕਿ ਪਹਿਲਾਂ ਇਹ ਦਸ ਹਜ਼ਾਰ ਤੋਂ ਹੇਠਾਂ ਆ ਗਏ ਸਨ, ਪਰ ਪਿਛਲੇ ਕੁਝ ਦਿਨਾਂ ਤੋਂ ਇਨ੍ਹਾਂ ਵਿੱਚ ਅਚਾਨਕ ਵਾਧਾ ਹੋਣ ਲੱਗ ਪਿਆ ਅਤੇ ਸਥਿਤੀ ਚਿੰਤਾ ਵਾਲੀ ਬਣ ਰਹੀ ਹੈ। ਦੂਸਰੇ ਪਾਸੇ ਕੋਰੋਨਾ ਦੀ ਤੀਸਰੀ ਲਹਿਰ ਦੇ ਡਰ ਕਾਰਨ ਰਾਜਧਾਨੀ ਦਿੱਲੀ ਅਤੇ ਚੰਡੀਗੜ੍ਹ ਵਿੱਚ ਨਵੀਂਆਂ ਰੋਕਾਂ ਦੇ ਬਾਰੇ ਸੋਚਿਆ ਜਾ ਰਿਹਾ ਹੈ ਅਤੇ ਕੁਝ ਪਾਬੰਦੀਆਂ ਲਾਈਆਂ ਵੀ ਗਈਆਂ ਹਨ। ਕਈ ਹੋਰ ਰਾਜਾਂ ਦੇ ਨਾਲ ਪੰਜਾਬ ਸਰਕਾਰ ਵੀ ਕੋਰੋਨਾ ਦੀ ਤੀਸਰੀ ਲਹਿਰ ਨੂੰ ਰੋਕਣ ਲਈ ਅਗੇਤੇ ਪ੍ਰਬੰਧ ਕਰਨ ਰੁੱਝ ਗਈ ਹੈ।

# ਐਸੋਸੀਏਸ਼ਨ ਆਫ਼ ਸੀਨੀਅਰਜ਼ ਨੇ ਮੇਅਰ ਪੈਟ੍ਰਿਕ ਬਰਾਊਨ ਕੋਲ ਸੀਨੀਅਰਜ਼ ਦੀਆਂ ਮੰਗਾਂ ਉਠਾਈਆਂ

ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਐਸੋਸੀਏਸ਼ਨ ਆਫ਼ ਸੀਨੀਅਰਜ਼ ਦੀ ਕਾਰਜਕਾਰਨੀ ਦੇ ਵਫ਼ਦ ਨੇ ਬੀਤੇ ਦਿਨੀਂ ਪ੍ਰਧਾਨ ਹਰਦਿਆਲ ਸਿੰਘ ਸੰਧੂ ਦੀ ਅਗਵਾਈ ਵਿਚ ਬਰੈਂਪਟਮ ਦੇ ਮੇਅਰ ਪੈਟ੍ਰਿਕ ਬਰਾਊਨ ਨਾਲ ਉਨ੍ਹਾਂ ਦੇ ਦਫ਼ਤਰ ਵਿਚ ਮੁਲਾਕਾਤ ਕਰਕੇ ਸੀਨੀਅਰਾਂ ਦੀਆਂ ਬਰੈਂਪਟਨ ਸ਼ਹਿਰ ਨਾਲ ਸਬੰਧਿਤ ਮੰਗਾਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੀਆਂ ਗਈਆਂ। ਵਫ਼ਦ ਵਿਚ ਪ੍ਰਧਾਨ ਹਰਦਿਆਲ ਸਿੰਘ ਸੰਧੂ ਦੇ ਨਾਲ ਜੰਗੀਰ ਸਿੰਘ ਸੈਂਹਬੀ, ਕਰਤਾਰ ਸਿੰਘ ਚਾਹਲ ਅਤੇ ਨਿਰਮਲ ਸਿੰਘ ਧਾਰਨੀ ਸ਼ਾਮਲ ਸਨ। ਮੀਟਿੰਗ ਦੇ ਦੌਰਾਨ ਮੇਅਰ ਦੇ ਪੀ.ਏ. ਕੁਲਦੀਪ ਸਿੰਘ ਗੋਲੀ ਵੀ ਹਾਜ਼ਰ ਰਹੇ। ਮੇਅਰ ਸਾਹਿਬ ਵੱਲੋਂ ਸੀਨੀਅਰਜ਼ ਦੀਆਂ ਮੰਗਾਂ ਨੂੰ ਬੜੀ ਹਮਦਰਦੀ ਨਾਲ ਸੁਣਿਆਂ ਗਿਆ ਅਤੇ ਸੀਨੀਅਰਾਂ ਦੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।



ਇਸ ਮੁਲਾਬਾਤ ਦੌਰਾਨ ਮੇਅਰ ਪੈਟ੍ਰਿਕ ਬਰਾਊਨ ਨੇ ਦੱਸਿਆ ਕਿ ਉਨ੍ਹਾਂ ਨੇ ਸੀਨੀਅਰਜ਼ ਨੂੰ ਮੁਫ਼ਤ ਬੱਸ ਸਰਵਿਸ ਦੇਣ ਦਾ ਵਾਅਦਾ ਪੂਰਾ ਕਰ ਦਿੱਤਾ ਹੈ ਪਰ ਕਰੋਨਾ ਦੇ ਨਵੇਂ-ਨਵੇਂ ਰੂਪ ਆਉਣ ਕਾਰਨ ਅਜੇ ਪਾਬੰਦੀਆਂ ਜਾਰੀ ਰਹਿਣ ਕਰਕੇ ਅਜੇ ਇਹ ਲਾਗੂ ਨਹੀਂ ਕੀਤੀ ਜਾ ਸਕੀ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਮਾਰਚ ਤੱਕ ਸੀਨੀਅਰਾਂ ਲਈ ਮੁਫ਼ਤ ਸਫ਼ਰ ਦੀ ਸਹੂਲਤ ਲਾਗੂ ਹੋ ਜਾਏਗੀ। ਉਨ੍ਹਾਂ ਇਹ ਵੀ ਦੱਸਿਆ ਕਿ ਰਿਵਰ ਸਟੋਨ ਕਮਿਊਨਿਟੀ ਸੈਂਟਰ ਅਪ੍ਰੈਲ ਤੀਕ ਚਾਲੂ ਹੋ ਜਾਏਗਾ ਜਿਸ ਵਿਚ ਸੀਨੀਅਰਜ਼ ਦੀ ਇਸ ਐਸੋਸੀਏਸ਼ਨ ਨੂੰ ਵੀ ਇਕ ਕਮਰਾ ਦਿੱਤਾ ਜਾਏਗਾ। ਇਸ ਵਿਚ ਫ਼ਲਾਵਰ ਸਿਟੀ ਵਾਂਗ ਮੀਟਿੰਗਾਂ ਹੋ ਸਕਣਗੀਆਂ ਅਤੇ ਕੌਂਸਲਰ ਇਨ੍ਹਾਂ ਮੀਟਿੰਗਾਂ ਵਿਚ ਹਾਜ਼ਰੀ ਭਰਿਆ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ ਐਕਟਿਵ ਅਸਿਸਟੈਂਸ ਪ੍ਰੋਗਰਾਮਾਂ ਬਾਰੇ ਜਨਵਰੀ ਵਿਚ ਹੋਣ ਵਾਲੀ ਮੀਟਿੰਗ ਜਿਹੜੀ ਕਿ ਪ੍ਰੋਗਰਾਮ ਡਾਇਰੈੱਕਟਰ ਅਨੰਦ ਪਟੇਲ ਨਾਲ ਹੋਵੇਗੀ ਜਿਸ ਵਿਚ ਫ਼ੈਸਲਾ ਕਰ ਦਿੱਤਾ ਜਾਏਗਾ ਜਿਸ ਦੇ ਅਧਾਰ 'ਤੇ ਹਰ ਜੋੜੇ ਨੂੰ ਸਹਾਇਤਾ ਮਿਲੇਗੀ।

ਮੇਅਰ ਬਰਾਊਨ ਨਾਲ ਇਹ ਮੀਟਿੰਗ ਬੜੇ ਸਦਭਾਵਨਾ ਭਰੇ ਮਾਹੌਲ ਵਿਚ ਹੋਈ। ਐਸੋਸੀਏਸ਼ਨ ਦੇ ਵਫ਼ਦ ਨੇ ਮੇਅਰ ਅਤੇ ਇਹ ਮੀਟਿੰਗ ਵਿਚ ਸਹਾਇਤਾ ਕਰਨ ਵਾਲੇ ਮੇਅਰ ਦੇ ਪੀ.ਏ. ਕੁਲਦੀਪ ਸਿੰਘ ਗੋਲੀ ਦਾ ਹਾਰਦਿਕ ਧੰਨਵਾਦ ਕੀਤਾ।

# ਸਫ਼ਰ-ਏ-ਸ਼ਹਾਦਤ ਦੀ ਲੜੀ ਤਹਿਤ 10 ਰੋਜ਼ਾ ਸਮਾਗਮ ਸੰਪੂਰਨ





ਸਟਾਰ ਨਿਊਜ਼: ਵਿਰਸੇ ਦੇ ਵਰਸਾਂ ਨਾਲ ਵਿਰਸੇ ਦੀਆਂ ਗੱਲਾਂ ਕਰਨੀਆਂ ਬਹੁਤ ਜ਼ਰੂਰੀ ਹਨ। ਜਿਹੜੀਆਂ ਕੌਮਾਂ ਆਪਣੇ ਵਿਰਸੇ ਆਪਣੇ ਇਤਿਹਾਸ ਨੂੰ ਚੇਤੇ ਰੱਖਦੀਆਂ ਹਨ ਉਹ ਸਮੇਂ ਸਮੇਂ ਤੇ ਵੱਡੇ ਸੰਘਰਸ਼ਾਂ ਵਿੱਚ ਜਿੱਤ ਪ੍ਰਾਪਤ ਕਰਦੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗਿਆਨੀ ਜੈਦੀਪ ਸਿੰਘ ਫਗਵਾੜਾ ਵਾਲਿਆਂ ਨੇ ਗੁਰਦੁਆਰ ਸ੍ਰੀ ਗੁਰੂ ਸਿੰਘ ਸਭਾ ਕੈਂਬਰਿੱਜ ਵਿਖੇ ਸਫਰ ਏ-ਸ਼ਹਾਦਤ ਦੀ ਲੜੀ ਤਹਿਤ ਰੱਖੇ ਗਏ 10 ਰੋਜ਼ਾ ਸਮਾਗਮ ਦੇ ਅਖੀਰਲੇ ਦਿਨ ਕੀਤਾ। 21 ਦਸੰਬਰ ਤੋਂ 30 ਦਸੰਬਰ ਤੱਕ ਗੁਰਦੁਆਰਾ ਸਾਹਿਬ ਵਿਖੇ ਮਹਾਨ ਸਮਾਗਮ ਉਲੀਕੇ ਗਏ ਸਨ ਜੋਕਿ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਨ। ਇਨ੍ਹਾਂ ਦੀਵਾਨਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਿਲਾ ਅਨੰਦਪੁਰ ਛੱਡਣ ਤੋਂ ਲੈਕੇ ਪਰਿਵਾਰ ਵਿਛੋੜਾ ਚਮਕੌਰ ਦੀ ਗੜ੍ਹੀ ਸੁਰਹੰਦ ਦੀਆਂ ਨੀਹਾਂ ਵਿਖੇ ਵਾਪਰੇ ਸਾਕੇ ਸਾਂਝੇ ਕੀਤੇ ਗਏ। ਰੋਜ਼ਾਨਾ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਦੀਵਾਨ ਸਜਾਏ ਜਾਂਦੇ ਸਨ, ਜਿਨ੍ਹਾਂ ਵਿੱਚ ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ, ਗਿ: ਜੈਦੀਪ ਸਿੰਘ ਹੈਡ ਗ੍ਰੰਥੀ ਵਲੋਂ ਕੀਰਤਨ ਅਤੇ ਕਥਾ ਦੀ ਸਾਂਝ ਸੰਗਤਾਂ ਨਾਲ ਪਾਈ ਜਾਂਦੀ ਸੀ। ਭਾਈ ਰਾਜਪਾਲ ਸਿੰਘ ਵਲੋਂ ਕਵਿਤਾ ਰਾਹੀਂ ਇਤਿਹਾਸ ਦੇ ਲਹੂ ਭਿੱਜੇ ਪੰਨੇ ਸੰਗਤਾਂ ਨਾਲ ਸਾਂਝੇ ਕੀਤੇ ਜਾਂਦੇ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਹ ਉਪਰਾਲਾ ਕਰਨ ਦਾ ਮਨੋਰਥ ਸੰਗਤਾਂ ਨੂੰ ਆਪਣੇ ਇਤਿਹਾਸ ਨਾਲ ਜੋੜਨ ਦੀ ਭਾਵਨਾ ਤਹਿਤ ਕੀਤਾ ਗਿਆ। ਸੰਗਤਾਂ ਵਲੋਂ ਰੋਜ਼ਾਨਾਂ ਹੀ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਜਾਂਦੀ ਰਹੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੌਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਚੋਣ ਪ੍ਰਬੰਧ ਤਾਂ ਚੰਗੇ ਨਹੀਂ, ਪਰ ਚੰਗੇ ਦੀ ਆਸ ਕਰੀਏ, ਕਿਉਂਕਿ ਆਸ ਨਾਲ ਹੀ ਜਹਾਨ ਕਾਇਮ ਹੁੰਦੈ



ਜਤਿੰਦਰ ਪਨੂੰ

ਭਾਰਤ ਦਾ ਲੋਕਤੰਤਰ ਆਪਣੀ ਕਿਸਮ ਦਾ ਹੈ ਅਤੇ ਆਪਣੀ ਕਿਸਮ ਦਾ ਹੈ, ਇਹਦੇ ਵਰਗਾ ਹੋਰ ਕੋਈ ਨਹੀਂ ਲੱਭ ਸਕਣਾ। ਇਸ ਦਾ ਮਤਲਬ ਇਹ ਨਹੀਂ ਸਮਝਣਾ ਚਾਹੀਦਾ ਕਿ ਇਹ ਏਨਾ ਸੁਲੱਖਣਾ ਹੈ ਕਿ ਇਹਦੇ ਵਰਗਾ ਕੋਈ ਨਹੀਂ, ਸਗੋਂ ਇਹ ਏਨੀ ਬੁਰੀ ਤਰ੍ਹਾਂ ਵਿਗੜ ਗਿਆ ਹੈ ਕਿ ਇਹਦੇ ਜਿੰਨਾ ਵਿਗੜਿਆ ਸ਼ਾਇਦ ਹੀ ਕੋਈ ਹੋਰ ਹੋਵੇਗਾ। ਉਂਜ ਇਹ ਗੱਲ ਨਹੀਂ ਕਿ ਸਿਰਫ ਭਾਰਤ ਦਾ ਲੋਕਤੰਤਰ ਵਿਗੜਿਆ ਹੋਵੇ, ਸੰਸਾਰ ਦੇ ਕਈ ਦੇਸ਼ਾਂ ਦਾ ਲੋਕਤੰਤਰੀ ਸਿਸਟਮ ਵਿਗਾੜਾਂ ਦੇ ਕਾਰਨ ਸਵਾਲਾਂ ਦੇ ਘੇਰੇ ਵਿੱਚ ਆਉਂਦਾ ਰਹਿੰਦਾ ਹੈ। ਅਸੀਂ ਪਾਕਿਸਤਾਨ ਨਾਲ ਤੁਲਨਾ ਨਹੀਂ ਕਰਨਾ ਚਾਹੁੰਦੇ ਤੇ ਤੁਲਨਾ ਅਸੀਂ ਜਾਪਾਨ ਵਰਗੇ ਦੇਸ਼ਾਂ ਨਾਲ ਵੀ ਨਹੀਂ ਕਰ ਸਕਦੇ, ਇੱਕ ਪਾਸੇ ਬਹੁਤ ਜ਼ਿਆਦਾ ਵਿਗੜਿਆ ਹੋਇਆ ਪ੍ਰਬੰਧ ਹੈ ਅਤੇ ਦੂਸਰੇ ਪਾਸੇ ਏਨਾ ਸੁਲਝਿਆ ਹੋਇਆ ਕਿ ਅਸੀਂ ਉਸ ਦੇ ਨੇੜੇ-ਤੇੜੇ ਵੀ ਨਹੀਂ ਢੁਕਦੇ। ਸੰਸਾਰ ਦੇ ਜਿਹੜੇ ਦੇਸ਼ ਅਗਵਾਨੂੰ ਸਮਝੇ ਜਾਂਦੇ ਹਨ, ਉਨ੍ਹਾਂ ਵਿੱਚੋਂ ਅਮਰੀਕਾ ਵਿਚਲੇ ਚੋਣ ਪ੍ਰਬੰਧ ਦਾ ਨੱਕ ਵੱਢਣ ਵਾਲਾ ਜਿਹੜਾ ਕੰਮ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਕਰ ਗਿਆ ਹੈ, ਉਸ ਪਿੱਛੋਂ ਭਾਰਤੀ ਲੋਕ ਉਸ ਦੀ ਮਿਸਾਲ ਦੇ ਕੇ ਇਹ ਕਹਿ ਛੱਡਿਆ ਕਰਨਗੇ ਕਿ ਅਸੀਂ ਇਕੱਲੇ ਨਹੀਂ, ਅਮਰੀਕਾ ਵਰਗੇ ਦੇਸ਼ਾਂ ਵਿੱਚ ਵੀ ਇਸ ਪੱਖੋਂ ਬੁਰਾ ਹਾਲ ਹੋਇਆ ਪਿਆ ਹੈ।

ਇਸ ਵਕਤ ਜਦੋਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੀ ਸਰਗਰਮੀ ਸ਼ੁਰੂ ਹੋ ਚੁੱਕੀ ਹੈ, ਸਭ ਪਾਰਟੀਆਂ ਦੇ ਲੀਡਰ ਪੁਰਾਤਨ ਜੰਗਾਂ ਵਿੱਚ ਰੱਥਾਂ ਉੱਤੇ ਸਵਾਰ ਹੋ ਕੇ ਨਿਕਲੇ ਰਾਜਿਆਂ ਵਾਂਗ ਧੂੜਾਂ ਉਡਾਈ ਜਾਂਦੇ ਹਨ ਤਾਂ ਆਮ ਲੋਕਾਂ ਮੂੰਹੋਂ ਚੋਣ ਪ੍ਰਬੰਧ ਬਾਰੇ ਕਈ ਟਿਪਣੀਆਂ ਸੁਣੀਆਂ ਜਾ ਰਹੀਆਂ ਹਨ। ਇੱਕ ਟਿਪਣੀ ਸਦਾ ਵਾਂਗ ਇਸ ਵਾਰੀ ਵੀ ਇਹੋ ਹੈ ਕਿ ਚੋਣਾਂ ਦਾ ਸਿਰਫ ਡਰਾਮਾ ਹੈ, ਵੋਟਿੰਗ ਮਸ਼ੀਨਾਂ ਵਿੱਚ ਨਤੀਜਾ ਪਹਿਲਾਂ ਭਰ ਦਿੱਤਾ ਹੋਵੇਗਾ। ਮਨ ਵਿੱਚ ਕਈ ਸ਼ੱਕ ਹੋਣ ਦੇ ਬਾਵਜੂਦ ਅਸੀਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋ ਸਕਦੇ। ਜਿਹੜੀ ਗੱਲ ਅਸੀਂ ਜਾਣਦੇ ਹਾਂ ਤੇ ਕਹਿ ਸਕਦੇ ਹਾਂ, ਉਹ ਇਹ ਹੈ ਕਿ ਭਾਰਤ ਵਿੱਚ ਪੂਰਾ ਈਮਾਨਦਾਰ ਚੋਣ ਪ੍ਰਬੰਧ ਕਦੇ ਵੀ ਨਹੀਂ ਹੋ ਸਕਿਆ। ਜਦੋਂ ਬੈਲਟ ਪੇਪਰ ਹਾਲੇ ਵਰਤਣੇ ਸ਼ੁਰੂ ਨਹੀਂ ਸੀ ਹੋਏ, ਬਕਸਿਆਂ ਦੇ ਬਾਹਰ ਚੋਣ ਨਿਸ਼ਾਨ ਲਾ ਕੇ ਪਰਦੇ ਓਹਲੇ ਗਏ ਵੋਟਰ ਨੂੰ ਉਸ ਦੀ ਮਰਜ਼ੀ ਦੇ ਨਿਸ਼ਾਨ ਵਾਲੇ ਬਕਸੇ ਵਿੱਚ ਵੋਟ ਪਾਉਣ ਦੀ ਖੁੱਲ੍ਹ ਹੁੰਦੀ ਸੀ, ਓਦੋਂ ਜ਼ੋਰਾਵਰ ਧਿਰ ਆਪਣੇ ਵਿਰੋਧ ਦੀ ਧਿਰ ਦਾ ਬਕਸਾ ਭਰਿਆ ਵੇਖ ਕੇ ਬਾਹਰ ਲੱਗੇ ਨਿਸ਼ਾਨ ਬਦਲਵਾ ਦੇਂਦੀ ਅਤੇ ਭਰੇ ਹੋਏ ਬਕਸੇ ਮੱਲ ਲਿਆ ਕਰਦੀ ਸੀ। ਪ੍ਰਤਾਪ ਸਿੰਘ ਕੈਰੋਂ ਉੱਤੇ ਇਹ ਦੋਸ਼ ਵੀ ਲੱਗਾ ਸੀ ਕਿ ਉਹ ਚੌਤੀ ਵੋਟਾਂ ਨਾਲ ਹਾਰ ਗਿਆ ਤਾਂ ਰਿਟਰਨਿੰਗ ਅਫਸਰ ਨੂੰ ਚੌਤੀ ਦੇ ਫਰਕ ਨਾਲ ਜਿੱਤਿਆ ਹੋਣ ਦਾ ਐਲਾਨ ਕਰਨ ਲਈ ਮਜਬੂਰ ਕਰ ਦਿੱਤਾ ਸੀ। ਇਹ ਸਾਡੇ ਬਚਪਨ ਦੇ ਕਿੱਸੇ ਸਨ ਤੇ ਜਦੋਂ ਅਸੀਂ ਪਹਿਲੀ ਵਾਰੀ ਚੋਣ ਹੁੰਦੀ ਵੇਖੀ, ਓਦੋਂ ਇੱਕ ਕੰਮ ਹੋਰ ਹੋ ਗਿਆ ਸੀ। ਸਾਡੇ ਕੁਝ ਮਿੱਤਰ ਇੱਕ ਵਿਧਾਨ ਸਭਾ ਚੋਣ ਵੇਲੇ ਵੋਟਾਂ ਦੀ ਗਿਣਤੀ ਦੇ ਸਟਾਫ ਵਿੱਚ ਸਨ, ਕੰਮ ਮੁਕਾ ਕੇ ਆਏ ਤਾਂ ਇੱਕ ਟਿਊਬਵੈੱਲ ਉੱਤੇ ਜਾ ਬੈਠੇ ਤੇ ਇੱਕੋ ਗੱਲ ਕਹੀ ਜਾਣ ਕਿ ਜਿਹੜਾ ਜਿੱਤਿਆ ਹੈ, ਅਸੀਂ ਵੀ ਏਸੇ ਦੇ ਹਮਾਇਤੀ ਹਾਂ, ਪਰ ਆਹ ਕੰਮ ਨਹੀਂ ਸੀ ਹੋਣਾ ਚਾਹੀਦਾ। ਅਸੀਂ ਉਨ੍ਹਾਂ ਤੋਂ ਜਾਨਣ ਲਈ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਇਹੋ ਕਹੀ ਜਾਂਦੇ ਸਨ ਕਿ ਜੇ ਗੱਲ ਬਾਹਰ ਨਿਕਲੀ ਤਾਂ ਸਰਕਾਰ ਕਿਸੇ ਕੇਸ ਵਿੱਚ ਫਸਾ ਦੇਵੇਗੀ। ਜਦੋਂ ਚੋਣ ਪਟੀਸ਼ਨਾਂ ਵਾਲਾ ਸਮਾਂ ਲੰਘ ਗਿਆ ਤਾਂ ਫਿਰ ਉਨ੍ਹਾਂ ਨੇ ਵਿਚਲੀ ਗੰਢ ਖੋਲ੍ਹ ਕੇ ਦੱਸਿਆ ਕਿ ਵੋਟਾਂ ਦੀ ਗਿਣਤੀ ਦੇ ਇੱਕ ਦਿਨ ਪਹਿਲਾਂ ਉਨ੍ਹਾਂ ਦੀ ਡਿਊਟੀ ਹੋਰ ਹਲਕੇ ਦੀਆਂ ਵੋਟਾਂ ਗਿਣਨ ਦੀ ਸੀ, ਗਿਣਤੀ ਵਾਲੇ ਦਿਨ ਕਾਰਨ ਦੱਸੇ ਬਿਨਾਂ ਬਦਲ ਕੇ ਨਾਲ ਦੇ ਹਲਕੇ ਦਾ ਸਟਾਫ ਕਿਸੇ ਸਰਕਾਰੀ ਇੰਟਰੀ ਤੋਂ ਬਿਨਾਂ ਏਧਰ ਅਤੇ ਏਧਰਲਾ ਓਧਰ ਭੇਜ ਕੇ ਨਾਲ ਧਮਕੀ ਦੇ ਦਿੱਤੀ ਗਈ ਸੀ ਕਿ ਕਿਸੇ ਮੁਲਾਜ਼ਮ ਨੇ ਗੱਲ ਬਾਹਰ ਕੱਢੀ ਤਾਂ ਮਾਰਿਆ ਜਾਵੇਗਾ। ਇਸ ਤਰ੍ਹਾਂ ਕਰਨ ਦੇ ਬਾਅਦ ਵੋਟਾਂ ਦੀ ਗਿਣਤੀ ਵਿੱਚ ਕੀ ਕੁਝ ਉਨ੍ਹਾਂ ਤੋਂ ਕਰਵਾਇਆ ਗਿਆ, ਉਸ ਦਾ ਜ਼ਿਕਰ ਕਰਦੇ ਵੀ ਉਹ ਕੰਬ ਜਾਂਦੇ ਸਨ। ਹਾਲਾਂਕਿ ਜਿੱਤਣ ਵਾਲਾ ਆਗੂ ਉਨ੍ਹਾਂ ਦੋਵਾਂ ਦੀ ਪਸੰਦ ਦੀ ਪਾਰਟੀ ਦਾ ਸੀ, ਪਰ ਜੋ ਹੋਇਆ ਸੀ, ਉਹ ਉਨ੍ਹਾਂ ਨੂੰ ਪਸੰਦ ਨਹੀਂ ਸੀ।

ਪੰਜਤਾਲੀ ਸਾਲ ਪਹਿਲਾਂ ਦੀ ਇਸ ਗੱਲ ਦਾ ਚੇਤਾ ਸਾਨੂੰ ਇਸ ਲਈ ਆਇਆ ਹੈ ਕਿ ਪੰਜਾਬ ਵਿੱਚ ਨਾ ਸਹੀ, ਦੇਸ਼ ਦੇ ਕਈ ਪਛੜੇ ਰਾਜਾਂ ਵਿੱਚ ਅੱਜ ਤੱਕ ਵੀ ਬਾਹੂ-ਬਲੀ ਉਮੀਦਵਾਰਾਂ ਵੱਲੋਂ ਧੱਕੇ ਨਾਲ ਵੋਟ ਦਾ ਬਟਨ ਦਬਵਾਉਣ ਦੀਆਂ ਖਬਰਾਂ ਮਿਲਦੀਆਂ ਹਨ। ਵੋਟਾਂ ਪੈਣ ਪਿੱਛੋਂ ਉਨ੍ਹਾਂ ਦੀ ਗਿਣਤੀ ਦੇ ਦਿਨ ਤੱਕ ਵੋਟਿੰਗ ਮਸ਼ੀਨਾਂ ਨੂੰ ਜਿੱਥੇ ਰੱਖਿਆ ਜਾਂਦਾ ਹੈ, ਓਥੋਂ ਵੀ ਕਈ ਵਾਰੀ ਇਹ ਗੱਲ ਸੁਣੀ ਜਾਂਦੀ ਹੈ ਕਿ ਰਾਤ ਦੇ ਵਕਤ ਕੋਈ ਅਧਿਕਾਰੀ ਚੈਕਿੰਗ ਕਰਨ ਦੇ ਬਹਾਨੇ ਕਾਫੀ ਸਮਾਂ ਮਸ਼ੀਨਾਂ ਵਾਲੇ ਕਮਰੇ ਵਿੱਚ ਵੜ ਕੇ ਪਤਾ ਨਹੀਂ ਕੀ ਕਰਦਾ ਰਿਹਾ ਹੈ ਤੇ ਚੋਣ ਕਮਿਸ਼ਨ ਨੇ ਉਸ ਦਾ ਕੋਈ ਨੁਕਸਾਨ ਨਹੀਂ ਕੀਤਾ, ਕਿਉਂਕਿ ਉਸ ਦੀ ਧੁਰ ਉੱਪਰ ਤੱਕ ਪਹੁੰਚ ਸੀ। ਏਸੇ ਸਾਲ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਸਾਨੂੰ ਨਵੀਂ ਗੱਲ ਸੁਣਨ ਨੂੰ ਮਿਲੀ ਸੀ। ਓਥੇ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਰਿਟਰਨਿੰਗ ਅਫਸਰ ਨੇ ਸਾਰੀਆਂ ਧਿਰਾਂ ਦੇ ਗਿਣਤੀ ਵਾਲੇ ਏਜੰਟਾਂ ਦੀ ਹਾਜ਼ਰੀ ਵਿੱਚ ਜਿੱਤ ਗਈ ਕਹਿ ਦਿੱਤਾ, ਪੱਛਮੀ ਬੰਗਾਲ ਦੇ ਉਸ ਗਵਰਨਰ ਨੇ ਵੀ ਮਮਤਾ ਨੂੰ ਵਧਾਈ ਦੇ ਦਿੱਤੀ, ਜਿਸ ਦੀ ਉਸ ਨਾਲ ਬਣਦੀ ਨਹੀਂ ਸੀ ਤੇ ਫਿਰ ਉਸ ਨੂੰ ਹਾਰੀ ਹੋਈ ਕਹਿ ਦਿੱਤਾ ਗਿਆ। ਹਲਕੇ ਦਾ ਰਿਟਰਨਿੰਗ ਅਫਸਰ ਤਿੰਨ ਘੰਟੇ ਬਾਅਦ ਨਤੀਜਾ ਬਦਲ ਸਕਦਾ ਹੈ, ਇਹ ਕੰਮ ਭਾਰਤ ਵਿੱਚ ਹੀ ਹੋ ਸਕਦਾ ਹੈ।

ਇਸ ਵਕਤ ਜਦੋਂ ਪੰਜਾਬ ਤੇ ਚਾਰ ਹੋਰ ਰਾਜਾਂ ਵਿੱਚ ਚੋਣਾਂ ਹੋਣ ਵਾਲੀਆਂ ਹਨ, ਸਾਨੂੰ ਦੂਸਰੇ ਰਾਜਾਂ ਦਾ ਪਤਾ ਨਹੀਂ, ਪੰਜਾਬ ਦੇ ਚੋਣ ਪ੍ਰਬੰਧ ਲਈ ਜ਼ਿੰਮੇਵਾਰ ਮੁੱਖ ਚੋਣ ਅਧਿਕਾਰੀ ਕਰੁਣਾ ਰਾਜੂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਨਿਯਮਾਂ ਦੀ ਉਲੰਘਣਾ ਬਰਦਾਸ਼ਤ ਕਰਨਾ ਠੀਕ ਨਹੀਂ ਸਮਝਦੇ। ਇਹ ਪੰਜਾਬ ਲਈ ਸੁਖਾਵਾਂ ਸੰਕੇਤ ਹੈ। ਪਹਿਲੀਆਂ ਕੁਝ ਮਿਸਾਲਾਂ ਇਸ ਤਰ੍ਹਾਂ ਦੀਆਂ ਹਨ ਕਿ ਜ਼ੋਰਾਵਰ ਧਿਰਾਂ ਜਿੱਧਰ ਮਰਜ਼ੀ ਘੋੜੇ ਭਜਾਈ ਫਿਰਨ, ਰਾਜ ਦਾ ਚੋਣ ਅਧਿਕਾਰੀ ਕੁਝ ਕਰਨ ਦੀ ਲੋੜ ਤਾਂ ਕੀ ਸਮਝਦਾ, ਹੇਠਲੀ ਮਸ਼ੀਨਰੀ ਨੂੰ ਵੀ ਕੁਝ ਨਹੀਂ ਸੀ ਕਰਨ ਦੇਂਦਾ। ਮੌਜੂਦਾ ਪ੍ਰਬੰਧ ਵਿੱਚ ਇੱਕ ਚੰਗੀ ਗੱਲ ਪਿਛਲੇ ਮਹੀਨੇ ਹੋ ਗਈ ਕਿ ਇੱਕ ਬਹੁ-ਚਰਚਿਤ ਮੰਤਰੀ ਨੇ ਭ੍ਰਿਸ਼ਟਾਚਾਰ ਦਾ ਦੋਸ਼ੀ ਸਾਬਤ ਹੋ ਚੁੱਕੇ ਬਦਨਾਮ ਅਫਸਰ ਨੂੰ ਆਪਣੇ ਜ਼ਿਲੇ ਦਾ ਡਿਪਟੀ ਕਮਿਸ਼ਨਰ ਲਵਾਉਣ ਦੀ ਕੋਸ਼ਿਸ਼ ਕੀਤੀ ਸੀ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਹਰ ਕਿਸੇ ਅੱਗੇ ਕਮਜ਼ੋਰੀ ਵਿਖਾ ਜਾਣ ਵਾਲਾ ਹੋਣ ਕਰ ਕੇ ਉਸ ਨੇ ਉਸ ਮੰਤਰੀ ਦੀ ਘੂਰੀ ਵੇਖ ਕੇ ਉਹ ਅਫਸਰ ਉਸ ਦੀ ਮਰਜ਼ੀ ਦੇ ਮੁਤਾਬਕ ਲਾਉਣ ਦੀ ਹਾਂ ਕਰ ਦਿੱਤੀ, ਪਰ ਉਸ ਦੀ ਮਨਜ਼ੂਰੀ ਚੋਣ ਕਮਿਸ਼ਨ ਤੋਂ ਲੈਣੀ ਪੈਣੀ ਸੀ। ਚੋਣ ਕਮਿਸ਼ਨ ਨੇ ਪੰਜਾਬ ਦੇ ਅਧਿਕਾਰੀਆਂ ਦੀ ਰਿਪੋਰਟ ਉੱਤੇ ਉਸ ਅਫਸਰ ਨੂੰ ਇੱਕ ਪ੍ਰਮੁੱਖ ਜ਼ਿਲੇ ਦਾ ਡਿਪਟੀ ਕਮਿਸ਼ਨਰ ਲਾਏ ਜਾਣ ਤੋਂ ਰੋਕ ਦਿੱਤਾ, ਵਰਨਾ ਭ੍ਰਿਸ਼ਟਾਚਾਰ ਦੀ ਨਦੀ ਵਿੱਚ ਇੱਕ ਵਾਰ ਡੁੱਬ ਕੇ ਨੌਕਰੀ ਗਵਾ ਚੁੱਕਾ ਅਤੇ ਫਿਰ ਸਿਆਸੀ ਜ਼ੋਰ ਨਾਲ ਨੌਕਰੀ ਉੱਤੇ ਬਹਾਲ ਹੋਇਆ ਉਹ ਅਫਸਰ ਹਨੇਰਗਰਦੀ ਕਰਨ ਤੋਂ ਬਾਜ਼ ਨਹੀਂ ਸੀ ਆਉਣਾ। ਸਾਡੀ ਜਾਣਕਾਰੀ ਮੁਤਾਬਕ ਉਸ ਇੱਕੋ ਝਟਕ ਦੇ ਬਾਅਦ ਬਾਕੀ ਮੰਤਰੀਆਂ ਵਿੱਚੋਂ ਜਿਨ੍ਹਾਂ ਨੇ ਸਿਖਰਾਂ ਦੇ ਬਦਨਾਮ ਅਫਸਰ ਆਪਣੇ ਹਲਕੇ ਵਿੱਚ ਫਿੱਟ ਕਰਵਾਉਣ ਦੀ ਤਿਆਰੀ ਵਿੱਢੀ ਹੋਈ ਸੀ, ਉਹ ਵੀ ਇਸ ਵਕਤ ਸੋਚਾਂ ਵਿੱਚ ਪਏ ਹੋਏ ਹਨ।

ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਇਸ ਵਾਰੀ ਚੋਣਾਂ ਵਿੱਚ ਕੋਈ ਗੜਬੜ ਨਹੀਂ ਹੋਵੇਗੀ, ਚੋਣਾਂ ਦੇ ਲਈ ਜਿੰਦਾਂ ਦਾ ਢਾਂਚਾ ਭਾਰਤ ਵਿੱਚ ਮੌਜੂਦ ਹੈ, ਜਿੰਨੇ ਭ੍ਰਿਸ਼ਟਾਚਾਰ, ਫਿਰਕੂ ਸੋਚ ਹੇਠ ਗੜਬੜਾਂ ਕਰਨ ਅਤੇ ਧੜਿਆਂ ਨਾਲ ਸਾਂਝ ਨੂੰ ਦੇਸ਼ ਦੀ ਲੋੜ ਤੋਂ ਉੱਪਰ ਰੱਖਣ ਦੀ ਆਦਤ ਪੈ ਚੁੱਕੀ ਹੈ, ਉਸ ਨੇ ਖਹਿੜਾ ਨਹੀਂ ਛੱਡਣਾ। ਚੋਣ ਪ੍ਰਕਿਰਿਆ ਹਾਲੇ ਸ਼ੁਰੂ ਹੀ ਹੋਈ ਹੈ, ਪੈਂਡਾ ਇਸ ਦਾ ਵੇਖਣ ਨੂੰ ਭਾਵੇਂ ਕੁਝ ਹਫਤਿਆਂ ਦਾ ਲੱਗਦਾ ਹੈ, ਅਮਲ ਵਿੱਚ ਆਈਆਂ ਮੁਸ਼ਕਲਾਂ ਦੇ ਕਾਰਨ ਇਹੋ ਪੈਂਡਾ ਚੋਖਾ ਲੰਮਾ ਮਹਿਸੂਸ ਹੋ ਸਕਦਾ ਹੈ। ਅੰਤ ਨੂੰ ਕੀ ਹੋਵੇਗਾ, ਹਾਲ ਦੀ ਘੜੀ ਸਾਨੂੰ ਪਤਾ ਨਹੀਂ। ਆਸ ਕਰੀਏ ਕਿ ਇਸ ਵਾਰ ਦੀਆਂ ਚੋਣਾਂ ਪੰਜਾਬ ਲਈ ਚੰਗੇ ਭਵਿੱਖ ਦਾ ਪੜੁੱਲ ਬਣਨਗੀਆਂ, ਆਖਰ ਆਸ ਨਾਲ ਹੀ ਜਹਾਨ ਕਾਇਮ ਹੈ।

# 21 ਗਿਆ '22 ਆਇਆ, ਹਾਕਮਾਂ ਲਈ ਕੀ ਲਿਆਇਆ ?

-ਗੁਰਮੀਤ ਸਿੰਘ ਪਲਾਹੀ-

ਦੇਸ਼ ਦੇ ਹਾਕਮਾਂ ਲਈ 2021 ਸਾਲ ਭਾਰੀ ਰਿਹਾ। ਜਿਹੜੇ ਹਾਕਮ ਨਿਰੰਤਰ ਲੋਕ ਵਿਰੋਧੀ ਫ਼ੈਸਲੇ ਲੈ ਕੇ ਕਾਰਪੋਰੇਟਾਂ ਦੀਆਂ ਝੋਲੀਆਂ ਭਰ ਰਹੇ ਸਨ, ਮਨ ਆਈਆਂ ਕਰ ਰਹੇ ਸਨ, ਜਿਹੜੇ ਮੈਂ ਨਾ ਮਾਨੂੰ ਵਾਲਾ ਵਤੀਰਾ ਅਪਣਾਈ ਬੈਠੇ ਸਨ, ਉਹਨਾਂ ਨੂੰ ਦੇਸ਼ ਦੇ ਕਿਸਾਨਾਂ ਅੱਗੇ ਝੁਕਣਾ ਪਿਆ। ਕਾਲੇ ਖੇਤੀ ਕਾਨੂੰਨ ਰੱਦ ਕਰਨੇ ਪਏ ।ਇਹ ਕਿਸਾਨਾਂ ਦੀ ਇਤਿਹਾਸਿਕ ਜਿੱਤ ਸੀ, ਜਿਹਨਾ ਇਕ ਸਾਲ ਦੇ ਸਖ਼ਤ ਸੰਘਰਸ਼ ਨਾਲ ਨਵੇਂ ਦਿਸਹੱਦੇ ਸਿਰਜੇ।

ਸਾਲ 2021 'ਚ ਕੇਂਦਰੀ ਹਾਕਮ ਧਿਰ ਨੂੰ ਪੱਛਮੀ ਬੰਗਾਲ 'ਚ ਵੱਡੀ ਹਾਰ ਹੋਈ। ਜਿਸ ਢੰਗ ਨਾਲ "ਆਇਆ ਰਾਮ ਗਿਆ ਰਾਮ" ਦੀ ਸਿਆਸਤ ਪੱਛਮੀ ਬੰਗਾਲ ਵਿੱਚ ਖੇਡੀ ਗਈ, ਰਿਆਇਤਾਂ ਦੇ ਗੱਫੇ ਬੰਗਾਲੀਆਂ ਨੂੰ ਬਖਸ਼ੇ। ਸਾਮ, ਦਾਮ, ਦੰਡ ਦਾ ਦਮਨਕਾਰੀ ਚੱਕਰ ਬੰਗਾਲ 'ਚ ਖੇਡਿਆ ਗਿਆ, ਉਹ ਵੀ ਭਾਜਪਾ ਨੂੰ ਰਾਸ ਨਾ ਆਇਆ। ਬੰਗਾਲੀ ਭਾਜਪਾ ਦੇ ਭਰਮਜਾਲ 'ਚ ਨਾ ਫਸੇ।ਇਹੋ ਖੇਡ ਸਾਲ 2021 'ਚ ਪੰਜਾਬ ਅਤੇ ਯੂ.ਪੀ. 'ਚ ਖੇਡੀ ਜਾਣ ਲੱਗ ਪਈ ਹੈ, ਜਿਥੇ ਤਿੰਨ ਹੋਰ ਰਾਜਾਂ 'ਚ ਵੀ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ।

ਹਾਕਮਾਂ ਲਈ ਇਹਨਾ ਚੋਣਾਂ ਦੀ ਕਿੰਨੀ ਮਹੱਤਤਾ ਹੈ, ਉਹ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਪ੍ਰਧਾਨ ਮੰਤਰੀ ਤਿੰਨ ਚੱਕਰ ਕੁਝ ਦਿਨਾਂ ਚ ਯੂ.ਪੀ. ਦੇ ਲਗਾ ਚੁੱਕੇ ਹਨ। ਪੰਜਾਬ 'ਚ ਵੀ ਜਨਵਰੀ ਦੇ ਪਹਿਲੇ ਹਫ਼ਤੇ ਪੁੱਜਣਗੇ।

ਸਾਲ 2022 ਭਾਰਤ ਵਾਸੀਆਂ ਲਈ ਬਹੁਤ ਮਹੱਤਵਪੂਰਨ ਵਰ੍ਹਾ ਹੈ। ਇਸ ਵਰ੍ਹੇ ਦੀਆਂ ਚੋਣਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਕਿਸੇ ਵੀ ਸਿਆਸੀ ਧਿਰ ਜਾਂ ਧਿਰਾਂ ਦਾ ਰਾਜ ਭਾਗ ਲਈ ਰਾਹ ਪੱਧਰਾ ਕਰਨਾ ਹੈ।

ਸਾਲ 2022 'ਚ ਸੱਤ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ, ਪੰਜ ਸੂਬਿਆਂ ਦੀਆਂ ਫਰਵਰੀ-ਮਾਰਚ ਵਿੱਚ ਅਤੇ ਦੋ ਸੂਬਿਆਂ ਦੀਆਂ ਨਵੰਬਰ-ਦਸੰਬਰ 2022 ਵਿੱਚ। ਇਸੇ ਵਰ੍ਹੇ ਜੁਲਾਈ ਵਿੱਚ ਦੇਸ਼ ਦੇ ਰਾਸ਼ਟਰਪਤੀ ਦੀ ਚੋਣ ਹੋਣੀ ਹੈ ਅਤੇ 74 ਰਾਜ ਸਭਾ ਮੈਂਬਰ ਵੀ ਜੁਲਾਈ 'ਚ ਚੁਣੇ ਜਾਣੇ ਹਨ।

ਫਰਵਰੀ-ਮਾਰਚ 2022 'ਚ ਜਿਹਨਾ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹੋਣੀਆ ਹਨ, ਉਹਨਾ ਵਿੱਚੋਂ ਚਾਰ ਰਾਜਾਂ 'ਚ ਭਾਜਪਾ ਦਾ ਅਤੇ ਇੱਕ ਵਿੱਚ ਕਾਂਗਰਸ ਦਾ ਰਾਜ ਹੈ। 4 ਭਾਜਪਾ ਰਾਜਾਂ 'ਚ ਉੱਤਰਪ੍ਰਦੇਸ਼, ਉਤਰਾਖੰਡ, ਮਣੀਪੁਰ, ਗੋਆ ਸ਼ਾਮਲ ਹਨ ਜਦਕਿ ਪੰਜਾਬ 'ਚ ਕਾਂਗਰਸ ਦਾ ਰਾਜ ਭਾਗ ਹੈ। ਉੱਤਰਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਤਾਂ ਪਿਛਲੀਆਂ ਚੋਣਾਂ ਭਾਜਪਾ ਆਪ ਜਿੱਤੀ ਸੀ ਪਰ ਗੋਆ ਅਤੇ ਮਣੀਪੁਰ ਵਿੱਚ ਦਲ ਬਦਲੀ ਨਾਲ ਭਾਜਪਾ ਨੇ ਸਰਕਾਰਾਂ ਬਣਾ ਲਈਆਂ ਸਨ। ਮਨੀਪੁਰ 'ਚ ਕਾਂਗਰਸ ਦੇ 28, ਭਾਜਪਾ 21, ਟੀ.ਐਮ.ਸੀ ਇੱਕ ਅਤੇ ਹੋਰ 10 ਵਿਧਾਨ ਸਭਾ ਮੈਂਬਰ ਸਨ। ਇਥੇ ਕਾਂਗਰਸ ਦੀ ਸਰਕਾਰ ਤੋੜਕੇ ਭਾਜਪਾ ਨੇ ਆਪਣੀ ਸਰਕਾਰ ਬਣਾ ਲਈ। ਗੋਆ 'ਚ ਤਾਂ ਕਾਂਗਰਸ ਦੇ ਜਿੱਤੇ ਹੋਏ ਬਹੁਤੇ ਮੈਂਬਰ ਖਰੀਦਕੇ ਭਾਜਪਾ ਨੇ ਆਪਣੇ ਨਾਲ ਕਰ ਲਏ ਅਤੇ ਸਰਕਾਰ ਬਣਾ ਲਈ। ਯੂ.ਪੀ. ਵਿੱਚ ਕੁੱਲ 403 ਸੀਟਾਂ ਵਿੱਚੋਂ ਭਾਜਪਾ ਨੇ 312 (40 ਫ਼ੀਸਦੀ ਵੋਟਾਂ ਲੈਕੇ), 13 ਭਾਜਪਾ ਸਹਿਯੋਗੀ (2 ਫ਼ੀਸਦੀ ਵੋਟਾਂ ਲੈਕੇ) ਸਰਕਾਰ ਬਣਾ ਲਈ ਸੀ ਜਦਕਿ ਸਮਾਜਵਾਦੀ ਪਾਰਟੀ ਨੇ 21.8 ਫ਼ੀਸਦੀ ਅਤੇ ਬਸਪਾ ਨੇ 22.8 ਫ਼ੀਸਦੀ ਵੋਟਾਂ ਲਈਆਂ ਪਰ ਸਰਕਾਰ ਨਾ ਬਣਾ ਸਕੇ। ਕਾਂਗਰਸ ਨੂੰ ਸਿਰਫ਼ ਕੁੱਲ ਮਿਲਾਕੇ 7 ਸੀਟਾਂ (2 ਫ਼ੀਸਦੀ) ਮਿਲੀਆਂ ਸਨ।

ਪੰਜ ਰਾਜਾਂ ਦੀ 2022 ਫਰਵਰੀ-ਮਾਰਚ ਦੀਆਂ ਚੋਣਾਂ 'ਚ 690 ਸੀਟਾਂ ਉਤੇ (ਭਾਵ ਕੁੱਲ 132 ਲੋਕ ਸਭਾ ਸੀਟਾਂ ਉਤੇ) ਚੋਣ ਹੋਣੀ ਹੈ। ਇਹਨਾ ਸੀਟਾਂ ਨੇ ਰਾਸ਼ਟਰਪਤੀ ਚੋਣ ਜੋ ਜੁਲਾਈ ਵਿੱਚ ਹੋਣੀ ਹੈ, ਉਤੇ ਵੱਡਾ ਪ੍ਰਭਾਵ ਪਾਉਣਾ ਹੈ, ਕਿਉਂਕਿ ਦੇਸ਼ ਵਿੱਚ ਕੁਲ ਮਿਲਾਕੇ 4120 ਵਿਧਾਨ ਸਭਾ ਸੀਟਾਂ ਹਨ ਅਤੇ ਕੁੱਲ ਮਿਲਾਕੇ 776 ਸੰਸਦ ਮੈਂਬਰ (ਲੋਕ ਸਭਾ ਅਤੇ ਰਾਜ ਸਭਾ) ਰਾਸ਼ਟਰਪਤੀ ਦੀ ਚੋਣ 'ਚ ਹਿੱਸਾ ਲੈਂਦੇ ਹਨ। ਜੁਲਾਈ 2022 ਵਿੱਚ ਹੀ 245 ਰਾਜ ਸਭਾ ਮੈਂਬਰਾਂ 'ਚੋਂ 74 ਰਾਜ ਸਭਾ ਦੇ ਮੈਂਬਰਾਂ ਦੀ ਚੋਣ ਹੈ, ਜਿਹਨਾ ਨੂੰ ਵਿਧਾਨ ਸਭਾ ਮੈਂਬਰ ਚੁਣਦੇ ਹਨ। ਸੋ ਰਾਸ਼ਟਰਪਤੀ ਦੀ ਚੋਣ ਵਿੱਚ ਜਿੱਤ ਲਈ ਹਾਕਮ ਧਿਰ ਨੂੰ ਖ਼ਾਸ ਤੌਰ 'ਤੇ ਪੰਜ ਰਾਜਾਂ ਦੀਆਂ ਚੋਣਾਂ 'ਚ ਚੰਗੇਰੀ ਕਾਰਗੁਜ਼ਾਰੀ ਦਿਖਾਉਣੀ ਪਵੇਗੀ ਅਤੇ ਵਿਰੋਧੀ ਧਿਰ ਨੂੰ ਹਾਕਮਾਂ ਨੂੰ ਚੀਤ ਕਰਨ ਲਈ ਜ਼ੋਰ ਲਾਉਣਾ ਹੋਵੇਗਾ।

ਪੰਜ ਰਾਜਾਂ ਦੀਆਂ ਰਾਸ਼ਟਰਪਤੀ ਇਲੈਕਟੋਰਲ ਵੋਟਾਂ ਦੀ ਕੁੱਲ ਗਿਣਤੀ 1,03, 756 ਹੈ ਜਿਸ ਵਿੱਚੋਂ 83,824 ਵੋਟਾਂ ਇਕੱਲੇ ਯੂ.ਪੀ. ਦੀਆਂ ਹਨ, ਇਸ ਕਰਕੇ ਹਾਕਮ ਧਿਰ ਵਲੋਂ ਯੂ.ਪੀ. ਜਿੱਤਣ ਲਈ ਵੱਡਾ ਜ਼ੋਰ ਲਗਾਇਆ ਜਾ ਰਿਹਾ ਹੈ, ਭਾਵੇਂ ਕਿ ਇਸ ਵੇਰ ਕਾਂਗਰਸ (ਪ੍ਰਿਯਕਾ ਗਾਂਧੀ ਦੀ ਅਗਵਾਈ 'ਚ ) ਬਸਪਾ (ਮਾਇਆਵਤੀ ਦੀ ਅਗਵਾਈ 'ਚ) ਅਤੇ ਸਮਾਜਵਾਦੀ ਪਾਰਟੀ(ਅਖਿਲੇਸ਼ ਯਾਦਵ ਦੀ ਅਗਵਾਈ 'ਚ) ਭਾਜਪਾ ਨੂੰ ਹਾਕਮ ਧਿਰ ਬਨਣ ਤੋਂ ਰੋਕਣ ਲਈ ਚੋਣ ਸੰਗਰਾਮ ਵਿੱਚ ਨਿਤਰੇ ਹੋਏ ਹਨ।

ਨਵੰਬਰ-ਦਸੰਬਰ ਵਿੱਚ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਜਿਥੇ ਭਾਜਪਾ ਦਾ ਰਾਜ ਹੈ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਹ ਸੱਤ ਰਾਜਾਂ ਦੀਆਂ ਚੋਣਾਂ 'ਚ ਸਫ਼ਲਤਾ, ਅਸਫ਼ਲਤਾ ਮੋਦੀ ਸਰਕਾਰ ਦੀ 2024 ਦੀਆਂ ਲੋਕ ਸਭਾ ਚੋਣਾਂ ਨਾਲ ਜੁੜੀ ਹੋਈ ਹੈ, ਇਸੇ ਕਰਕੇ ਪ੍ਰਧਾਨ ਮੰਤਰੀ ਅਤੇ ਦੇਸ਼ ਦਾ ਗ੍ਰਹਿਮੰਤਰੀ ਅਮਿਤ ਸ਼ਾਹ ਇਹਨਾ ਚੋਣਾਂ 'ਚ ਧੂੰਆਧਾਰ ਪ੍ਰਚਾਰ ਕਰ ਰਹੇ ਹਨ ਅਤੇ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਕੇ ਲੋਕਾਂ ਨੂੰ ਸਬਜ਼ ਬਾਗ ਵਿਖਾ ਰਹੇ ਹਨ।



ਦੇਸ਼ ਦੀ ਪਹਿਲੀਆਂ 2014 ਤੇ 2019 ਵਾਲੀਆਂ ਲੋਕ ਸਭਾ ਦੀਆਂ ਚੋਣਾਂ ਤਾਂ ਨਰੇਂਦਰ ਮੋਦੀ ਦੇ ਨਾਮ ਉਤੇ ਲੜੀਆਂ ਗਈਆਂ ਸਨ, ਪਰ ਹੁਣ ਰਾਜਾਂ ਦੀਆਂ ਚੋਣਾਂ ਵੀ ਨਰੇਂਦਰ ਮੋਦੀ ਦੀ ਸਖ਼ਸ਼ੀਅਤ ਅਤੇ ਕਾਰਗੁਜ਼ਾਰੀ ਨੂੰ ਉਭਾਰ ਕੇ ਲੜੀਆਂ ਜਾ ਰਹੀਆਂ ਹਨ ਜਾਂ ਲੜੀਆਂ ਜਾਣਗੀਆਂ, ਕਿਉਂਕਿ ਭਾਜਪਾ ਰਾਜਾਂ ਦੇ ਮੁੱਖ ਮੰਤਰੀ ਦਾ ਸਾਸ਼ਨ ਖ਼ਾਸ ਤੌਰ 'ਤੇ ਯੂ.ਪੀ. ਦਾ ਸਾਸ਼ਨ ਨਿੱਤ ਭੈੜੀ ਚਰਚਾ ਵਿੱਚ ਰਿਹਾ ਹੈ। ਯੂ.ਪੀ. 'ਚ ਪ੍ਰੈੱਸ ਦੀ ਆਜ਼ਾਦੀ ਦਾ ਖਤਰੇ 'ਚ ਪੈਣਾ, ਮਾਫ਼ੀਆ ਰਾਜ 'ਚ ਵਾਧਾ , ਕਿਸਾਨ ਸੰਘਰਸ਼ ਦੌਰਾਨ ਦੇਸ਼ ਦੇ ਇੱਕ ਮੰਤਰੀ ਦੇ ਭਰਾ ਵਲੋਂ ਕਿਸਾਨਾਂ ਨੂੰ ਦਰੜੇ ਜਾਣਾ, ਕਿਸਾਨ ਸੰਘਰਸ਼ ਦੌਰਾਨ ਕਿਸਾਨਾਂ ਉਤੇ ਕੇਸ ਦਰਜ਼ ਕਰਨਾ ਅਤੇ ਵਿਰੋਧੀ ਧਿਰਾਂ ਦੇ ਲੋਕਾਂ ਉਤੇ ਝੂਠੇ ਮੁਕੱਦਮੇ ਦਰਜ਼ ਹੋਣਾ, ਮਹਿੰਗਾਈ, ਬੇਰੁਜ਼ਗਾਰੀ, ਗੁੰਡਾ ਗਰਦੀ 'ਚ ਵਾਧੇ ਦੇ ਨਾਲ-ਨਾਲ ਯੂ.ਪੀ. ਦਾ ਆਰਥਿਕ ਪੱਖੋਂ ਕਮਜ਼ੋਰ ਹੋਣਾ ਨਿਸ਼ਾਨੇ ਉਤੇ ਆ ਰਿਹਾ ਹੈ।

ਨਰੇਂਦਰ ਮੋਦੀ ਦਾ "ਮੋਦੀ ਹੈ ਤਾਂ ਮੁਮਕਿਨ ਹੈ" ਵਾਲਾ ਅਕਸ ਖ਼ਾਸ ਤੌਰ 'ਤੇ ਕਰੋਨਾ ਮਹਾਂਮਾਰੀ ਸਮੇਂ ਸਮੁੱਚੇ ਦੇਸ਼ ਵਿੱਚ ਤਾਰ-ਤਾਰ ਹੋਇਆ ਹੈ, ਜਦੋਂ ਖ਼ਾਸ ਤੌਰ 'ਤੇ ਯੂ.ਪੀ. 'ਚ ਲਾਸ਼ਾਂ ਨੂੰ ਦਫਨਾਉਣ, ਜਲਾਉਣ ਲਈ ਥਾਂ ਨਹੀਂ ਸੀ ਮਿਲ ਰਿਹਾ, ਸਿਹਤ ਸਹੂਲਤਾਂ ਖ਼ਾਸ ਕਰਕੇ ਆਕਸੀਜਨ ਦੀ ਕਮੀ ਵੇਖਣ ਨੂੰ ਮਿਲ ਰਹੀ ਸੀ।

ਹੁਣ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ, ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜਿਆ ਹੈ। ਰਸੋਈ ਗੈਸ ਸਿਲੰਡਰਾਂ ਦੀਆਂ ਕੀਮਤਾਂ 'ਚ ਵਾਧੇ, ਤੇਲ ਡੀਜ਼ਲ ਕੀਮਤਾਂ 'ਚ ਨਿਰੰਤਰ ਵਾਧੇ ਨੇ ਭਾਜਪਾ ਖ਼ਾਸ ਕਰਕੇ ਨਰੇਂਦਰ ਮੋਦੀ ਦੇ ਭੈੜੇ ਸਾਸ਼ਨ ਨੂੰ ਲੋਕਾਂ ਸਾਹ-ਮਣੇ ਲਿਆਂਦਾ ਹੈ। ਦੇਸ਼ 'ਚ ਘੱਟ ਗਿਣਤੀਆਂ ਦੀ ਸੁਰੱਖਿਆ, ਪ੍ਰੈੱਸ ਦੀ ਆਜ਼ਾਦੀ, ਮੁੱਢਲੇ ਮਨੁੱਖੀ ਅਧਿਕਾਰਾਂ ਦੇ ਹਨਨ ਦੇ ਮਾਮਲੇ ਉਤੇ ਅੰਤਰਰਾਸ਼ਟਰੀ ਪੱਧਰ 'ਤੇ ਨਰੇਂਦਰ ਮੋਦੀ ਦੇ ਸਾਸ਼ਨ ਸਬੰਧੀ ਵੱਡੇ ਸਵਾਲ ਖੜੇ ਹੋਏ ਹਨ।

ਦੇਸ਼ ਦੀ ਦਸੰਬਰ 2021 ਦੀ ਹਾਲਾਤ ਵੇਖੋ। ਖੁਦਰਾ ਮਹਿੰਗਾਈ ਦੀ ਦਰ 4.91 ਫ਼ੀਸਦੀ ਹੈ। ਜਿਸ ਵਿੱਚ ਤੇਲ ਤੇ ਬਿਜਲੀ ਮਹਿੰਗਾਈ ਦਰ 13.4 ਫ਼ੀਸਦੀ ਹੈ। ਮੁਦਰਾ ਸਫੀਤੀ ਦੀ ਦਰ 14.23 ਫ਼ੀਸਦੀ ਹੈ।ਬੇਰੁਜ਼ਗਾਰੀ ਦੀ ਦਰ 7.48 ਫ਼ੀਸਦੀ ਜਦਕਿ ਸ਼ਹਿਰੀ ਬੇਰੁਜ਼ਗਾਰੀ ਦੀ ਦਰ 9.09 ਫ਼ੀਸਦੀ ਹੈ। ਇਹ ਰਿਪੋਰਟ ਸੀ.ਐਮ.ਆਈ .ਈ. ਦੀ ਹੈ।

ਦੇਸ਼ ਦੇ ਹਾਲਾਤ ਜਦੋਂ ਇਸ ਕਿਸਮ ਦੇ ਹੋਣ ਤਾਂ ਦੇਸ਼ ਦੇ ਸਾਸ਼ਕ ਕਿਵੇਂ ਇਹ ਕਹਿ ਸਕਦੇ ਹਨ ਕਿ ਉਹ ਲੋਕ ਭਲੇ ਹਿੱਤ ਸਾਸ਼ਨ ਕਰ ਰਹੇ ਹਨ। ਬਿਨ੍ਹਾਂ ਸ਼ੱਕ ਨਵੇਂ ਪ੍ਰਾਜੈਕਟਾਂ ਦੇ ਸ਼ੁੱਭਆਰੰਭ ਕੀਤੇ ਜਾ ਰਹੇ ਹਨ। ਪਰ ਧੜਾ ਧੜ ਨਿੱਜੀਕਰਨ ਕਰਕੇ ਦੇਸ਼ ਦੀ ਧਰੋਹਰ ਤੱਕ ਵੇਚਣ ਦਾ ਅਤੇ ਧੰਨ ਕੁਬੇਰਾਂ ਹੱਥ ਦੇਸ਼ ਨੂੰ ਗਹਿਣੇ ਰੱਖਣ ਦਾ ਜਿਹੜਾ ਕੰਮ ਮੌਜੂਦਾ ਹਾਕਮ ਕਰ ਰਿਹਾ ਹੈ, ਉਸਨੂੰ ਕਿਵੇਂ ਸਹੀ ਠਹਿਰਾਇਆ ਜਾਵੇ? ਰੇਲਵੇ ਦਾ ਨਿੱਜੀਕਰਨ, ਫਿਰ ਏਅਰ ਇੰਡੀਆਂ ਦਾ ਵੇਚਿਆ ਜਾਣਾ ਅਤੇ ਹੁਣ ਫਿਰ ਰਾਸ਼ਟਰੀ ਬੈਂਕਾਂ ਨੂੰ ਵੇਚਣ ਦੀ ਤਿਆਰੀ ਕਿਸ ਕਿਸਮ ਦੀ ਲੋਕ-ਭਲਾਈ ਸਰਕਾਰ ਦੀ ਤਰਜ਼ਮਾਨੀ ਹੈ?

ਜੋ ਕੁਝ ਵੀ ਦੇਸ਼ ਵਿੱਚ ਹੋ ਰਿਹਾ ਹੈ, ਕੋਈ ਉਸ ਬਾਰੇ ਕਿੰਤੂ-ਪਰੰਤੂ ਨਾ ਕਰੇ, ਦੇਸ਼ ਦੀ ਪ੍ਰੈੱਸ, ਮੀਡੀਆ, ਇਲੈਕਟਰੋਨਿਕ ਮੀਡੀਆ ਨੂੰ ਹਾਕਮ ਧਿਰ ਨੇ ਕਾਬੂ ਕਰ ਲਿਆ ਹੋਇਆ ਹੈ। ਵਿਰੋਧੀ ਵਿਚਾਰ ਜੇਲ੍ਹਾਂ ਅੰਦਰ ਹਵਾ ਫੱਕ ਰਹੇ ਹਨ। ਉਹ ਦੇਸ਼ ਜਿਹੜਾ ਵਿਸ਼ਵ ਦਾ ਵੱਡਾ ਲੋਕਤੰਤਰ ਸੀ, ਉਸ ਦੇਸ਼ ਦੀ ਪ੍ਰੈੱਸ ਦੀ ਬਿਲਕੁਲ ਉਵੇਂ ਹੀ ਸੰਘੀ ਘੁੱਟੀ ਜਾ ਰਹੀ ਹੈ, ਜਿਵੇਂ ਦੇਸ਼ ਦੇ ਸੂਬਿਆਂ ਦੇ ਅਧਿਕਾਰਾਂ ਦੀ।

ਪ੍ਰੈੱਸ ਦੀ ਸੁਤੰਤਰਤਾ 'ਚ ਵਿਸ਼ਵ ਭਰ 'ਚ ਪਿਛਲੇ ਸਾਲ ਦੇਸ਼ ਭਾਰਤ ਦਾ ਸਥਾਨ 140ਵਾਂ ਸੀ, ਉਹ ਹੁਣ 182ਵਾਂ ਸਥਾਨ ਹੋ ਗਿਆ ਹੈ। ਇੱਕ ਦੇਸ਼ ਇੱਕ ਰਾਸ਼ਟਰ, ਇੱਕ ਬੋਲੀ, ਇੱਕ ਧਰਮ, ਇੱਕ ਪਾਰਟੀ ਦਾ ਸਾਸ਼ਨ ਦੇ ਨਾਹਰੇ ਨੇ ਦੇਸ਼ ਦਾ ਅਕਸ 2014 ਤੋਂ 2021 ਤੱਕ ਦੇ ਵਰ੍ਹਿਆਂ 'ਚ ਕੀ ਨਸ਼ਟ ਨਹੀਂ ਕੀਤਾ? ਦੇਸ਼ ਕੀ ਇੱਕ ਪੁਰਖੀ ਸਾਸ਼ਨ ਵੱਲ ਅੱਗੇ ਨਹੀਂ ਵੱਧ ਰਿਹਾ?

ਨਿਊ ਇੰਡੀਆ 'ਚ ਭਾਰਤੀ ਜਨਤਾ ਪਾਰਟੀ ਧਰਮ ਨੂੰ ਰਾਜਨੀਤੀ ਨਾਲ ਮਿਲਾਉਣ 'ਚ ਸਭ ਤੋਂ ਅੱਗੇ ਹੈ। ਜਦੋਂ ਚੋਣਾਂ ਆਉਂਦੀਆਂ ਹਨ, ਮੁਸਲਮਾਨ,ਈਸਾਈ ਨਿਸ਼ਾਨੇ 'ਤੇ ਆ ਜਾਂਦੇ ਹਨ। ਉਦਾਹਰਨ ਲਵੋ ਹਰਦੁਆਰ 'ਚ ਭਗਵੇਂ ਸੰਤਾ ਨੇ ਮੰਚ ਉਤੇ ਖੜੇ ਹੋਕੇ ਉਚੀ ਅਵਾਜ਼ 'ਚ ਐਲਾਨ ਕੀਤਾ ਕਿ ਮੁਸਲਮਾਨਾਂ ਨਾਲ ਨਿਪਟਣ ਲਈ ਸਿਰਫ਼ ਤਲਵਾਰਾਂ ਕੰਮ ਆ ਸਕਦੀਆਂ ਹਨ। ਇਹ ਗੱਲ ਵੀ ਚਿੱਟੇ ਦਿਨ ਵਾਂਗਰ ਸਾਫ਼ ਹੈ ਕਿ ਭਾਰਤ ਦੇ ਇਤਿਹਾਸ ਵਿੱਚ 80 ਫ਼ੀਸਦੀ ਲਿਚਿੰਗ ਦੀਆਂ ਘਟਨਾਵਾਂ ਮੋਦੀ ਰਾਜ ਦੌਰਾਨ ਹੋਈਆਂ, ਜਿੱਥੇ ਹੱਤਿਆ ਦਾ ਸਪਸ਼ੱਟ ਸੰਦੇਸ਼ ਗਿਆ।

ਪਰ ਇਸ ਸਭ ਕੁਝ ਦੇ ਬਾਵਜੂਦ 2021 ਨੇ ਇੱਕ ਆਸ ਪੈਦਾ ਕੀਤੀ ਹੈ। ਇਹ ਆਸ ਕਿ ਜੇਕਰ ਕਾਨੂੰਨ ਘਾੜੇ, ਜੇਕਰ ਉਹਨਾ ਦੀ ਗੱਲ ਨਹੀਂ ਸੁਣਦੇ, ਤਾਕਤ ਦੇ ਨਸ਼ੇ ਵਿੱਚ ਉਹਨਾ ਨੂੰ ਪ੍ਰੇਸ਼ਾਨ ਕਰਦੇ ਹਨ ਤਾਂ ਲੋਕ ਅੰਦੋਲਨ ਉਹਨਾ ਨੂੰ ਨੱਥ ਪਾ ਸਕਦੇ ਹਨ। ਮੋਦੀ ਸਰਕਾਰ ਨੂੰ ਕਾਬੂ ਕਰ ਸਕਦੇ ਹਨ।

ਬਿਨ੍ਹਾਂ ਸ਼ੱਕ ਦੇਸ਼ 'ਚ ਚੋਣਾਂ ਨਿਰਪੱਖ ਨਹੀਂ ਰਹਿੰਦੀਆਂ । ਧਨ ਦੀ ਵਰਤੋਂ ਹੁੰਦੀ ਹੈ। ਨਸ਼ੇ ਦੀ ਵਰਤੋਂ ਹੁੰਦੀ ਹੈ। ਤਾਕਤ ਦੀ ਵਰਤੋਂ ਹੁੰਦੀ ਹੈ। ਭੈੜੇ ਨੇਤਾ, ਜਿਹੜੇ ਤਾਕਤਵਰ ਹਨ, ਅਮੀਰ ਹਨ, ਅਪਰਾਧਿਕ ਮਾਮਲਿਆਂ ਨਾਲ ਜੁੜੇ ਹੁੰਦੇ ਹਨ, ਉਹਨਾ ਨੂੰ ਸਿਆਸੀ ਪਾਰਟੀਆਂ ਅੱਗੇ ਲਾਕੇ ਸੀਟਾਂ ਜਿੱਤਦੀਆਂ ਹਨ । ਇਹ ਵੀ ਸਹੀ ਹੈ ਕਿ ਵੱਡੇ ਧਨ ਬਿਨ੍ਹਾਂ ਆਮ ਆਦਮੀ ਚੋਣ ਨਹੀਂ ਲੜ ਸਕਦਾ, ਪਰ ਇਹ ਵੀ ਸਚਾਈ ਹੈ ਕਿ ਹੁਣ ਲੋਕਾਂ ਵਿੱਚ ਚੇਤਨਾ ਵੱਧ ਰਹੀ ਹੈ, ਉਹ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਰਹੇ ਹਨ ਅਤੇ ਨੋਟਾ ਦੀ ਵਰਤੋਂ ਕਰਕੇ, ਉਹ ਇਹ ਦਰਸਾਉਣ ਲੱਗ ਪਏ ਹਨ ਕਿ ਉਹਨਾ ਨੂੰ ਭੈੜੇ ਲੋਕਾਂ ਦੀ ਲੋੜ ਨਹੀਂ। ਉਹ ਅਪਰਾਧੀਆਂ ਅਤੇ ਬੇਈਮਾਨ ਨੇਤਾਵਾਂ ਨੂੰ ਨਕਾਰ ਸਕਦੇ ਹਨ।

ਲੋਕਾਂ 'ਚ ਇਹ ਆਸ ਬੱਝੀ ਹੈ ਕਿ 2022 'ਚ ਜਾਗਰੂਕ ਲੋਕ ਭੈੜੇ, ਕੁ-ਸ਼ਾਸ਼ਕਾਂ ਅਤੇ ਦੇਸ਼ ਨੂੰ ਵਿਕਰੀ 'ਤੇ ਲਾਉਣ ਵਾਲੇ ਲੋਕਾਂ ਨੂੰ ਹਾਸ਼ੀਏ 'ਤੇ ਖੜਾ ਕਰ ਦੇਣਗੇ। ਲੋਕ ਲਹਿਰਾਂ ਇਸ ਗੱਲ ਦਾ ਸੰਦੇਸ਼ ਦੇਣ ਲੱਗ ਪਈਆਂ ਹਨ।

ਸਾਲ 2021 ਦਾ ਜਾਣਾ ਲੋਕਾਂ ਲਈ ਸ਼ੁੱਭ ਰਿਹਾ ਹੈ ਅਤੇ ਸਾਸ਼ਕਾਂ ਲਈ ਇੱਕ ਚਿਤਾਵਨੀ ਲਿਆਇਆ ਹੈ। ਸਾਲ 2022 ਦਾ ਆਗਮਨ ਲੋਕਾਂ ਨੂੰ ਆਪਣਿਆਂ ਵਿਚੋਂ ਚੰਗੇ ਸਾਸ਼ਕ ਚੁਨਣ ਦਾ ਮੌਕਾ ਦੇ ਰਿਹਾ ਹੈ ਅਤੇ ਸਵਾਰਥੀ ਹਾਕਮਾਂ ਨੂੰ ਭਜਾਉਣ ਦਾ ਸੰਦੇਸ਼ ਵੀ, ਕਿਉਂਕਿ ਲੋਕ ਸਮਝਣ ਲੱਗ ਪਏ ਹਨ ਕਿ ਦੇਸ਼ ਉਹਨਾ ਦਾ ਆਪਣਾ ਹੈ, ਕਿ ਵਿਸ਼ੇਸ਼ ਪਾਰਟੀ, ਕਿਸੇ ਵੱਡੇ ਨੇਤਾ, ਕਿਸੇ ਚੌਧਰੀ ਦੀ ਜਗੀਰ ਨਹੀਂ।

## ਆਓ ਵਿਚਾਰ ਕਰੀਏ

# ਚੋਣਾਂ ਪੰਜਾਬ ਵਿੱਚ ਹੋਣਗੀਆਂ ਭਵਿਖ ਪਾਰਲੀਮੈਂਟ ਦਾ ਨਿਸ਼ਚਿਤ ਹੋਵੇਗਾ

- ਦਲੀਪ ਸਿੰਘ ਵਾਸਨ,
ਐਡਵੋਕਟ-

ਅਸਾਂ ਉਹ ਵਕਤ ਵੀ ਦੇਖੇ ਹਨ ਜਦ ਪਾਰਲੀਮੈਂਟ ਦੀਆਂ ਚੋਣਾ ਜਿਸ ਵੀ ਪਾਰਟੀ ਦੇ ਹਕ ਵਿੱਚ ਹੋ ਜਾਂਦੀਆਂ ਸਨ ਉਸਦਾ ਅਸਰ ਭਾਰਤ ਦੇ ਸਾਰੇ ਸੂਬਿਆਂ ਉਤੇ ਪੈਂਦਾ ਸੀ। ਪਰ ਪਿਛੇ ਜਿਹੇ ਅਸਾਂ ਦੇਖਿਆ ਕਿ ਪੰਜਾਬੀਆਂ ਦੇ ਚਲਾਏਅੰਦੋਲਨ ਕਾਰਨ ਤਕਰੀਬਲ ਸਤ ਸੂਬਿਆਂ ਵਿੱਚ ਹੋਈਆਂ ਚੋਣਾ ਭਾਜਪਾ ਖਿਲਾਫ ਗਈਆਂ ਹਨ। ਪਿਛੇ ਜਿਹੇ ਮੈਡਮ ਸੋਨੀਆਂ ਗਾਂਧੀ ਨੇ ਵੀ ਪੰਜਾਬ ਵਿੱਚ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਨੂੰ ਮੁਖ ਮੰਤਰੀ ਲਿਆਕੇਇਕ ਤਾਂ ਇਹ ਆਖ ਦਿੱਤਾ ਹੈ ਕਿ ਅਗਲਾ ਪੰਜਾਬ ਦਾ ਮੁਖ ਮੰਤਰੀ ਕੋਈ ਦਲਿਤ ਜਾਤੀਆਂ ਦਾ ਹੋਵੇਗਾ ਅਤੇ ਇਹ ਵੀ ਦਸ ਦਿੱਤਾ ਹੈ ਕਿ ਉਹ ਇਸ ਵਾਰੀਂ ਮੁਲਕ ਦਾ ਪ੍ਰਧਾਨ ਮੰਤਜਪ ਵੀ ਕੋਈ ਦਲਿਤ ਹੀ ਨਾਮਜ਼ਦ ਕਰੇਗੀ। ਮੈਡਮ ਸੋਨੀਆਂ ਗਾਂਧੀ ਜਾਣਦੀ ਹੈ ਕਿ ਇਸ ਵਕਤ ਉਸਦੀ ਆਪਣੀ ਪਾਰਟੀ ਵਿੱਚ ਵੀ ਬਹੁਤੇ ਲੋਕਾਂ ਨੇ ਇਹ ਮਨ ਬਣਾ ਲਿਆ ਹੈ ਕਿ ਉਹ ਉਸਦੇ ਪੁਤਰ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਨਹੀਂ ਬਣਨ ਦੇਣਗੇ ਅਤੇ ਇਸ ਲਈ ਇਹ ਜਿਹੜਾ ਪੰਜ ਸਾਲਾਂ ਦਾ ਸਮਾਂ ਹੈ ਇਹਕਿਸੇ ਤਰ੍ਹਾਂ ਟਾਲਿਆ ਜਾਵੇ। ਅਗੇ ਵੀ ਇਕ ਨਹੀਂ ਦੋ ਵਾਰੀਂ ਮੈਡਮ ਸੋਨੀਆਂ ਨੇ ਸਮਾਂ ਟਾਲਣ ਲਈ ਡਾਕਟਰ ਮਨਮੋਹਨ ਸਿੰਤ ਜੀ ਨੂੰ ਪ੍ਰਧਾਨ ਮੰਤਰੀ ਬਣਾਕੇ ਇਹ ਦਰਸਾ ਦਿੱਤਾ ਸੀ ਕਿ ਉਹ ਸਿਖਾਂ ਪ੍ਰਤੀ ਕੋਈ ਨਫਰਤ ਦੀ ਭਾਵਲਾ ਨਹੀਂ ਰਖਦੀ ਹੈ ਅਤੇ ਦੂਜਾ ਇਹ ਵੀ ਦਰਸਾ ਦਿਤਾ ਸੀ ਕਿ ਇਹ ਕਾਂਗਰਸ ਪਾਰਟੀ ਹਰ ਧਰਮ ਦੇ ਲੋਕਾ ਦੀ ਹੈ ਅਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ। ਇਹ ਵੀ ਪਤਾ ਪਿਆ ਲਗਦਾ ਹੈ ਕਿ ਅਗਲਾ ਪ੍ਰਧਾਨਮੰਤਰੀ ਕੋਈ ਦਲਿਤ ਹੋਵੇਗਾ ਅਤੇ ਇਹ ਵੀ ਸੰਭਵ ਹੈ ਕਿ ਇਸ ਸਰਦਾਰ ਚਰਨਜੀਤ ਸਿੰਘ ਚੰਨੀ ਦਾ ਕੰਮ ਕਾਜ ਦੇਖਕੇ ਇਹ ਆਦਮੀ ਹੀ ਸਾਡੇ ਮੁਲਕ ਦਾ ਅਗਲਾ ਪ੍ਰਧਾਨ ਮੰਤਰੀ ਨਾਮਜ਼ਦ ਕਰ ਦਿੱਤਾ ਜਾਵੇ।

ਪੰਜਾਬ ਦੀਆਂ ਚੋਣਾਂ ਵਿੱਚ ਜਿਹੜੀਆਂ ਵੀ ਪਾਰਟੀਆਂ ਅਤੇ ਵਿਅਕਤੀਵਿਸ਼ੇਸ਼ ਆ ਰਹੇ ਹਨ, ਸਾਰਿਆਂ ਦੇ ਚਿਹਰੇ ਸਾਡੇ ਸਾਹਮਣੇ ਆ ਰਹੇ ਹਨ ਅਤੇ ਹਾਲਾਂ ਤਕ ਕਿਸੇ ਵੀ ਪਾਰਟੀ ਜਾਂ ਧੜੇ ਨੇ ਇਹ ਨਹੀਂਆਖਿਆ ਕਿ ਉਹ ਕਿਸੇ ਦਲਿਤ ਨੂੰਮੁਖ ਮੰਤਰੀ ਬਨਾਉਣ ਜਾ ਰਹੇ ਹਨ। ਇਹ ਗਲ ਵੀ ਮੈਡਮ ਸੋਨੀਆਂ ਗਾਂਧੀ ਦੇ ਹਕ ਵਿੱਚ ਜਾਂਦੀ ਹੈ।

ਪੰਜਾਬੀਆਂ ਦੀ ਸਮਝ ਵਿੱਚ ਆ ਚੁਕਾ ਹੈ ਕਿ ਪੰਜਾਬ ਪਾਸੋਂ ਜੋ ਵੀ ਖੋਹ ਲਿਤਾ ਗਿਆ ਹੈ ਉਹ ਹੁਣ ਪੰਜਾਬ ਵਿੱਚ ਵਾਪਸਲਿਆਉਣ ਦੀ ਕੋਈ ਉਮੀਦ ਨਹੀਂਹੈ ਅਤੇ ਨਾਂ ਹੀ ਕੋਈ ਯਤਨ ਕੀਤਾ ਜਾ ਸਕਦਾ ਹੈ। ਇਹ ਹਿੰਮਾਚਲ ਪ੍ਰਦੇਸ਼, ਇਹ ਹਰਿਆਣਾ, ਇਹ ਕੇਂਦਰੀ ਪ੍ਰਸ਼ਾਸਤ ਚੰਡੀਗੜ੍ਹ, ਇਹ ਪਹਾੜ, ਇਹ ਡ ੈਮ, ਇਹ ਬਿਜਲੀ ਘਰ, ਇਹ ਰਾਜਧਾਨੀ ਅਤੇ ਸਿਖਾਂ ਨਾਲ ਹੋਈਆਂ ਜ਼ਿਆਦਤੀਆਂ ਇਹ ਸਾਰੇ ਦੇ ਸਾਰੇ ਰਾਜਸੀ ਲੋਕੀਂ ਜ਼ਿਮੇਵਾਰ ਹਨ ਅਤੇ ਇਹ ਭੁਲਾਂ ਲਈ ਸਾਰੇ ਅੰਦਰਖਾਤੇ ਦੁਖੀ ਵੀ ਹਨ, ਪਰ ਹੁਣ ਕਰ ਕੁਝ ਵੀ ਨਹੀਂ ਸਕਦੇ ਹਨ। ਇਸ ਲਈ ਹਾਲਾਂ ਤਕ ਕਿਸੇ ਵੀ ਰਾਜਸੀ ਆਦਮੀ ਨੇ ਇਹ ਵਾਲੀਆਂ ਗਲਾਂ ਵਾਪਸ ਲਿਆਉਣ ਲਈ ਵਚਨ ਨਹੀਂ ਦਿਤਾ ਹੈ ਅਤੇ ਇਹ ਵੀ ਸਾਫ ਪਿਆ ਲਗਦਾ ਹੈ ਕਿ ਕਦੀ ਵੀ ਕੋਈ ਪੰਜਾਬ ਦਾ ਰਾਜਸੀ ਆਦਮੀ ਇਹ ਘਾਟਾ ਪੂਰੀਆਂ ਕਰਨ ਲਈ ਮੈਦਾਨ ਵਿੱਚ ਨਹੀਂ ਆਵੇਗਾ।

ਪੰਜਾਬ ਇਕ ਪਿੰਡ ਜਿਹਾ ਬਣ ਗਿਆ ਹੈ ਅਤੇ ਇਸ ਪੰਜਾਬ ਦਾ ਇਹ ਹਾਲ ਬਣ ਗਿਆ ਹੈ ਕਿ ਪੰਜਾਬ ਸਰਕਾਰ ਅਜ ਮੁਲਾਜ਼ਮਾਂ ਦੀ ਭਰਤੀ ਪਹਿਲਾਂ ਤਾ ਕਰ ਹੀ ਨਹੀਂ ਸਕਦੀ ਪਈ ਅਤੇ ਅਗਰ ਕਰਦੀ ਵੀ ਹੈ ਤਾਂ ਘਟ ਤਨਖਾਹ ਵਾਲੇਆਦਮੀ ਭਰਤੀ ਕਦੀ ਪਈ ਹੈ ਅਤੇ ਵਿਧਾਨ ਦੀ ਸਾਫ ਉਲੰਘਣਾ ਕੀਤੀ ਜਾ ਰਹੀ ਹੈ। ਇਹ ਵੀ ਕੋਈ ਜ਼ਿਮੇਵਾਰੀ ਨਹੀਂ ਲੈ ਰਿਹਾ ਹੈ ਕਿ ਉਹ ਅਗਰ ਆ ਜਾਂਦਾ ਹੈ ਤਾਂ ਇਹ ਵਾਲਾ ਵਿਤਕਰਾ ਖਤਮ ਕਰ ਦੇਵੇਗਾ। ਕੋਈ ਇਹ ਐਲਾਨ ਵੀ ਨਹੀ ਕਰ ਰਿਹਾ ਕਿ ਪੁਰਾਣੀ ਪੈਨਸ਼ਨ ਵਾਪਸ ਕਰ ਦਿਤੀ ਜਾਵੇਗੀ। ਕੋਈ ਇਹ ਵੀ ਪਿਆ ਨਹੀਂ ਆਖਦਾ ਕਿ ਪੰਜਾਬ ਆਪਣੀ ਰਾਜਧਾਨੀ ਵਾਪਸ ਲੈ ਲਵੇਗਾ। ਕੋਈ ਇਹ ਵੀ ਪਿਆ ਨਹੀਂ ਆਖਦਾ ਕਿ ਪੰਜਾਬ ਸਰਕਰ ਉਤੇ ਜਿਹੜਾ ਕਰਜ਼ਾ ਚੜ੍ਹਿਆ ਪਿਆ ਹੈ ਉਹ ਮੁਾਫ ਕਰਵਾਇਆ ਜਾਵੇਗਾ। ਕੋਈ ਇਹ ਵੀ ਪਿਆ ਨਹੀਂ ਆਖਦਾ ਕਿ ਪੰਜਾਬ ਦਾ ਨੌਜਵਾਨ ਜਿਹੜਾ ਬਾਹਰ ਵਲ ਭਜ ਰਿਹਾ ਹੈ ਉਸਨੂੰ ਰੋਕਿਆ ਜਾਵੇਗਾ ਅਤੇ ਪੰਜਾਬ ਵਿੱਚ ਵਡੇ ਕਾਰਖਾਨਾ ਲਗਾਕੇ ਜਾਂ ਮੁਕਾਬਲੇ ਦੀਆਂ ਸਹਿਕਾਰਤਾ ਇਕਾਈਆਂ ਬਣਾਕੇ ਪੰਜਾਬ ਦੇ ਨੌਜਵਾਨਾ ਦੀ ਪੰਜਾਬ ਵਿੱਚ ਖਪਤ ਕਰਨ ਬਾਰੇ ਕੰਮ ਕੀਤਾ ਜਾਵੇਗਾ। ਕੋਈ ਇਹ ਵੀ ਪਿਆ ਨਹੀਂ ਆਖਦਾ ਕਿ ਜਿਹੜੇ ਵਡੇ ਕਾਰਖਾਨੇ ਪੰਜਾਬ ਵਿਚੋਂ ਜਾ ਚੁਕੇਹਨ ਉਹ ਵਾਪਸ ਲਿਆਂਦੇ ਜਾਣਗੇ ਅਤੇ ਹੋਰ ਐਗਰੋ ਕਾਰਖਾਨੇ ਲਗਾਏ ਜਾਣਗੇ।

ਇਹ ਜਿਹੜੀਆਂ ਵੀ ਰਾਜਸੀ ਪਾਰਟੀਆਂ ਪੰਜਾਬ ਦੇ ਚੋਣ ਮੈਦਾਨ ਵਿੱਚ ਆ ਰਹੀਆਂ ਹਨ ਇਹ ਤਾਂ ਆਪ ਹੀ ਸਾਫ ਕਰ ਰਹੀਆਂ ਹਨ ਕਿ ਪੰਜਾਬ ਦਾ ਬੁਰਾ ਹਾਲ ਹੋ ਚੁਕਾ ਹੈ ਅਤੇ ਜਦ ਤਕ ਇਹ ਠੀਕ ਨਹੀਂ ਕੀਤਾ ਜਾਂਦਾ, ਪੰਜਾਬੀਆਂ ਦੀ ਢਹਿੰਦਾ ਕਲਾ ਨੂੰ ਰੋਕਣ ਲਈ ਕੁਝ ਚੀਜ਼ਾਂ ਸਸਤੀਆਂ ਕਰ ਦਿਤੀਆਂ ਜਾਣ ਜਾਂ ਕੁਝ ਰਿਆਇਤਾ ਦੇ ਦਿਤੀਆਂ ਜਾਣ। ਅਰਥਾਤ ਮੁਢਲੀ ਡਾਕਟਰੀ ਸਹਾਇਤਾ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਹੁਣ ਤਕ ਬਿਜਲੀ ਉਤੇ ਜ਼ੋਰ ਦਿਤਾ ਜਾ ਰਿਹਾ ਹੈ ਜਿਵੇਂ ਪੰਜਾਬ ਪਾਸਆਪਣੀ ਬਿਜਲੀ ਹੈ। ਇਹ ਸਾਰੇ ਜਾਣਦੇ ਹਨ ਕਿ ਪੰਜਾਬ ਪਾਸ ਆਪਣੀ ਬਿਜਲੀ ਨਹੀਂ ਹੈ ਅਤੇ ਬਿਜਲੀ ਖਰੀਦਕੇ ਇਹ ਪੰਜਾਬ ਸਰਕਾਰ ਲੋਕਾਂ ਨੂੰ ਕਿਵੇਂ ਦੇ ਸਕਦੀ ਹੈ, ਇਹ ਗਲਾਂ ਸਾਰੇ ਪੰਜਾਬੀ ਜਾਣਦੇ ਹਨ ਅਤੇ ਇਹ ਵੀ ਸਮਝੀ ਜਾਂਦੇ ਹਨ ਕਿ ਚੋਣਾ ਦੇ ਤੁਰਤ ਬਅਦ ਇਹ ਬਿਜਲੀ ਦੀਆਂ ਦਿਤੀਆਂ ਰਿਆਇਤਾ ਵਾਪਸ ਲੈ ਲਿਤੀਆਂ ਜਾਣਗੀਆਂ।

ਪੰਜਾਬ ਕਦੀ ਅਮੀਰ ਸੀ ਅਤੇ ਅੱਜ ਪੰਜਾਬ ਗਰੀਬਾਂ ਦੀਕਤਾਰ ਵਿੱਚ ਆ ਖਲੌਤਾ ਹੈ। ਇਹ ਵੀ ਅਜੀਬ ਕਿਸਮ ਦੀ ਗੁਰਬਤ ਆ ਗਈ ਹੈ ਅਤੇ ਇਹ ਵਾਲੀ ਗੁਰਬਤ ਦੂਰ ਕਰਨ ਲਈ ਪੰਜਾਬ ਦੇ ਰਾਜਸੀ ਲੋਕਾਂ ਪਾਸ ਕੋਈ ਵੀ ਸਕੀਮ ਜਾਂ ਯੋਜਨਾ ਨਹੀਂਹੈ ਅਤੇ ਨਾ ਹੀ ਹਾਲਾਂ ਤਕ ਕਿਸੇ ਵੀ ਰਾਜਸੀ ਧੜੇ ਦਾ ਗੁਰਬਤ ਦੂਰ ਕਰਨ ਦਾ ਬਿਆਨ ਹੀ ਆਇਆ ਹੈ। ਵੈਸੇ ਤਾਂ ਅਗਲੀਆਂ ਪਾਰਲਮੈਂਟ ਚੋਣਾ ਲਈ ਗੁਰਬਤ ਦੂਰ ਕਰਨ ਦਾ ਐਲਾਨ ਕਿਸੇ ਵੀ ਰਾਸ਼ਟਰੀ ਪਾਰਟੀ ਨੇ ਨਹੀਂ ਕੀਤਾ ਹੈ ਅਤੇ ਨਾ ਹੀ ਕਿਸੇ ਨੇ ਛੁਪਵਾਂ ਕਾਨੂੰਨ ਦਾ ਖਰੜਾ ਹੀ ਬਣਾ ਪਾਇਆ ਹੈ ਕਿ ਅਗਰ ਉਹੀ ਇਹਵਾਲਾ ਖਰੜਾ ਜੰਤਕ ਕਰ ਦੇਣਗੇ ਤਾਂ ਸਾਰੇ ਦੇ ਸਾਰੇ ਲੋਕੀਂ ਉਨ੍ਹਾਂ ਨੂੰ ਵੋਟਾ ਪਾ ਦੇਣਗੇ ਇਹ ਵੀ ਇਕ ਬਦਕਿਸਮਤੀ ਹੈ ਅਤੇ ਕਿਉਂਕਿ ਇਸ ਵਕਤ ਪੰਜਾਬ ਵਿੱਚ ਚੋਣਾ ਆ ਰਹੀਆਂ ਹਨ ਅਤੇ ਇਹ ਵਾਲੀ ਗਬੁਰਬਤ ਦੀ ਕਹਾਣੀ ਦਾ ਸਭ ਤੋਂ ਮਾੜਾ ਅਸਰ ਂਜਾਬ ਵਿੱਚ ਆ ਬਣੇਗਾ ਅਤੇ ਇਹ ਵੀ ਹੋ ਸਕਦਾ ਹੈਬਹੁਤ ਹੀ ਘਟ ਵੋਟਾ ਪਾਈਆਂ ਜਾਣ। ਇਹ ਵਾਲਾ ਪੰਜਾਬਇਕ ਵਾਰੀਂ ਪਹਿਲਾਂ ਵੀ ਦੇਖ ਬੈਠਾ ਹੈ ਕਿ ਸਿਰਫ ਅਠ ਦਸ ਪ੍ਰਤੀਸ਼ਤ ਹੀ ਵੋਟਾ ਪਈਆਂ ਸਨ ਅਤੇ ਸਰਕਾਰ ਫਿਰ ਵੀ ਪੰਜ ਸਾਲਾਂ ਲਈ ਬਣ ਜਾਵੇਗੀ। ਇਹ ਰਸਮੀ ਜਿਹੀਆਂ ਸਰਕਾਰਾਂ ਬਣ ਤਾਂ ਜਾਂਦੀਆਂ ਹਨ, ਪਰ ਪੰਜਹਾਬਦਾ ਨੁਕਸਾਨ ਹੀ ਕਰੀ ਜਾਂਦੀਆਂ ਹਨ।

ਇਹ ਵਾਲੇ ਸਾਰੇ ਦੇ ਸਾਰੇ ਹਾਲਾਤ ਦੇਖਕੇ ਕਈ ਵਾਰੀਂ ਇਹ ਆਖਣ ਵੀ ਦਿਲ ਕਰ ਆਉਂਦਾ ਹੈ ਕਿ ਇਹ ਜਿੜੀ ਵੀ ਸਰਕਾਰ ਪੰਜਾਬ ਵਿੱਚ ਬੀ ਪਈ ਹੈ ਇਹੀ ਠੀਕ ਠਾਕ ਹੈ ਅਤੇ ਅਗਰ ਪੰਜ ਸਾਲਾਂ ਲਈ ਇਸ ਸਰਕਾਰ ਦਾ ਸਮਾ ਵਧਾ ਦਿਤਾ ਜਾਵੇ ਤਾਂ ਵੀ ਪੰਜਾਬੀਆਂ ਪਾਸੋਂ ਕੋਈ ਵੀ ਪਰਜਾਤੰਤਰ ਖੋਹਿਆ ਨਹੀਂ ਜਾਣ ਲਗਾ ਅਤੇ ਨਾਂ ਹੀ ਇਹ ਵਾਲਾ ਰਾਜ ਕਿਸੇ ਪਰਜਾਤੰਤਰ ਦੇ ਖਿਲਆਫ ਹੀ ਹੈ। ਪਾਰਲੀਮੈਂਟ ਚੋਣਾਂ ਕ ਅਗਰ ਇਹ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਅਗਰ ਟਾਲ ਦਿਤੀਆਂ ਜਾਣ ਤਾਂ ਰਜਾਜਸੀ ਪਾਰਟੀਆਂ ਵੀ ਸਮਾਂ ਪਾਕੇ ਆਪਣੇ ਆਪਣੇ ਸੰਭਾਵੀ ਕੰਮ ਲੋਕਾਂ ਸਾਹਮਣੇ ਠੀਕ ਠਾਕ ਰਖ ਸਕਦੀਆਂ ਹਨੇ ਚੋਣਾਂ ਬਹੁਤ ਹੀ ਖਰਚੀਲਾ ਕੰਮ ਹੈ ਅਤੇ ਇਹ ਜਿਹੜਾ ਮਾਹੋਲ ਇਸ ਵਕਤ ਬਣਿਆਪਿਆ ਹੈ ਇਸ ਵਿੱਚ ਲੋਕੀਂ ਵੋਟਾਂ ਤਾਂ ਪਾ ਹੀ ਦੇਣਗੇ, ਪਰ ਇਹ ਸਾਰੀ ਦੀ ਸਾਰੀ ਕਾਰਵਾਈ ਰਸਮਮੀ ਜਿਹੀ ਹੀ ਹੋਵੇਗੀ।

101-ਸੀ ਵਿਕਾਸ ਕਲੋਨੀ,
ਪਟਿਆਲਾ-ਪੰਜਾਬ-ਭਾਰਤ-
147001
ਫੋਨ- 0175 5191856




# ਬਿਕਰਮ ਸਿੰਘ ਮਜੀਠੀਆ ਨੂੰ ਹਾਈ ਕੋਰਟ ਤੋਂ ਹਾਲੇ ਕੋਈ ਰਾਹਤ ਨਹੀਂ

## * ਪੰਜਾਬ ਸਰਕਾਰ ਤੋਂ ਅੱਠ ਤਕ ਜਵਾਬ ਮੰਗਿਆ, ਸੁਣਵਾਈ 10 ਨੂੰ



ਚੰਡੀਗੜ੍ਹ, 6 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਬਹੁ-ਚਰਚਿਤ ਡਰੱਗ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅਗਾਊਂ ਜ਼ਮਾਨਤ ਦੀ ਅਰਜ਼ੀ ਵਿੱਚ ਕੱਲ੍ਹ ਵੀ ਕੋਈ ਰਾਹਤ ਨਹੀਂ ਮਿਲ ਸਕੀ। ਇਸ ਕੇਸ ਦੀ ਅਗਲੀ ਸੁਣਵਾਈ 10 ਜਨਵਰੀ ਨੂੰ ਤੈਅ ਕੀਤੀ ਗਈ ਹੈ।

ਕੱਲ੍ਹ ਬੁੱਧਵਾਰ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਸੁਣਵਾਈ ਦੌਰਾਨ ਹਾਈ ਕੋਰਟ ਨੇ ਇਸ ਕੇਸ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਅਤੇ ਅੱਠ ਜਨਵਰੀ ਤਕ ਜਵਾਬ ਦੇਣ ਨੂੰ ਕਿਹਾ ਹੈ। ਅਦਾਲਤ ਵਿੱਚ ਸੁਣਵਾਈ ਲੱਗਭਗ ਡੇਢ ਘੰਟਾ ਚੱਲੀ। ਬਿਕਰਮ ਸਿੰਘ ਮਜੀਠੀਆ ਵੱਲੋਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਅਤੇ ਪੰਜਾਬ ਸਰਕਾਰ ਵੱਲੋਂ ਸੀਨੀਅਰ ਵਕੀਲ ਪੀ ਚਿਦੰਬਰਮ ਪੇਸ਼ ਹੋਏ। ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਪੰਜਾਬ ਸਰਕਾਰ ਨੂੰ 8 ਜਨਵਰੀ ਤਕ ਜਵਾਬ ਦਾਖ਼ਲ ਕਰਨ ਲਈ ਨੋਟਿਸ ਜਾਰੀ ਕੀਤਾ ਹੈ।

ਵਰਨਣਯੋਗ ਹੈ ਕਿ ਮਜੀਠੀਆ ਦੇ ਖ਼ਿਲਾਫ਼ 20 ਦਸੰਬਰ ਨੂੰ ਮੁਹਾਲੀ ਵਿੱਚ ਐਨ ਡੀ ਪੀ ਐਸ ਐਕਟ ਹੇਠ ਕੇਸਦਰਜ ਕੀਤਾ ਗਿਆ ਸੀ ਅਤੇ ਹੇਠਲੀ ਅਦਾਲਤ ਵੱਲੋਂ ਜ਼ਮਾਨਤ ਅਰਜ਼ੀ ਰੱਦ ਕਰਨ ਉੱਤੇਬਿਕਰਮ ਸਿੰਘ ਮਜੀਠੀਆ ਨੇ ਹਾਈ ਕੋਰਟ ਵਿੱਚ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਜ਼ਮਾਨਤ ਦੀ ਮੰਗ ਕੀਤੀ ਹੈ।

# ਮੋਦੀ ਦੀ ਰੈਲੀ ਦਾ ਮਾਮਲੇ ਵਿਚ ਕੇਂਦਰੀ ਮੰਤਰੀ ਸ਼ੇਖਾਵਤ ਨਾਲ ਮਿਲਣ ਪਿੱਛੋਂ ਵੀ ਕਿਸਾਨ ਸੰਤੁਸ਼ਟ ਨਹੀਂ ਸਨ ਹੋ ਸਕੇ

ਫ਼ਿਰੋਜ਼ਪੁਰ, 6 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਫਿਰੋਜ਼ਪੁਰ ਵਿੱਚ ਇੱਕ ਪੀ ਜੀ ਆਈ ਸੈਟੇਲਾਈਟ ਸੈਂਟਰ ਦਾ ਨੀਂਹ ਪੱਥਰ ਰੱਖਣ ਅਤੇ ਇੱਕ ਵੱਡੀ ਰੈਲੀ ਨੂੰ ਸੰਬੋਧਨ ਕਰਨ ਲਈ ਆ ਰਹੇ ਸਨ ਤਾਂ ਉਨ੍ਹਾਂ ਦੀ ਆਮਦ ਵਿਰੁੱਧ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਉਨ੍ਹਾਂ ਦੇ ਵਿਰੋਧ ਕਾਰਨ ਸਾਰੀ ਰਾਤ ਡੀ ਆਈ ਜੀ ਫ਼ਿਰੋਜ਼ਪੁਰ ਰੇਂਜ ਇੰਦਰਬੀਰ ਸਿੰਘ, ਐਸ ਐਸ ਪੀ ਫ਼ਿਰੋਜ਼ਪੁਰ ਹਰਮਨਦੀਪ ਹੰਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਮਿਲ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਅਹੁਦੇਦਾਰਾਂ ਨੂੰ ਪ੍ਰਧਾਨ ਮੰਤਰੀ ਦਾ ਵਿਰੋਧ ਨਾ ਕਰਨ ਲਈ ਮਨਾਉਣ ਲੱਗੇ ਰਹੇ ਸਨ, ਪਰ ਕਿਸਾਨਾਂ ਦੀ ਇੱਕੋ ਮੰਗ ਸੀ ਕਿ ਪ੍ਰਧਾਨ ਮੰਤਰੀ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਨ ਦਾ ਐਲਾਨ ਕਰਨ ਤੇ ਦਿੱਲੀ, ਯੂ ਪੀ ਅਤੇ ਹਰਿਆਣਾ ਵਿੱਚ ਕਿਸਾਨਾਂ ਖ਼ਿਲਾਫ਼ ਦਰਜ ਕੀਤੇ ਕੇਸ ਰੱਦ ਕੀਤੇ ਜਾਣ।

ਡੀ ਆਈ ਜੀ ਫ਼ਿਰੋਜ਼ਪੁਰ ਰੇਂਜ ਇੰਦਰਬੀਰ ਸਿੰਘ ਅਤੇ ਐਸ ਐਸ ਪੀ ਅਤੇ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੇ ਵਾਰ-ਵਾਰ ਸਮਝਾਉਣ ਉੱਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂ, ਉਪ ਪ੍ਰਧਾਨ ਜਸਬੀਰ ਸਿੰਘ ਪਿੱਦੀ ਤੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਕੇਂਦਰੀ ਮੰਤਰੀ ਅਤੇ ਪੰਜਾਬ ਭਾਜਪਾ ਦੇ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਨਾਲ ਦੇਰ ਰਾਤ ਮੀਟਿੰਗ ਹੋਈ, ਜਿਸ ਵਿੱਚ ਕਿਸਾਨਾਂ ਦੀਆਂ ਜ਼ਿਆਦਾ ਮੰਗਾਂ ਉੱਤੇ ਸਹਿਮਤੀ ਹੋ ਗਈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ 15 ਮਾਰਚ 2022 ਨੂੰ ਮੀਟਿੰਗ ਕਰਵਾਉਣ ਲਈ ਮੁੱਖ ਮੰਤਰੀ ਪੰਜਾਬ ਦੇ ਪ੍ਰਿੰਸੀਪਲ ਸੈਕਟਰੀ ਨੇ ਪੱਤਰ ਵੀ ਜਾਰੀ ਕਰ ਦਿੱਤਾ, ਪਰ ਕੇਂਦਰ ਸਰਕਾਰ ਦੇ ਲੈਟਰ ਹੈਡ ਉੱਤੇ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਲਈ ਪੱਤਰ ਜਾਰੀ ਕਰਨ ਬਾਰੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਕੇਂਦਰ ਸਰਕਾਰ ਵਿਚਾਲੇ ਕੋਈ ਸਹਿਮਤੀ ਨਹੀਂ ਸੀ ਹੋ ਸਕੀ, ਜਿਸ ਕਾਰਨ ਕਿਸਾਨਾਂ ਨੇ ਪ੍ਰਧਾਨ ਮੰਤਰੀ ਖ਼ਿਲਾਫ਼ ਰੋਸ ਪ੍ਰਦਰਸ਼ਨ ਦਾ ਐਲਾਨ ਕਰ ਦਿੱਤਾ ਤੇ ਰਾਤ ਨੂੰ ਕਿਸਾਨਾਂ ਨੇ ਕੁਲਗੜ੍ਹੀ ਦੇ ਪੁੱਲ ਉੱਤੇ ਬੈਠ ਕੇ ਲੰਗਰ ਛੱਕਿਆ ਤੇ ਪ੍ਰਧਾਨ ਮੰਤਰੀ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਸਾਢੇ 700 ਦੇ ਕਰੀਬ ਕਿਸਾਨਾਂ ਦੀ ਸ਼ਹਾਦਤ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜ਼ਿੰਮੇਵਾਰ ਹਨ।ਕਿਸਾਨਾਂ ਨੇ ਫ਼ਿਰੋਜ਼ਪੁਰ ਦੇ ਖਾਈ ਟੀ ਪੁਆਇੰਟ ਉੱਤੇ ਜਾਮ ਲਾ ਕੇ ਅੱਗੇ ਸਾਰੀਆਂ ਸੜਕਾਂ ਬੰਦ ਕਰ ਦਿੱਤੀਆਂ, ਜਿਸ ਕਾਰਨ ਸੈਂਕੜੇ ਭਾਜਪਾ ਵਰਕਰ ਰੈਲੀ ਵਾਲੀ ਥਾਂਨਹੀਂ ਪਹੁੰਚ ਸਕੇ ਅਤੇ ਉਨ੍ਹਾਂ ਨੂੰ ਪਿੰਡ ਪਿਆਸੇਆਣਾ ਦੇ ਪੁੱਲ ਤੋਂ ਮੁੜਨਾ ਪਿਆ।



# ਪੰਜਾਬ ਪੁਲਸ ਦੇ ਅਗਲੇ ਡੀ ਜੀ ਪੀ ਵੀਰੇਸ਼ ਭਾਵੜਾ ਹੋਣ ਦੀ ਸੰਭਾਵਨਾ



ਚੰਡੀਗੜ੍ਹ, 6 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਨਵੇਂ ਡੀ ਜੀ ਪੀ, ਵੀ ਕੇ ਭਾਵੜਾ ਹੋ ਸਕਦੇ ਹਨ। ਯੂ ਪੀ ਐਸ ਸੀ ਵੱਲੋਂ ਡੀ ਜੀ ਪੀ ਦੀ ਕੱਟ ਆਫ ਡੇਟ ਤੀਹ ਸਤੰਬਰ ਦੀ ਬਜਾਏ ਪੰਜ ਅਕਤੂਬਰ ਨੂੰ ਮੰਨਣ ਦੇ ਕਾਰਨ ਮੌਜੂਦਾ ਕਾਰਜਕਾਰੀ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਡੀ ਜੀ ਪੀ ਦੀ ਦੌੜ ਤੋਂ ਬਾਹਰ ਹੋ ਗਏ ਹਨ।

ਪੈਨਲ 'ਚ ਪਹਿਲੇ ਨੰਬਰ 'ਤੇ 1997 ਬੈਚ ਦੇ ਆਈ ਪੀ ਐਸ ਅਧਿਕਾਰੀ ਦਿਨਕਰ ਗੁਪਤਾ, ਦੂਜੇ ਨੰਬਰ 'ਤੇ ਵੀਰੇਸ਼ ਕੁਮਾਰ ਭਾਵੜਾ ਤੇ ਤੀਜੇ ਨੰਬਰ 'ਤੇ 1988 ਬੈਚ ਦੇ ਪ੍ਰਬੋਧ ਕੁਮਾਰ ਦਾ ਨਾਂਅ ਹੈ। ਬੀਤੇ ਦਿਨ ਯੂ ਪੀ ਐਸ ਸੀ ਦੀ ਮੀਟਿੰਗ 'ਚ ਸੂਬਾ ਸਰਕਾਰ ਵੱਲੋਂ ਡੀ ਜੀ ਪੀ ਲਈ ਕੱਟ ਆਫ ਡੇਟ ਤੀਹ ਸਤੰਬਰ ਮੰਨਣ ਦੀ ਦਲੀਲ ਦਿੱਤੀ ਗਈ ਅਤੇ ਕਿਹਾ ਕਿ ਸਰਕਾਰ ਨੇ ਡੀ ਜੀ ਪੀ ਲਈ ਪੈਨਲ ਤੀਹ ਸਤੰਬਰ ਨੂੰ ਭੇਜ ਦਿੱਤਾ ਸੀ, ਪਰ ਯੂ ਪੀ ਐਸ ਸੀ ਨੇ ਮੁੜ ਸਾਫ ਕਰ ਦਿੱਤਾ ਕਿ ਤੀਹ ਸਤੰਬਰ ਨੂੰ ਉਦੋਂ ਡੀ ਜੀ ਪੀ ਦਿਨਕਰ ਗੁਪਤਾ ਛੁੱਟੀ 'ਤੇ ਸਨ, ਉਨ੍ਹਾਂ ਨੂੰ ਚਾਰ ਅਕਤੂਬਰ ਤੋਂ ਅਹੁਦੇ ਤੋਂ ਹਟਾਇਆ ਗਿਆ। ਅਜਿਹੇ 'ਚ ਕੱਟ ਆਫ ਡੇਟ ਪੰਜ ਅਕਤੂਬਰ ਬਣਦੀ ਹੈ। ਮੁੱਖ ਸਕੱਤਰ ਅਨਿਰੁੱਧ ਤਿਵਾੜੀ ਦੀਆਂ ਦਲੀਲਾਂ 'ਤੇ ਅਸਹਿਮਤੀ ਪ੍ਰਗਟ ਕਰਦੇ ਹੋਏ ਯੂ ਪੀ ਐਸ ਸੀ ਨੇ ਸੀਲਬੰਦ ਲਿਫਾਫੇ 'ਚ ਪੈਨਲ ਉਨ੍ਹਾਂ ਨੂੰ ਸੌਂਪ ਦਿੱਤਾ ਹੈ। ਸੂਤਰਾਂ ਮੁਤਾਬਕ ਮੁੱਖ ਸਕੱਤਰ ਨੇ ਲਿਫਾਫਾ ਮੁੱਖ ਮੰਤਰੀ ਨੂੰ ਸੌਂਪ ਦਿੱਤਾ ਹੈ ਤੇ ਉਪ ਮੁੱਖ ਮੰਤਰੀ ਸੁਖਜਿੰਦਰ ਰੰਧਾਵਾ ਜਿਨ੍ਹਾਂ ਕੋਲ ਗ੍ਰਹਿ ਵਿਭਾਗ ਦਾ ਚਾਰਜ ਵੀ ਹੈ, ਨੇ ਕੱਲ੍ਹ ਕੈਬਨਿਟ ਮੀਟਿੰਗ ਤੋਂ ਪਹਿਲਾਂ ਉਨ੍ਹਾਂ ਨਾਲ ਮੁਲਾਕ-ਾਤ ਕੀਤੀ।

ਜੇ ਸਿਧਾਰਥ ਚਟੋਪਾਧਿਆਏ ਨੂੰ ਹਟਾਇਆ ਜਾਂਦਾ ਹੈ ਤਾਂ ਭਾਵੜਾ ਹੀ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਕਰਵਾਉਣਗੇ। ਪ੍ਰਬੋਧ ਕੁਮਾਰ ਨੇ ਕੇਂਦਰ 'ਚ ਡੈਪੂਟੇਸ਼ਨ 'ਤੇ ਜਾਣ ਦੀ ਇਜਾਜ਼ਤ ਮੰਗੀ ਹੋਈ ਹੈ। ਬੇਅਦਬੀ ਦੇ ਮੁੱਦਿਆਂ ਨੂੰ ਲੈ ਕੇ ਬਣਾਈ ਐਸ ਆਈ ਟੀ 'ਚ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨਾਰਾਜ਼ ਸਨ।

# ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਨੇ 7 ਮੈਂਬਰੀ ਵਿਸ਼ੇਸ਼ ਕਮੇਟੀ ਬਣਾਈ

ਅੰਮ੍ਰਿਤਸਰ, 6 ਜਨਵਰੀ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਵਿਖੇ ਬੀਤੇ ਦਿਨੀਂ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਕਾਇਮ ਕੀਤੀ ਸਿੱਟ ਦੇ ਅਸਫਲ ਰਹਿਣ ਤੋਂ ਬਾਅਦ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਪੱਧਰ 'ਤੇ ਇੱਕ ਸੱਤ ਮੈਂਬਰੀ ਵਿਸ਼ੇਸ਼ ਕਮੇਟੀ ਬਣਾਈ ਗਈ ਹੈ, ਜਿਸ 'ਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਸਮੇਤ ਹੋਰ ਧਾਰਮਿਕ ਤੇ ਪੰਥਕ ਸ਼ਖ਼ਸੀਅਤਾਂ ਸ਼ਾਮਲ ਕੀਤੀਆਂ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਿਜ-ਦਰ ਸਿੰਘ ਧਾਮੀ ਨੇ ਬੀਤੀ 18 ਦਸੰਬਰ ਨੂੰ ਇੱਕ ਸਿਰਫਿਰੇ ਨੌਜਵਾਨ ਵੱਲੋਂ ਮਹਾਨ ਪਵਿੱਤਰ ਅਸਥਾਨ ਵਿਖੇ ਦਿਨ ਦੀਵੀਂ ਜੰਗਲਾ ਟੱਪ ਕੇ ਮਰਿਯਾਦਾ ਵਿੱਚ ਵਿਘਨ ਪਾਉਣ ਅਤੇ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੇ ਜਾਣ ਅਤੇ ਇਸ ਤੋਂ ਤਿੰਨ ਦਿਨ ਪਹਿਲਾਂ 15 ਦਸੰਬਰ ਨੂੰ ਪਾਵਨ ਸਰੋਵਰ ਵਿੱਚ ਗੁਟਕਾ ਸਾਹਿਬ ਸੁੱਟ ਕੇ ਕੀਤੀ ਬੇਅਦਬੀ ਦੇ ਮਾਮਲਿਆਂ ਦੀ ਆਪਣੇ ਪੱਧਰ 'ਤੇ ਵੀ ਜਾਂਚ ਕਰਾਉਣ ਦਾ ਐਲਾਨ ਕੀਤਾ ਸੀ। ਕੱਲ੍ਹ ਤਕਰੀਬਨ ਢਾਈ ਹਫ਼ਤਿਆਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੱਤ ਮੈਂਬਰੀ ਜਾਂਚ ਕਮੇਟੀ ਦਾ ਐਲਾਨ ਕੀਤਾ ਜਿਸ 'ਚ ਗਿਆਨੀ ਗੁਰਮਿੰਦਰ ਸਿੰਘ ਤੋਂ ਇਲਾਵਾ ਦਮਦਮੀ ਟਕਸਾਲ ਦੇ ਮੁੱਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਜਥੇ. ਬਾਬਾ ਬਲਬੀਰ ਸਿੰਘ 96 ਕਰੋੜੀ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਭਾਈ ਗੁਰ-ਚਰਨ ਸਿੰਘ ਗਰੇਵਾਲ ਅਤੇ ਉਘੇ ਸਿੱਖ ਵਿਦਵਾਨ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੂੰ ਸ਼ਾਮਲ ਕੀਤਾ ਗਿਆ ਹੈ ਜਦੋਂ ਕਿ ਕਮੇਟੀ ਦੇ ਸਕੱਤਰ ਮਹਿੰਦਰ ਸਿੰਘ ਆਹਲੀ ਨੂੰ ਇਸ ਕਮੇਟੀ ਦਾ ਕੋਆਰਡੀਨੇਟਰ ਬਣਾਇਆ ਗਿਆ ਹੈ।

# ਬਹਿਬਲ ਗੋਲੀ ਕਾਂਡ ’ਚ ਮੁਲਜ਼ਮਾਂ ਦੀਆਂ ਅਰਜ਼ੀਆਂ ਰੱਦ

ਫਰੀਦਕੋਟ, 6 ਜਨਵਰੀ (ਪੋਸਟ ਬਿਊਰੋ)- ਬਹਿਬਲ ਗੋਲੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਪੁਲਸ ਅਧਿਕਾਰੀਆਂ ਵੱਲੋਂ ਕੇਸ ਦੀ ਸੁਣਵਾਈ ਰੋਕਣ ਸਬੰਧੀ ਦਿੱਤੀਆਂ ਚਾਰ ਅਰਜ਼ੀਆਂ ਸਥਾਨਕ ਅਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਨੇ ਰੱਦ ਕਰਨ ਦਾ ਹੁਕਮ ਦਿੱਤਾ ਹੈ। ਮੁਲਜ਼ਮਾਂ ਨੇ ਇੱਕ ਅਰਜ਼ੀ ਵਿੱਚ ਮੰਗ ਕੀਤੀ ਸੀ ਕਿ ਜਿੰਨਾ ਚਿਰ ਸੁਮੇਧ ਸੈਣੀ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਓਨਾ ਚਿਰ ਬਾਕੀ ਮੁਲਜ਼ਮਾਂ ਖਿਲਾਫ ਸੁਣਵਾਈ ਰੋਕੀ ਜਾਵੇ। ਦੂਜੀ ਅਰਜ਼ੀ ਵਿੱਚ ਬਹਿਬਲ ਗੋਲੀ ਕਾਂਡ ਵਾਲੇ ਦਿਨ ਪੁਲਸ ਉਪਰ ਹਮਲਾ ਕਰਨ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਸੀ ਅਤੇ ਇੱਕ ਹੋਰ ਅਰਜ਼ੀ ਵਿੱਚ ਕਿਹਾ ਗਿਆ ਸੀ ਕਿ ਵਿਸ਼ੇਸ਼ ਜਾਂਚ ਟੀਮ ਪੁਲਸ 'ਤੇ ਹਮਲਾ ਹੋਣ ਸਬੰਧੀ ਦਰਜ ਹੋਏ ਕੇਸ ਦੀ ਸਟੇਟਸ ਰਿਪੋਰਟ ਅਦਾਲਤ ਵਿੱਚ ਪੇਸ਼ ਕਰੇ। ਅਦਾਲਤ ਨੇ ਮੁਲਜ਼ਮਾਂ ਦੀਆਂ ਅਰਜ਼ੀਆਂ ਨੂੰ ਬੇਲੋੜੀਆਂ ਅਤੇ ਗੈਰ ਕਾਨੂੰਨੀ ਕਰਾਰ ਦਿੰਦਿਆਂ ਰੱਦ ਕਰਨ ਦਾ ਹੁਕਮ ਦਿੱਤਾ ਅਤੇ ਸੁਣਵਾਈ 18 ਜਨਵਰੀ ਮੁਕੱਰਰ ਕੀਤੀ ਹੈ।



ਇਹ ਅਰਜ਼ੀਆਂ ਰੱਦ ਹੋਣ ਨਾਲ ਮੁਲਜ਼ਮਾਂ ਖਿਲਾਫ ਦੋਸ਼ ਆਇਦ ਹੋਣ ਲਈ ਕਾਨੂੰਨੀ ਤੌਰ 'ਤੇ ਅੜਚਨਾਂ ਦੂਰ ਹੋ ਗਈਆਂ ਹਨ। ਇਸੇ ਤਰ੍ਹਾਂ ਕੱਲ੍ਹ ਬੇਅਦਬੀ ਕਾਂਡ ਵਾਲੇ ਤਿੰਨ ਕੇਸਾਂ ਦੀ ਸੁਣਵਾਈ ਇਲਾਕਾ ਮੈਜਿਸਟਰੇਟ ਮਿਸ ਤਰਜਨੀ ਦੀ ਅਦਾਲਤ ਵਿੱਚ ਹੋਣੀ ਸੀ, ਪਰ ਕੋਈ ਸੁਣਵਾਈ ਨਹੀਂ ਹੋ ਸਕੀ। ਅਦਾਲਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਗਲੀਆਂ ਵਿੱਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਦੀ ਸੁਣਵਾਈ 11 ਜਨਵਰੀ ਤਕ ਮੁਲਤਵੀ ਕਰ ਦਿੱਤੀ, ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੇ ਮਾਮਲੇ ਦੀ ਸੁਣਵਾਈ 2 ਫਰਵਰੀ ਨੂੰ ਹੋਵੇਗੀ।

# ਨਵ ਵਿਆਹੁਤਾ ਨੇ ਸਹੁਰੇ ਘਰ ’ਚ ਫਾਹਾ ਲਿਆ

ਆਦਮਪੁਰ ਦੋਆਬਾ, 6 ਜਨਵਰੀ (ਪੋਸਟ ਬਿਊਰੋ)- ਇੱਥੋਂ ਦੇ ਮੁਹੱਲਾ ਬੇਗਮਪੁਰਾ ਵਿਖੇ 29 ਸਾਲਾਂ ਨਵ ਵਿਆਹੁਤਾ ਨੇ ਸਹੁਰੇ ਘਰ ਵਿੱਚ ਫਾਹਾ ਲੈ ਕੇ ਜੀਵਨ ਲੀਲਾ ਸਮਾਪਤ ਕਰ ਲਈ ਹੈ। ਮ੍ਰਿਤਕਾ ਨੀਰਜ ਦਾ ਤਿੰਨ ਮਹੀਨੇ ਪਹਿਲਾਂ ਆਦਮਪੁਰ ਦੇ ਅਧਿਆਪਕ ਨਰਿੰਦਰ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀ ਮੁਹੱਲਾ ਬੇਗਮਪੁਰਾ ਨਾਲ ਵਿਆਹ ਹੋਇਆ ਸੀ।ਮ੍ਰਿਤਕਾ ਦੇ ਪਿਤਾ ਰਾਮ ਲੁਭਾਇਆ ਨੇ ਦੱਸਿਆ ਕਿ ਵਿਆਹ ਤੋਂ ਥੋੜ੍ਹੀ ਦੇਰ ਬਾਅਦ ਹੀ ਨੀਰਜ ਨੂੰ ਉਸ ਦੇ ਸਹੁਰੇ ਪਰਵਾਰ ਵੱਲੋਂ ਦਾਜ ਘੱਟ ਲਿਆਉਣ ਕਾਰਨ ਰੋਜ਼ਾਨਾ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਅਤੇ ਕੱਲ੍ਹ ਉਨ੍ਹਾਂ ਨੂੰ ਨੀਰਜ ਦੇ ਸਹੁਰੇ ਦਾ ਫੋਨ ਆਇਆ ਕਿ ਉਨ੍ਹਾਂ ਦੀ ਧੀ ਨੀਰਜ ਦੀ ਹਾਲਤ ਬਹੁਤ ਖਰਾਬ ਹੈ ਅਤੇ ਜਲਦੀ ਹਸਪਤਾਲ ਆ ਜਾਓ। ਜਦ ਉਹ ਹਸਪਤਾਲ ਆਏ ਤਾਂ ਉਨ੍ਹਾਂ ਦੀ ਧੀ ਦੀ ਮੌਤ ਹੋ ਗਈ ਸੀ।ਆਦਮਪੁਰ ਪੁਲਸ ਵੱਲੋਂ ਨੀਰਜ ਦੇ ਪਤੀ ਨਰਿੰਦਰ, ਉਸ ਦੇ ਪਿਤਾ ਪ੍ਰਗਟ ਸਿੰਘ ਅਤੇ ਸੱਸ ਬਿੰਦਰ ਕੌਰ ਵਿਰੁੱਧ ਧਾਰਾ 304 ਬੀ 34 ਆਈ ਪੀ ਸੀ ਦੇ ਤਹਿਤ ਪਰਚਾ ਦਰਜ ਕਰ ਕੇ ਨਰਿੰਦਰ ਤੇ ਉਸ ਦੇ ਪਿਤਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਦ ਕਿ ਉਸ ਦੀ ਸੱਸ ਬਿੰਦਰ ਕੌਰ ਫਰਾਰ ਹੈ।

# ਨਕਾਬਪੋਸ਼ ਲੁਟੇਰਿਆਂ ਵੱਲੋਂ ਹਥਿਆਰਾਂ ਦੀ ਨੋਕ 'ਤੇ ਬੈਂਕ 'ਚ ਲੁੱਟ

## * ਕਰੀਬ ਪੰਜ ਲੱਖ ਰੁਪਏ ਤੇ ਗਾਰਦ ਦੀ ਬੰਦੂਕ ਲੈ ਕੇ ਫ਼ਰਾਰ

ਪੱਟੀ, 6 ਜਨਵਰੀ (ਪੋਸਟ ਬਿਊਰੋ)- ਸਥਾਨਕ ਸ਼ਹਿਰ ਦੀ ਦਾਣਾ ਮੰਡੀ ਨੇੜੇ ਬੈਂਕ ਆਫ਼ ਬੜੌਦਾ ਬ੍ਰਾਂਚ ਪੱਟੀ ਵਿਖੇ ਦੁਪਹਿਰ ਵੇਲੇ ਚਾਰ ਹਥਿਆਰ ਬੰਦ ਲੁਟੇਰਿਆਂ ਨੇ ਬੈਂਕ ਅੰਦਰ ਦਾਖ਼ਲ ਹੋ ਕੇ ਸਟਾਫ਼ ਨੂੰ ਬੰਦੀ ਬਣਾਉਣ ਉਪਰੰਤ ਕੈਸ਼ੀਅਰ ਕੋਲੋਂ ਕਰੀਬ ਪੰਜ ਲੱਖ ਰੁਪਏ ਦੀ ਨਕਦੀ ਖੋਹ ਲਈ ਅਤੇ ਜਾਂਦੇ ਹੋਏ ਬੈਂਕ ਗਾਰਡ ਕੋਲੋਂ 12 ਬੋਰ ਦੀ ਦੁਨਾਲੀ ਬੰਦੂਕ ਵੀ ਖੋਹ ਕੇ ਫ਼ਰਾਰ ਹੋ ਗਏ,ਪਰ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ।



ਬੈਂਕ ਮੈਨਜਰ ਕਮਲਦੀਪ ਸਿੰਘ ਨੇ ਦੱਸਿਆ ਕਿ ਚਾਰ ਹਥਿਆਰਬੰਦ ਲੁਟੇਰਿਆਂ ਵੱਲੋਂ ਬੈਂਕ ਅੰਦਰ ਦਾਖ਼ਲ ਹੋ ਕੇ ਸਟਾਫ਼ ਨੂੰ ਬੰਦੀ ਬਣਾ ਕੇ ਗਾਰਡ ਕੋਲੋਂ ਬੰਦੂਕ ਖੋਹ ਲਈ ਅਤੇ ਕੈਸ਼ੀਅਰ ਕੋਲੋਂ ਪੰਜ ਲੱਖ ਦੀ ਨਕਦੀ ਵੀ ਲੁੱਟ ਲਈ ਉਕਤ ਲੁਟੇਰੇ ਜਾਂਦੇ-ਜਾਂਦੇ ਬੈਂਕ ਵਿੱਚੋਂ ਸੀ ਸੀ ਟੀ ਵੀ ਦੀ ਡੀ ਵੀ ਆਰ ਅਤੇ ਨੈਟ ਸਿਸਟਮ ਉਖਾੜ ਕੇ ਨਾਲ ਲੈ ਗਏ ਬੈਂਕ ਅੰਦਰ ਖਪਤਕਾਰ ਵੀ ਮੌਜੂਦ ਸਨ। ਕੋਈ ਹੋਰ ਨੁਕਸਾਨ ਹੋਣੋਂ ਬਚਾਅ ਰਿਹਾ ਹੈ।

# ਮੁੱਖ ਮੰਤਰੀ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਤਨਖਾਹਾਂ 'ਚ ਵਾਧਾ

ਮੋਰਿੰਡਾ, 6 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਂਗਣਵਾੜੀ ਵਰਕਰਾਂ ਦੀ ਭਲਾਈ ਲਈ ਸੂਬੇ ਭਰ ਦੀਆਂ 53000 ਤੋਂ ਵੱਧ ਆਂਗਣਵਾੜੀ ਵਰਕਰਾਂ, ਮਿੰਨੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਹੀਨੇਵਾਰ ਮਾਣ ਭੱਤੇ 'ਚ ਵਾਧੇ ਦਾ ਐਲਾਨ ਕੀਤਾ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਇਹ ਸਾਰੇ ਕਰਮਚਾਰੀ ਹੁਣ 1 ਜਨਵਰੀ, 2023 ਤੋਂ ਆਪਣੇ ਸਾਲਾਨਾ ਮਾਣ ਭੱਤੇ 'ਚ ਨਿਯਮਤ ਵਾਧੇ ਲਈ ਯੋਗ ਹੋਣਗੇ।



ਇਸ ਮੌਕੇ ਮੁੱਖ ਮੰਤਰੀ ਨੇ 67 ਸਫ਼ਾਈ ਸੇਵਕਾਂ ਨੂੰ ਨਿਯੁਕਤੀ ਪੱਤਰ ਵੀ ਵੰਡੇ। ਮੋਰਿੰਡਾ ਦੀ ਅਨਾਜ ਮੰਡੀ ਵਿਖੇ ਆਂਗਣਵਾੜੀ ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਹੁਣ ਤੋਂ ਆਂਗਣਵਾੜੀ ਵਰਕਰਾਂ ਦੀ ਮਹੀਨੇਵਾਰ ਤਨਖ਼ਾਹ 8100 ਰੁਪਏ ਤੋਂ ਵਧਾ ਕੇ 9500 ਰੁਪਏ, ਮਿੰਨੀ ਆਂਗਣਵਾੜੀ ਵਰਕਰਾਂ ਨੂੰ 5300 ਰੁਪਏ ਤੇ ਹੈਲਪਰਾਂ ਦੀ ਤਨਖ਼ਾਹ 4050 ਰੁਪਏ ਤੋਂ ਵਧਾ ਕੇ 5100 ਰੁਪਏ ਕੀਤੀ ਜਾਵੇਗੀ। ਇਸੇ ਤਰ੍ਹਾਂ ਆਂਗਣਵਾੜੀ ਵਰਕਰਾਂ ਦੇ ਮਾਣਭੱਤੇ 'ਚ ਹਰ ਸਾਲ 500 ਰੁਪਏ ਦਾ ਵਾਧਾ ਕੀਤਾ ਜਾਵੇਗਾ ਜਦਕਿ ਮਿੰਨੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਣ ਭੱਤੇ 'ਚ 250 ਰੁਪਏ ਦਾ ਵਾਧਾ ਕੀਤਾ ਜਾਵੇਗਾ।

# ਕਰਫਿਊ ਲੱਗਦੇ ਹੀ ਬੱਸਾਂ ਦੀ ਆਵਾਜਾਈਘਟੀ, ਨਾਈਟ ਸਰਵਿਸ ਦੇ ਕਈ ਰੂਟ ਰੱਦ



ਜਲੰਧਰ, 6 ਜਨਵਰੀ (ਪੋਸਟ ਬਿਊਰੋ)- ਹੜਤਾਲ ਸਮੇਤ ਵੱਖ-ਵੱਖ ਕਾਰਨਾਂ ਕਰ ਕੇ ਪ੍ਰੇਸ਼ਾਨੀ ਝੱਲ ਚੁੱਕੇ ਬੱਸ ਯਾਤਰੀਆਂ ਨੂੰ ਹੁਣ ਕਰਫਿਊ ਦੌਰਾਨ ਬੱਸਾਂ ਮਿਲਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਪੰਜਾਬ ਸਰਕਾਰ ਵੱਲੋਂ ਨਾਈਟ ਕਰਫਿਊ ਲਗਾਉਣ ਦੇ ਐਲਾਨ ਦੇ ਨਾਲ ਹੀ ਪੰਜਾਬ ਵਿੱਚ ਪ੍ਰਾਈਵੇਟ ਤੇ ਸਰਕਾਰੀ ਬੱਸਾਂ ਦੀ ਆਵਾਜਾਈ ਘਟ ਗਈ ਹੈ। ਇਸ ਕਾਰਨ ਕੱਲ੍ਹ ਸ਼ਾਮ ਤੋਂ ਬਾਅਦ ਕਾਊਂਟਰਾਂ 'ਤੇ ਲੋਕ ਬੱਸਾਂ ਦੀ ਲੰਮੇ ਸਮੇਂ ਤਕ ਉਡੀਕ ਕਰਦੇ ਦੇਖੇ ਗਏ।ਰਾਤ 10 ਵਜੇ ਤਕ ਪੰਜਾਬ ਤੋਂ ਵੱਖ-ਵੱਖ ਸੂਬਿਆਂ ਲਈ ਚੱਲਣ ਵਾਲੀ ਨਾਈਟ ਸਰਵਿਸ ਦੇ ਕਈ ਰੂਟ ਕੱਲ੍ਹ ਕੈਂਸਲ ਹੋ ਗਏ ਹਨ, ਜਿਸ ਨਾਲ ਯਾਤਰੀਆਂ ਦੀ ਪ੍ਰੇਸ਼ਾਨੀ ਵਿੱਚ ਇਜ਼ਾਫਾ ਹੋਇਆ ਹੈ।

ਹਰਿਆਣਾ ਸਮੇਤ ਦੂਜੇ ਸੂਬਿਆਂ ਦੀ ਟਰਾਂਸਪੋਰਟ ਸੇਵਾ ਵੱਲੋਂ ਪੰਜਾਬ ਨੂੰ ਵੱਡੀ ਗਿਣਤੀ ਵਿੱਚ ਨਾਈਟ ਸਰਵਿਸ ਦਿੱਤੀ ਜਾਂਦੀ ਹੈ ਪਰ ਇਸਦੀ ਗਿਣਤੀ ਕੱਲ੍ਹ ਰੁਟੀਨ ਤੋਂ ਘੱਟ ਰਹੀ।ਬੱਸ ਅੱਡਿਆਂ ਵਿੱਚ ਆਉਣ ਵਾਲੇ ਯਾਤਰੀਆਂ ਦੀ ਗਿਣਤੀ ਵਿੱਚ ਅਚਾਨਕ ਗਿਰਾਵਟ ਦਰਜ ਕੀਤੀ ਗਈ ਅਤੇ ਇਸ ਤੋਂ ਬਾਅਦ ਤੁਰੰਤ ਪ੍ਰਭਾਵ ਨਾਲ ਪ੍ਰਾਈਵੇਟ ਟਰਾਂਸਪੋਰਟਰਾਂ ਵੱਲੋਂ ਵੀ ਆਵਾਜਾਈ ਘੱਟ ਕਰ ਦਿੱਤੀ ਗਈ।ਦਿੱਲੀ ਤੋਂ ਪੰਜਾਬ ਆਉਣ ਵਾਲੀਆਂ ਬੱਸਾਂ ਨੂੰ ਉਮੀਦ ਮੁਤਾਬਕ ਯਾਤਰੀ ਨਾ ਮਿਲਣ ਤੋਂ ਅਧਿਕਾਰੀ ਫਿਕਰਮੰਦ ਨਜ਼ਰ ਆ ਰਹੇ ਹਨ।

# ਕੈਨੇਡਾ ਦਾ ਨਕਲੀ ਸਟਿੱਕਰ ਤੇ ਵੀਜ਼ਾ ਦਿਖਾ ਕੇ 28 ਲੱਖ ਰੁਪਏ ਠੱਗੇ

ਕਪੂਰਥਲਾ, 6 ਜਨਵਰੀ (ਪੋਸਟ ਬਿਊਰੋ)- ਇੱਕ ਟਰੈਵਲ ਏਜੰਟ ਨੇ ਕੈਨੇਡਾ ਦਾ ਨਕਲੀ ਸਟਿੱਕਰ ਅਤੇ ਵੀਜ਼ਾ ਦਿਖਾ ਕੇ ਇੱਕ ਪਤੀ-ਪਤਨੀ ਤੋਂ 28 ਲੱਖ ਰੁਪਏ ਹੜੱਪ ਲਏ ਤੇ ਪਾਸਪੋਰਟ ਹੋਲਡਰ ਲਈ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਅੰਬੈਸੀ ਨੇ ਪਾਸਪੋਰਟ ਹੋਲਡਰਾਂ ਦੇ ਪੰਜ ਸਾਲ ਲਈ ਕੈਨੇਡਾ ਜਾਣ ਉੱਤੇਰੋਕ ਲਾ ਦਿੱਤੀ ਹੈ। ਗਲਤੀ ਏਜੰਟ ਦੀ ਸੀ, ਖਮਿਆਜ਼ਾ ਇਸ ਜੋੜੇ ਨੂੰ ਭੁਗਤਣਾ ਪੈ ਰਿਹਾ ਹੈ, ਜਿਨ੍ਹਾਂ ਨੇ ਅੱਖਾਂ ਬੰਦ ਕਰ ਕੇ ਵਿਦੇਸ਼ ਭੇਜਣ ਵਾਲੇ ਉੱਤੇ ਭਰੋਸਾ ਕੀਤਾ ਸੀ। ਪੀੜਤਾਂਨੇ ਏਜੰਟ ਤੋਂ ਆਪਣੇ ਪੈਸੇ ਵਾਪਸ ਲੈਣ ਲਈ ਪੁਲਸ ਨੂੰ ਸ਼ਿਕਾਇਤ ਕੀਤੀ ਤਾਂ ਲਗਭਗ ਸਵਾ ਦੋ ਸਾਲ ਇਸ ਕੇਸ ਦੀ ਜਾਂਚ ਦੇ ਬਾਅਦ ਚਾਰ ਜਣਿਆਂ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ।

ਪਿੰਡ ਸੈਫਲਾਬਾਦ ਦੀ ਵਸਨੀਕ ਨਵਨੀਤ ਕੌਰ ਨੇ ਨਵੰਬਰ 2019 ਵਿੱਚਜ਼ਿਲ੍ਹਾ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਅਤੇ ਉਸ ਦਾ ਪਤੀ ਜਸਵੰਤ ਸਿੰਘ ਕੈਨੇਡਾ ਜਾਣਾ ਚਾਹੁੰਦੇ ਸਨ। ਇਸ ਦੇ ਲਈ ਬੇਗੋਵਾਲ ਦੇ ਪਿੰਡ ਜੈਦਾਂ ਵਿੱਚ ਰਹਿਣ ਵਾਲੇ ਬਖਸ਼ੀਸ਼ ਸਿੰਘ, ਗੁਰਵਿੰਦਰ ਸਿੰਘ, ਮਨਜੀਤ ਕੌਰ ਤੇ ਹਰਦੀਪ ਕੌਰ, ਜੋ ਖੁਦ ਨੂੰ ਏਜੰਟ ਦੱਸ ਰਹੇ ਸਨ, ਨੂੰ ਅਲੱਗ-ਅਲੱਗ ਸਮੇਂ ਉੱਤੇ 28 ਲੱਖ ਰੁਪਏ ਦਿੱਤੇ ਸਨ। ਇਸ ਦੇ ਬਾਅਦ ਏਜੰਟਾਂ ਨੇ ਵੀਜ਼ਾ ਤੇ ਸਟਿੱਕਰ ਦਿਖਾਉਂਦੇ ਹੋਏ ਪਾਸਪੋਰਟ ਉਨ੍ਹਾਂ ਨੂੰ ਮੋੜ ਦਿੱਤਾ, ਪਰ ਜਦ ਉਨ੍ਹਾਂ ਨੇ ਕੈਨੇਡਾ ਅੰਬੈਸੀ ਤੋਂ ਵੀਜ਼ਾ ਚੈਕ ਕਰਾਇਆ ਤਾਂ ਨਕਲੀ ਨਿਕਲਿਆ। ਇਸ ਦੇ ਬਾਅਦ ਉਨ੍ਹਾਂ ਨੇ ਕਈ ਵਾਰ ਉਨ੍ਹਾਂ ਨੂੰ ਰੁਪਏ ਮੋੜਨ ਲਈ ਕਿਹਾ, ਪਰ ਏਜੰਟ ਨੇ ਰੁਪਏ ਨਹੀਂ ਮੋੜੇ।ਪੀੜਤਾ ਨੇ ਦੱਸਿਆ ਕਿ ਉਹ ਆਪਣੇ ਪਤੀ ਜਸਵੰਤ ਸਿੰਘ ਨਾਲ ਕੈਨੇਡਾ ਜਾਣਾ ਚਾਹੁੰਦੀ ਸੀ। ਇਸ ਦੇ ਲਈ ਉਸ ਨੇ ਪੇਕੇ ਪਿੰਡ ਵਿੱਚ ਰਹਿਣ ਵਾਲੇ ਗੁਆਂਢੀ ਬਖਸ਼ੀਸ਼ ਸਿੰਘ ਨਾਲ ਗੱਲਬਾਤ ਕੀਤੀ ਸੀ। ਬਖਸ਼ੀਸ਼ ਸਿੰਘ ਵੱਲੋਂ ਦੋਵਾਂ ਪਾਸਪੋਰਟਾਂ ਉੱਤੇ ਵੀਜ਼ਾ ਤੇ ਸਟਿੱਕਰ ਦਿਖਾ ਕੇ ਉਨ੍ਹਾਂ ਤੋਂ 28 ਲੱਖ ਰੁਪਏ ਲੈ ਲਏ ਸਨ, ਪਰ ਜਦ ਉਹ ਪਾਸਪੋਰਟ ਉੱਤੇ ਲੱਗੇ ਵੀਜ਼ਾ ਤੇ ਸਟਿੱਕਰ ਦਿਖਾਉਣ ਲਈ ਕੈਨੇਡਾ ਅੰਬੈਸੀ ਪਹੁੰਚੇ ਤਾਂ ਪਤਾ ਲੱਗਾ ਕਿ ਵੀਜ਼ਾ ਤੇ ਸਟਿੱਕਰ ਨਕਲੀ ਹਨ।

# ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ, ਵਿਧਵਾਵਾਂ ਤੇ ਹੋਰਨਾਂ ਨੂੰ ਪੈਨਸ਼ਨ ਅਤੇ ਇੱਕ ਵਾਰ 1000 ਰੁਪਏ ਦੇਣ ਦੀ ਪ੍ਰਵਾਨਗੀ



ਚੰਡੀਗੜ੍ਹ, 6 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਸਰਕਾਰ ਨੇ ਬਜ਼ੁਰਗਾਂ, ਵਿਧਵਾਵਾਂ, ਬੇਆਸਰਾ ਔਰਤਾਂ, ਬੱਚਿਆਂ ਅਤੇ ਅਪਾਹਜਾਂ ਨੂੰ ਕੋਵਿਡ-19 ਮਹਾਂਮਾਰੀ ਦੀਆਂ ਮੁਸ਼ਕਲਾਂ ਬਾਰੇ ਧਿਆਨ ਕਰਦੇ ਹੋਏ 1500 ਰੁਪਏ ਮਹੀਨਾ ਪੈਨਸ਼ਨ, ਵਿੱਤੀ ਸਹਾਇਤਾ ਤੋਂ ਇਲਾਵਾ ਉਨ੍ਹਾਂ ਨੂੰ ਇੱਕ ਵਾਰ ਲਈ 1000 ਰੁਪਏ ਪ੍ਰਤੀ ਲਾਭਪਾਤਰੀ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਅਦਾਇਗੀ ਡੀ ਬੀ ਟੀ ਰਾਹੀਂ ਸਿੱਧੇ ਉਨ੍ਹਾ ਦੇ ਬੈਂਕ ਖਾਤਿਆਂ ਜਾਵੇਗੀ ਅਤੇ ਉਨ੍ਹਾ ਆਪਣੀਆਂ ਘਰੇਲੂ ਲੋੜਾਂ ਨੂੰ ਪੂਰਾ ਕਰਨ ਲਈ ਮੱਦਦ ਮਿਲੇਗੀ।

ਇਸ ਮੌਕੇ ਪੰਜਾਬ ਕੈਬਨਿਟ ਨੇ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਕਮੇਟੀ ਡੇਰਾ ਸੱਚਖੰਡ ਬੱਲਾਂ ਲਈ ਯੋਜਨਾ ਵਿਭਾਗ ਦੇ 25 ਅਗਸਤ 2021 ਨੂੰ ਜਾਰੀ ਨਿਰਦੇਸ਼ਾਂ ਵਿੱਚ ਢਿੱਲ ਦੇ ਕੇ ਪੰਜਾਬ ਨਿਰਮਾਣ ਪ੍ਰੋਗਰਾਮ ਅਧੀਨ 31 ਦਸੰਬਰ 2021 ਨੂੰ ਜਲੰਧਰ ਜ਼ਿਲ੍ਹੇ ਲਈ ਵਿਸ਼ੇਸ਼ ਕੇਸ ਵਜੋਂ ਪਹਿਲਾਂ ਜਾਰੀ 25 ਕਰੋੜ ਰੁਪਏਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਪੰਜਾਬ ਜਨਤਕ ਖ਼ਰੀਦ ਵਿੱਚ ਪਾਰਦਰਸ਼ਤਾ ਨਿਯਮ 2022 ਨੂੰ ਹਰੀ ਝੰਡੀ ਦੇ ਦਿੱਤੀ ਹੈ।

ਇਸੇ ਤਰ੍ਹਾਂ ਅਨੁਸੂਚਿਤ ਜਾਤੀ ਸਬ ਪਲਾਨ ਪ੍ਰਭਾਵਸ਼ਾਲੀ ਢੰਗ ਨਾਲ ਤਿਆਰ ਕਰਕੇ ਲਾਗੂ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਨੇ ਪ੍ਰਸਤਾਵਿਤ ‘ਪੰਜਾਬ ਰਾਜ ਅਨੁਸੂਚਿਤ ਜਾਤੀ ਵਿਕਾਸ ਅਤੇ ਭਲਾਈ’ (ਯੋਜਨਾਬੰਦੀ, ਨਿਰਧਾਰਨ ਅਤੇ ਵਿੱਤੀ ਸੋਮਿਆਂ ਦੀ ਵਰਤੋਂ) ਉਪ-ਵੰਡ ਆਰਡੀਨੈਂਸ-2022 ਦੀ ਰੂਪ-ਰੇਖਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਨਵਾਂ ਕਾਨੂੰਨ ਅਨੁਸੂਚਿਤ ਜਾਤਾਂ ਸਬ ਪਲਾਨ (ਐਸ ਸੀ ਐਸ ਪੀ) ਨੂੰ ਹਰ ਪੱਧਰ ਉੱਤੇ ਲਾਗੂ ਕਰਨ ਦੀ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਨੂੰ ਯਕੀਨੀ ਬਣਾਵੇਗਾ ਅਤੇ ਸਲਾਹੁਣਯੋਗ ਕਾਰਗੁਜ਼ਾਰੀ ਲਈ ਉਤਸ਼ਾਹ ਵਧਾਉਣ ਦੀ ਵਿਵਸਥਾ ਹੋਵੇਗੀ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਸਕੀਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਸੂਬਾ ਸਰਕਾਰ ਨੇ ਐਕਟ ਬਣਾਉਣ ਦਾ ਫ਼ੈਸਲਾ ਕੀਤਾ ਹੈ। ਇਸ ਦਾ ਆਰਡੀਨੈਂਸ ਗਵਰਨਰ ਨੂੰ ਪ੍ਰਵਾਨਗੀ ਲਈ ਭੇਜਿਆ ਜਾਵੇਗਾ।



## ਮਹਾਤਮਾ ਗਾਂਧੀ ਬਾਰੇ ਟਿੱਪਣੀ ਕਰਨ ਵਾਲੇ ਕਥਾਵਾਚਕ ਤਰੁਣ ਮੁਰਾਰੀ ਨੇ ਮੁਆਫੀ ਮੰਗੀ





ਨਰਸਿੰਘਪੁਰ, 6 ਜਨਵਰੀ (ਪੋਸਟ ਬਿਊਰੋ)- ਮਹਾਤਮਾ ਗਾਂਧੀ ਬਾਰੇ ਇਤਰਾਜ਼ਯੋਗ ਟਿੱਪਣੀ ਕਰਨ ਵਾਲੇ ਕਥਾਵਾਚਕ ਤਰੁਣ ਮੁਰਾਰੀ ਨੇ ਕੇਸ ਦਰਜ ਹੋਣ ਪਿੱਛੋਂ ਸੁਰ ਬਦਲ ਲਏਅਤੇ ਆਪਣੇ ਬਿਆਨ ਦੀ ਮੁਆਫੀ ਮੰਗੀ ਹੈ। ਇਸ ਦੇ ਨਾਲ ਹੀ ਕਿਹਾ ਕਿ ਉਨ੍ਹਾਂ ਕੋਲੋਂ ਭਾਵਨਾਵਾਂ ਵਿੱਚ ਅਜਿਹਾ ਕੁਝ ਬੋਲਿਆ ਗਿਆ ਹੈ, ਜੋ ਕਦੇ ਨਹੀਂ ਬੋਲਣਾ ਚਾਹੀਦਾ ਸੀ। ਪੁਲਸ ਦਾ ਕਹਿਣਾ ਹੈ ਕਿ ਕਥਾਵਾਚਕ ਦੇ ਖਿਲਾਫ ਕੇਸ ਦਰਜ ਰਹੇਗਾ।

ਮੱਧ ਪ੍ਰਦੇਸ਼ ਦੇ ਨਰਸਿੰਘਪੁਰ ਜ਼ਿਲ੍ਹੇ ਵਿੱਚ ਕਥਾ ਦੌਰਾਨ ਮੀਡੀਆ ਨਾਲ ਗੱਲਬਾਤ ਵਿੱਚ ਕਥਾਵਾਚਕ ਤਰੁਣ ਮੁਰਾਰੀ ਨੇ ਗਾਂਧੀ ਬਾਰੇ ਟਿੱਪਣੀ ਕੀਤੀ ਸੀ। ਇਸ ਦਾ ਵੀਡੀਓ ਇੰਟਰਨੈਟ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਜ਼ਿਲ੍ਹਾ ਕਾਂਗਰਸ ਕਮੇਟੀ ਨੇ ਐਸ ਪੀ ਨੂੰ ਸ਼ਿਕਾਇਤ ਕੀਤੀ ਸੀ। ਬਾਅਦ ਵਿੱਚ ਕਥਾਵਾਚਕ ਨੇ ਉਨ੍ਹਾਂ ਮੁਆਫੀ ਮੰਗੀ ਤੇ ਵਾਇਰਲ ਵੀਡੀਓ ਵਿੱਚ ਕਿਹਾ ਕਿ ਮੇਰੇ ਕਥਨ ਦੇ ਕਾਰਨ ਜਿਨ੍ਹਾਂ ਨੂੰ ਠੇਸ ਪੁੱਜੀ ਹੋਵੇ, ਉਨ੍ਹਾਂ ਤੋਂ ਮੁਆਫੀ ਚਾਹੁੰਦਾ ਹਾਂ। ਉਹ ਕਿਸੇ ਸਿਆਸੀ ਪਾਰਟੀ ਨੂੰ ਵੀ ਬੁਰਾ ਲੱਗਾ ਹੋਵੇ ਤਾਂ ਉਸ ਲਈ ਵੀ ਮੁਆਫੀ ਚਾਹੁੰਦੇ ਹਨ। ਮੁਆਫੀ ਇਸ ਲਈ ਕਿ ਮੈਂ ਇੱਕ ਸਾਧੂ ਹਾਂ ਤੇ ਸਾਧੂ ਨੂੰ ਕਿਸੇ ਦਾ ਦਿੱਲ ਨਹੀਂ ਦੁਖਾਉਣਾ ਚਾਹੀਦਾ।

## ਚੋਣ ਕਮਿਸ਼ਨ ਵਰਚੁਅਲ ਰੈਲੀਆਂ ਤੇ ਆਨਲਾਈਨ ਵੋਟਿੰਗ ਦੇ ਬਾਰੇ ਵੀ ਵਿਚਾਰ ਕਰੇ: ਉਤਰਾਖੰਡ ਹਾਈ ਕੋਰਟ




ਨੈਨੀਤਾਲ, 6 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ ਵਧਦੇ ਕੋਰੋਨਾ ਦੇ ਕੇਸਾਂ ਕਾਰਨ ਉਤਰਾਖੰਡ ਹਾਈ ਕੋਰਟ ਨੇ ਚੋਣ ਕਮਿਸ਼ਨ ਨੂੰ ਕਿਹਾ ਹੈ ਕਿ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵਰਚੁਅਲ ਰੈਲੀਆਂ ਅਤੇ ਆਨਲਾਈਨ ਵੋਟਿੰਗ ਉੱਤੇ ਵਿਚਾਰ ਕਰੇ। ਕੋਰਟ ਕੋਰੋਨਾ ਮਹਾਮਾਰੀ ਨਾਲ ਨਿਪਟਣ ਨਾਲ ਸਬੰਧਤ ਜਨਹਿਤ ਰੈਲੀਆਂ ਉੱਤੇਕੱਲ੍ਹ ਸੁਣਵਾਈ ਕਰ ਰਹੀ ਸੀ। ਹਾਈ ਕੋਰਟ ਦੇ ਚੀਫ ਜਸਟਿਸ ਸੰਜੇ ਕੁਮਾਰ ਮਿਸ਼ਰਾ ਅਤੇ ਜਸਟਿਸ ਆਲੋਕ ਕੁਮਾਰ ਵਰਮਾ ਦੀ ਬੈਂਚ ਨੇ ਕਮਿਸ਼ਨ ਨੂੰ ਵੱਡੀਆਂ ਚੋਣ ਰੈਲੀਆਂ ਉੱਤੇ ਰੋਕ ਲਾਉਣ ਦੇ ਦਿਸ਼ਾ-ਨਿਰੇਦਸ਼ ਜਾਰੀ ਕਰਨ ਨੂੰ ਵੀ ਕਿਹਾ।

ਇਸ ਕੰਮ ਲਈ ਕੋਰਟ ਨੇ ਚੋਣ ਕਮਿਸ਼ਨ ਨੂੰ ਇੱਕ ਹਫਤੇ ਦਾ ਸਮਾਂ ਦਿੱਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 12 ਜਨਵਰੀ ਨੂੰ ਹੋਵਗੀ। ਦਰਅਸਲ ਕੋਰੋਨਾ ਇਨਫੈਕਸ਼ਨ ਨੂੰ ਦੇਖ ਕੇ ਜਨਹਿਤ ਅਰਜ਼ੀਆਂ ਵਿੱਚ ਚੋਣਾਂ ਮੁਲਤਵੀ ਕਰਨ ਦੀ ਮੰਗ ਕੀਤੀ ਗਈ ਹੈ। ਇੱਕ ਅਰਜ਼ੀ ਵਿੱਚ ਇਹ ਵੀ ਕਿਹਾ ਗਿਆ ਕਿ ਰਾਜ ਵਿੱਚ ਕੋਰੋਨਾ ਇਨਫੈਕਸ਼ਨ 300 ਫੀਸਦੀ ਦੀ ਰਫਤਾਰ ਨਾਲ ਵਧ ਰਹੀ ਹੈ। ਹਸਪਤਾਲ ਤੇ ਡਾਕਟਰ ਘੱਟ ਹਨ। ਅਜਿਹੇ ਵਿੱਚ ਸਿਆਸੀ ਸਰਗਰਮੀਆਂ ਨਾਲ ਖਤਰਾ ਵਧ ਸਕਦਾ ਹੈ। ਹਾਈ ਕੋਰਟ ਨੇ 29 ਦਸੰਬਰ ਨੂੰ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਸੀ।

ਦੂਸਰੇ ਪਾਸੇ ਕੋਵਿਡ ਦੇ ਵਧਦੇ ਕੇਸਾਂ ਨੂੰ ਦੇਖ ਕੇ ਕਾਂਗਰਸ ਨੇ ਉਤਰ ਪ੍ਰਦੇਸ਼ ਵਿੱਚ 15 ਦਿਨ ਰੈਲੀਆਂ, ਪ੍ਰੋਗਰਾਮ ਰੱਦ ਕਰ ਦਿੱਤੇ ਹਨ। ਸਮਾਜਵਾਦੀ ਪਾਰਟੀ ਨੇ ਵੀ ਵਿਜੇ ਯਾਤਰਾ ਤੇ ਰੈਲੀਆਂ ਨੂੰ ਮੁਲਤਵੀ ਕਰ ਦਿੱਤਾ ਹੈ। ਭਾਜਪਾ ਨੇ ਨੌਂ ਜਨਵਰੀ ਨੂੰ ਲਖਨਊ ਵਿੱਚ ਪ੍ਰਸਤਾਵਿਤ ਮਹਾਂ ਰੈਲੀ ਟਾਲ ਦਿੱਤੀ ਹੈ। ਇਸ ਰੈਲੀ ਦਾ ਅਧਿਕਾਰਤ ਐਲਾਨ ਨਹੀਂ ਹੋਇਆ ਸੀ। ਕਾਂਗਰਸ ਨੇ 15 ਦਿਨ ਲਈ ਸਾਰੀਆਂ ਵੱਡੀਆਂ ਰੈਲੀਆਂ ਅਤੇ ਪ੍ਰੋਗਰਾਮਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ ਹੈ।

## 208 ਗਵਾਹਾਂ, 24 ਵੀਡੀਓਜ਼ ਤੇ ਹੋਰ ਸਬੂਤਾਂ ਨੇ ਆਸ਼ੀਸ਼ ਮਿਸ਼ਰਾ ਤੇ ਹੋਰਨਾਂ ਦੀਆਂ ਮੁਸ਼ਕਲਾਂ ਵਧਾਈਆਂ



ਲਖੀਮਪੁਰ ਖੀਰੀ, 6 ਜਨਵਰੀ (ਪੋਸਟ ਬਿਊਰੋ)- ਲਖੀਮਪੁਰ ਖੀਰੀ-ਤਿਕੁਨੀਆ ਵਾਲੇ ਬਹੁ-ਚਰਚਿਤ ਕਤਲ ਕਾਂਡ ਕੇਸ ਵਿੱਚ ਸਪੈਸ਼ਲ ਇੰਵੈਸਟੀਗੇਸ਼ਨ ਟੀਮ (ਐਸ ਆਈ ਟੀ) ਨੇ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਕਰੀਬ 5000 ਪੱਤਰਾਂ ਦੀ ਚਾਰਜਸ਼ੀਟ ਪਹਿਲੀ ਗ੍ਰਿਫ਼ਤਾਰੀ ਦੇ 89ਵੇਂ ਦਿਨ ਦਾਖਲ ਕੀਤੀ ਗਈ। ਚਾਰਜਸ਼ੀਟ 208 ਗਵਾਹ, 17 ਵਿਗਿਆਨਿਕ ਸਬੂਤਾਂ, ਸੱਤ ਭੌਤਿਕ ਸਬੂਤਾਂ ਅਤੇ 24 ਵੀਡੀਓਜ਼ ਦੇ ਸਹਾਰੇ ਲਿਖੀ ਗਈ ਹੈ ਜਿਸ ਨਾਲ ਮੁਖ ਦੋਸ਼ੀ ਕੇਂਦਰੀ ਗ੍ਰਹਿ ਰਾਜਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਅਤੇ ਹੋਰ ਦੋਸ਼ੀਆਂ ਦੀ ਮੁਸ਼ਕਲਾਂ ਵੱਧ ਗਈ ਹੈ।

ਚਾਰਜਸ਼ੀਟ ਵਿੱਚ 14 ਲੋਕਾਂ ਨੂੰ ਦੋਸ਼ੀ ਬਣਾਇਆ ਗਿਆ ਹੈ। ਇਨ੍ਹਾਂ ਵਿੱਚੋਂ 13 ਦੋਸ਼ੀ ਜੇਲ੍ਹ ਵਿੱਚ ਹਨ, ਜਦਕਿ ਇੱਕ ਬਾਹਰ ਹੈ। ਚਾਰਜਸ਼ੀਟ ਵਿੱਚ ਵਰਿੰਦਰ ਸ਼ੁਕਲਾ ਦਾ ਨਾਮ ਵਧਾਇਆ ਗਿਆ ਹੈ। ਸ਼ੁਕਲਾ ਕੇਂਦਰੀ ਗ੍ਰਹਿ ਰਾਜਮੰਤਰੀ ਦਾ ਕਰੀਬੀ ਹੈ। ਸ਼ੁਕਲਾ ਨੂੰ ਸਬੂਤ ਲਕਾਉਣ ਦਾ ਦੋਸ਼ੀ ਪਾਇਆ ਗਿਆ ਹੈ। ਅੰਕਿਤ ਦਾਸ, ਲਤੀਫ, ਸੁਮਿਤ, ਨੰਦਨ ਸਿੰਘ, ਸਤਅਮ, ਸ਼ਿਸ਼ੂਪਾਲ, ਅਸ਼ੀਸ਼ ਪਾਂਡੇ, ਸ਼ੇਖਰ, ਉਲਾਸ, ਰਿੰਕੂ ਰਾਣਾ, ਧਰਮਿੰਦਰ, ਲਵਕੁਸ਼ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ। ਗੌਰਤਲਬ ਹੈ ਕਿ ਤਿੰਨ ਅਕਤੂਬਰ ਨੂੰ ਲਖੀਮਪੁਰ ਹਿੰਸਾ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ ਸੀ।ਇਸ ਮਾਮਲੇ ਵਿੱਚ 208 ਲੋਕਾਂ ਨੇ ਗਵਾਹੀ ਦਿੱਤੀ। ਗਵਾਹਾਂ ਨੇ ਐਸ ਆਈ ਟੀ ਨੂੰ ਦੱਸਿਆ ਕਿ ਮੰਤਰੀ ਦਾ ਪੁੱਤਰ ਆਸ਼ੀਸ਼ ਘਟਨਾਸਥਾਨ ਉੱਤੇ ਮੌਜੂਦ ਸੀ। ਕੱਲ੍ਹ ਕੋਰਟ ਵਿੱਚ ਐਸ ਆਈ ਟੀ ਦੇ ਅਧਿਕਾਰੀ ਬੋਲੈਰੋ ਗੱਡੀ ’ਚ ਬਕਸੇ ਵਿੱਚ 5000 ਪੰਨਿਆਂ ਦੀ ਚਾਰਜਸ਼ੀਟ ਲੈ ਕੇ ਆਏ ਤੇ ਸੀ ਜੇ ਐਮ ਚਿੰਤਾਰਾਮ ਦੇ ਸਾਹਮਣੇ ਪੇਸ਼ ਕੀਤੀ।

ਆਸ਼ੀਸ਼ ਮਿਸ਼ਰਾ ਅਤੇ ਉਸ ਦੇ ਦਰਜਨ ਕੁ ਸਾਥੀਆਂ ਦੇ ਖ਼ਿਲਾਫ਼ ਚਾਰ ਕਿਸਾਨਾਂ ਨੂੰ ਥਾਰ ਜੀਪ ਨਾਲ ਕੁਚਲ ਕੇ ਮਾਰਨ ਅਤੇ ਉਨ੍ਹਾਂ ਉੱਤੇ ਫਾਇਰਿੰਗ ਕਰਨ ਦੇ ਗੰਭੀਰ ਦੋਸ਼ ਹਨ। ਉਪਰੋਕਤ ਦੋਸ਼ੀਆਂ ਵਿੱਚੋਂ ਗ੍ਰਹਿ ਰਾਜਮੰਤਰੀ ਦਾ ਪੁੱਤਰ ਆਪਣੇ ਸਾਥੀਆਂ ਸਮੇਤ ਜੇਲ ਵਿੱਚ ਬੰਦ ਹੈ। ਆਸ਼ੀਸ਼ ਮਿਸ਼ਰਾ ਤੇ ਉਸ ਦੇ ਸਾਥੀਆਂ ਦੇ ਖ਼ਿਲਾਫ਼ ਕਿਸਾਨਾਂ ਵੱਲੋਂ ਦਿੱਤੇ ਗਏ ਬਿਆਨ ਉੱਤੇ ਹੱਤਿਆ, ਹੱਤਿਆ ਦੇ ਯਤਨ ਸਮੇਤ ਕਈ ਗੰਭੀਰ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ।ਜਾਂਚ ਟੀਮ ਨੇ ਪਹਿਲੀ ਗ੍ਰਿਫ਼ਤਾਰੀ ਸੱਤ ਅਕਤੂਬਰ ਨੂੰ ਕੀਤੀ ਸੀ ਅਤੇ ਦੋਸ਼ੀ ਆਸ਼ੀਸ਼ ਪਾਂਡੇ ਅਤੇ ਲਵਕੁਸ਼ ਰਾਣਾ ਨੂੰ ਸੱਤ ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋਨਾਂ ਦੋਸ਼ੀਆਂ ਦੀ ਨਿਆਂਇਕ ਹਿਰਾਸਤ ਵਿੱਚ 89 ਦਿਨ ਕੱਲ੍ਹ ਪੂਰੇ ਹੋ ਗਏ। ਨਿਯਮ ਦੇ ਮੁਤਾਬਿਕ ਗ੍ਰਿਫ਼ਤਾਰੀ ਦੇ 90 ਦਿਨ ਦੇ ਅੰਦਰ ਚਾਰਜਸ਼ੀਟ ਦਾਖਲ ਕਰਨੀ ਹੁੰਦੀ ਹੈ।

## ਸ਼ਿਵ ਸੈਨਾ ਐਮ ਪੀ ਨੇ 55 ਕਰੋੜ ਦੀ ਮਿੱਲ 7 ਕਰੋੜ ਵਿੱਚ ਹਥਿਆਈ



ਮੁੰਬਈ, 6 ਜਨਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸਹਿਕਾਰਤਾ ਖੇਤਰ ਵਿੱਚ ਘੋਟਾਲਾ ਕਰ ਕੇ ਨੇਤਾ ਕਿਸ ਤਰ੍ਹਾਂ ਆਪਣੀਆਂ ਜੇਬਾਂ ਭਰ ਰਹੇ ਹਨ, ਇਸ ਦੀ ਪ੍ਰਤੱਖ ਉਦਾਹਰਣ ਪੇਸ਼ ਕੀਤੀ ਹੈ, ਪੰਜ ਵਾਰ ਦੀ ਸ਼ਿਵ ਸੈਨਾ ਐਮ ਪੀ ਭਾਵਨਾ ਗਵਲੀ ਨੇ। ਉਨ੍ਹਾਂ ਨੇ ਸਹਿਕਾਰੀ ਖੇਤਰ ਦੀ ਆਪਣੀ ਹੀ ਖੰਡ ਮਿੱਲ ਨੂੰ ਦੀਵਾਲੀਆ ਐਲਾਨ ਕੇ ਉਸ ਨੂੰ ਆਪਣੀ ਹੀ ਇੱਕ ਨਿੱਜੀ ਕੰਪਨੀ ਜ਼ਰੀਏ ਖਰੀਦ ਲਿਆ। ਇਹ ਸੌਦਾ ਕਰਾਉਣ ਦੇ ਲਈ ਜੋ ਬੋਰਡ ਬਣਿਆ, ਉਸ ਦੀ ਚੇਅਰਪਰਸਨ ਵੀ ਉਹ ਖੁਦ ਹੀ ਰਹੀ। ਜਿਸ ਬੈਂਕ ਨੇ ਇਸ ਸੌਦੇ ਲਈ ਫੰਡ ਮੁਹੱਈਆ ਕਰਾਇਆ, ਉਹ ਬੈਂਕ ਵੀ ਉਨ੍ਹਾਂ ਦਾ ਹੀ ਹੈ।

ਇਹ ਸਬੂਤ ਇਨਫੋਰਸਮੈਂਟ ਡਾਇਰੈਕਟੋਰੇਟ ਦੁਆਰਾ ਤਿਆਰ ਇੱਕ ਦੋਸ਼ ਪੱਤਰ ਵਿੱਚ ਸਾਹਮਣੇ ਆਏ ਹਨ।ਇਸ ਮਾਮਲੇ ਦੀ ਐਫ ਆਈ ਆਰ ਵੀ ਖੁਦ ਭਾਵਨਾ ਗਵਲੀ ਵੱਲੋਂ ਦਰਜ ਕਰਾਈ ਗਈ ਸੀ। ਪਿਛਲੇ ਸਾਲ ਅਗਸਤ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਯਵਤਮਾਲ-ਵਾਸ਼ਿਮ ਖੇਤਰ ਤੋਂ ਸ਼ਿਵ ਸੈਨਾ ਐਮ ਪੀ ਭਾਵਨਾ ਗਵਲੀ ਦੇ ਪੰਜ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਸੀ। ਉਨ੍ਹਾਂ 'ਤੇ ਇਹ ਛਾਪੇਮਾਰੀ ਭਾਜਪਾ ਨੇਤਾ ਕਿਰੀਟ ਸੌਮੱਈਆ ਦੇ ਇਸ ਦੋਸ਼ ਦੇ ਬਾਅਦ ਹੋਈ ਸੀ ਕਿ ਭਾਵਨਾ ਨੇ ਬੈਂਕਾਂ ਅਤੇ ਹੋਰਨਾਂ ਵਿੱਤੀ ਸੰਸਥਾਵਾਂ ਤੋਂ 100 ਕਰੋੜ ਰੁਪਏ ਲੈ ਕੇ ਉਨ੍ਹਾਂ ਦਾ ਗਲਤ ਇਸਤੇਮਾਲ ਕੀਤਾ।ਕਿਰੀਟ ਦਾ ਦੋਸ਼ ਸੀ ਕਿ ਭਾਵਨਾ ਗਵਲੀ ਨੇ 55 ਕਰੋੜ ਰੁਪਏ ਦੀ ਇੱਕ ਸਹਿਕਾਰੀ ਖੰਡ ਮਿੱਲ ਬਹੁਤ ਹੀ ਘੱਟ ਕੀਮਤ 7.09 ਕਰੋੜ ਵਿੱਚ ਖਰੀਦ ਲਈ। ਦੱਸਣਾ ਬਣਦਾ ਹੈ ਕਿ ਸ੍ਰੀ ਬਾਲਾਜੀ ਸਹਿਕਾਰੀ ਪਾਰਟੀਕਲ ਕਾਰਖਾਨਾ ਲਿਮਟਿਡ ਦੀ ਸਥਾਪਨਾ ਭਾਵਨਾ ਗਵਲੀ ਦੇ ਪਿਤਾ ਪੁੰਡਲੀਕ ਰਾਓ ਗਵਲੀ ਨੇ 1992 ਵਿੱਚ ਕੀਤੀ ਸੀ। ਇਸ ਕਾਰਖਾਨੇ ਲਈ ਉਨ੍ਹਾਂ ਨੇ ਰਾਸ਼ਟਰੀ ਸਹਿਕਾਰ ਮਹਾਂਮੰਡਲ ਤੋਂ 29 ਕਰੋੜ ਰੁਪਏ ਅਤੇ ਰਾਜ ਸਰਕਾਰ ਤੋਂ 14 ਕਰੋੜ ਰੁਪਏ ਕਰਜ਼ਾ ਲਿਆਸੀ। ਭਾਜਪਾ ਨੇਤਾ ਕਿਰੀਟ ਸੋਮੱਈਆ ਦਾ ਦੋਸ਼ ਹੈ ਕਿ ਭਾਵਨਾ ਗਵਲੀ ਨੇ ਇਸ ਕੰਪਨੀ ਲਈ 11 ਕਰੋੜ ਰੁਪਏ ਸਟੇਟ ਬੈਂਕ ਤੋਂ ਵੀ ਲਏ। ਕੁੱਲ 55 ਕਰੋੜ ਰੁਪਏ ਇਕੱਠੇ ਹੋਣ ਦੇ ਬਾਵਜੂਦ ਇਹ ਕੰਪਨੀ ਚਾਲੂ ਨਹੀਂ ਹੋ ਸਕੀ। ਇਸ ਕੰਪਨੀ ਨੂੰ ਦੀਵਾਲੀਆ ਐਲਾਨ ਕਰਨ ਲਈ ਲਿਕਵੀਡੇਸ਼ਨ ਬੋਰਡ ਬਣਿਆ, ਭਾਵਨਾ ਗਵਲੀ ਖੁਦ ਉਸ ਬੋਰਡ ਦੀ ਚੇਅਰਪਰਸਨ ਵੀ ਬਣ ਗਈ। ਖਾਸ ਗੱਲ ਇਹ ਹੈ ਕਿ ਇਸ ਮਾਮਲੇ ਦੀ ਜਾਂਚ ਵੀ ਖੁਦ ਭਾਵਨਾ ਗਵਲੀ ਵੱਲੋਂ ਦਰਜ ਕਰਾਈ ਗਈ ਇੱਕ ਐਫ ਆਈ ਆਰ ਦੇ ਬਾਅਦ ਸ਼ੁਰੂ ਹੋਈ ਸੀ।

## ਮਾਓਵਾਦੀਆਂ ਵੱਲੋਂ ਸਾਬਕਾ ਵਿਧਾਇਕ ਦੇ ਦੋ ਗੰਨਮੈਨਾਂ ਦੀ ਹੱਤਿਆ



ਸਿੰਹਭੂਮ, 6 ਜਨਵਰੀ (ਪੋਸਟ ਬਿਊਰੋ)- ਝਾਰਖੰਡ ਵਿੱਚ ਦਾ ਇਲਾਕੇ ਪੱਛਮੀ ਸਿੰਹਭੂਮ ਵਿੱਚ ਬੀਤੀ ਸ਼ਾਮ ਮਨੋਹਰਪੁਰ ਦੇ ਸਾਬਕਾ ਭਾਜਪਾ ਵਿਧਾਇਕ ਗੁਰੂਚਰਨ ਨਾਇਕ ’ਤੇ ਮਾਓਵਾਦੀਆਂ ਨੇ ਜਾਨ-ਲੇਵਾ ਹਮਲਾ ਕਰ ਦਿੱਤਾ। ਹਮਲੇ ਵਿੱਚ ਸਾਬਕਾ ਵਿਧਾਇਕ ਨਾਇਕ ਤਾਂ ਕਿਸੇ ਤਰ੍ਹਾਂ ਜਾਨ ਬਚਾ ਕੇ ਭੱਜ ਨਿਕਲੇ, ਪ੍ਰੰਤੂ ਉਨ੍ਹਾਂ ਦੇ ਦੋ ਗੰਨਮੈਨਾਂ ਨੂੰ ਮਾਓਵਾਦੀਆਂ ਨੇ ਘੇਰ ਲਿਆ। ਕਰੀਬ ਪੰਜਾਹ ਮਾਓਵਾਦੀਆਂ ਨੇ ਹਥਿਆਰ ਖੋਹ ਕੇ ਉਨ੍ਹਾਂ ਦਾ ਗਲਾ ਵੱਢ ਦਿੱਤਾ।

ਵਿਧਾਇਕ ਦਾ ਇੱਕ ਹੋਰ ਗੰਨਮੈਨ ਉਥੋਂ ਕਿਸੇ ਤਰ੍ਹਾਂ ਭੱਜ ਗਿਆ। ਤਿੰਨਾਂ ਗੰਨਮੈਨਾਂ ਦੀਆਂ ਏ ਕੇ 47 ਰਾਇਫਲਾਂ ਮਾਓਵਾਦੀਆਂ ਨੇ ਲੁੱਟ ਲਈਆਂ। ਘਟਨਾ ਗੋਇਲਕੇਰਾ ਥਾਣਾ ਖੇਤਰ ਦੇ ਝੀਲਰੂਵਾਂ ਵਿੱਚ ਉਸ ਸਮੇਂ ਹੋਈ, ਜਦ ਨਾਇਕ ਪ੍ਰੋਜੈਕਟ ਹਾਈ ਸਕੂਲ ਮੈਦਾਨ ਵਿੱਚ ਦੋ ਦਿਨਾਂ ਖੇਡ ਮੁਕਾਬਲਿਆਂ ਦੇ ਸਮਾਪਤੀ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਪਹੁੰਚੇ ਸਨ। ਨਾਇਕ ਮੌਕੇ ਤੋਂ ਜਾਨ ਬਚਾ ਕੇ ਕਿਸੇ ਤਰ੍ਹਾਂ ਸੋਨੁਵਾ ਥਾਣਾ ਪਹੁੰਚੇ ਤੇ ਪੁਲਸ ਨੂੰ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ। ਘਟਨਾ ਸਥਾਨ ਤੋਂ ਥਾਣੇ ਦੀ ਦੂਰੀ ਕਰੀਬ ਦੋ ਕਿਲੋਮੀਟਰ ਹੈ। ਨਾਇਕ ਕਾਫੀ ਲੰਬੇ ਸਮੇਂ ਤੋਂ ਨਕਸਲੀਆਂ ਦੇ ਨਿਸ਼ਾਨੇ 'ਤੇ ਹਨ, ਇਸ ਤੋਂ ਪਹਿਲਾਂ 2012 ਵਿੱਚ ਵਿਧਾਇਕ ਰਹਿੰਦੇ ਹੋਏ ਆਨੰਦਪੁਰ ਥਾਣਾ ਖੇਤਰ ਵਿੱਚ ਵੀ ਉਨ੍ਹਾਂ 'ਤੇ ਨਕਸਲੀਆਂ ਨੇ ਹਮਲਾ ਕੀਤਾ ਸੀ। ਨਾਇਕ ਨੇ ਕਿਹਾ ਕਿ ਅਚਾਨਕ ਕਰੀਬ ਪੰਜਾਹ ਨਕਸਲੀਆਂ ਨੂੰ ਦੇਖ ਕੇ ਸਭ ਤੋਂ ਪਹਿਲਾਂ ਮੈਂ ਆਪਣੀ ਬੰਡੀ (ਛੱਤਰੀ) ਉਤਾਰ ਕੇ ਸੁੱਟ ਦਿੱਤੀ ਅਤੇ ਲੋਕਾਂ ਦੀ ਭੀੜ ਵਿੱਚ ਜਾ ਵੜਿਆ ਤਾਂ ਕਿ ਨਕਸਲੀ ਉਨ੍ਹਾਂ ਨੂੰ ਪਛਾਣ ਨਾ ਸਕਣ।

## ਕੁਲਗਾਮ ਵਿੱਚ ਮੁਕਾਬਲੇ ਦੌਰਾਨ ਦੋ ਟੀ ਆਰ ਐਫ ਅੱਤਵਾਦੀ ਢੇਰ



ਜੰਮੂ, 6 ਜਨਵਰੀ (ਪੋਸਟ ਬਿਊਰੋ)- ਸੁਰੱਖਿਆ ਦਸਤਿਆਂ ਨੇ ਅੱਤਵਾਦ ਰੋਕੂ ਮੁਹਿੰਮ ਜਾਰੀ ਰੱਖਦੇ ਹੋਏ ਕੱਲ੍ਹ ਦੱਖਣੀ ਕਸ਼ਮੀਰ ਦੇ ਕੁਲਗਾਮ ਵਿੱਚ ਇੱਕ ਮੁਕਾਬਲੇ ਵਿੱਚ ਲਸ਼ਕਰ-ਏ-ਤੋਇਬਾ ਦੇ ਹਿੱਟ ਸਕੁਆਇਡ ਦ ਰਜ਼ਿਸਟੈਂਸ ਫਰੰਟ (ਟੀ ਆਰ ਐਫ) ਦੇ ਦੋ ਸਥਾਨਕ ਅੱਤਵਾਦੀਆਂ ਨੂੰ ਮਾਰ ਸੁੱਟਿਆ। ਕੜਾਕੇ ਦੀ ਠੰਢ ਤੇ ਖਰਾਬ ਮੌਸਮ ਵਿਚ ਹੋਏ ਮੁਕਾਬਲੇ ਵਿੱਚ ਮਾਰੇ ਗਏ ਅੱਤਵਾਦੀਆਂ ਤੋਂ ਹਥਿਆਰ ਤੇ ਗੋਲਾਬਾਰੂਦ ਵੀ ਮਿਲਿਆ ਹੈ।

ਮਾਰੇ ਗਏ ਅੱਤਵਾਦੀਆਂ 'ਚ ਇੱਕ ਜ਼ਿਲਾ ਕਮਾਂਡਰ ਦੱਸਿਆ ਜਾ ਰਿਹਾ ਹੈ, ਹਾਲਾਂਕਿ ਇਸ ਦੀ ਹਾਲੇ ਪੁਸ਼ਟੀ ਨਹੀਂ ਹੋਈ। ਸੁਰੱਖਿਆ ਦਸਤਿਆਂ ਨੇ ਪਿਛਲੇ ਸੋਮਵਾਰ ਨੂੰ ਵੀ ਸ੍ਰੀਨਗਰ 'ਚ ਦੋ ਮੁਕਾਬਲਿਆਂ 'ਚ ਲਸ਼ਕਰ ਦੇ ਡਵੀਜ਼ਨਲ ਕਮਾਂਡਰ ਸਮੇਤ ਦੋ ਅੱਤਵਾਦੀਆਂ ਨੂੰ ਮਾਰ ਸੁੱਟਿਆ ਸੀ।ਸੁਰੱਖਿਆ ਦਸਤਿਆਂ ਨੂੰ ਸਵੇਰੇ ਕੁਲਗਾਮ ਦੇ ਓਕੇ ਪਿੰਡ 'ਚ ਦੋ-ਤਿੰਨ ਅੱਤਵਾਦੀਆਂ ਦੇ ਲੁਕੇ ਹੋਣ ਦੀ ਸੂਚਨਾ ਮਿਲੀ। ਉਸ ਸਮੇਂ ਪੂਰੇ ਇਲਾਕੇ ਵਿੱਚ ਹਲਕੀ ਬਾਰਸ਼ ਵੀ ਹੋ ਰਹੀ ਸੀ। ਖਰਾਬ ਮੌਸਮ ਦੀ ਪ੍ਰਵਾਹ ਨਾ ਕਰਦੇ ਹੋਏ ਪੁਲਸ ਦੇ ਸਪੈਸ਼ਲ ਆਪਰੇਸ਼ਨ ਗਰੁੱਪ (ਐਸ ਓ ਜੀ) ਦੇ ਜਵਾਨਾਂ ਨਾਲ ਫੌਜ ਦੀ ਨੌਂ ਆਰ ਆਰ ਤੇ ਸੀ ਆਰ ਪੀ ਐਫ ਦੀ 18 ਬਟਾਲੀਅਨ ਦਾ ਸਾਂਝਾ ਦਲ ਆਪਣੇ ਮਿਸ਼ਨ 'ਤੇ ਨਿਕਲ ਗਿਆ। ਸੁਰੱਖਿਆ ਦਸਤਿਆਂ ਨੇ ਪੂਰੇ ਪਿੰਡ ਦੀ ਘੇਰਾਬੰਦੀ ਕਰ ਕੇ ਤਲਾਸ਼ੀ ਲੈਣੀ ਸ਼ੁਰੂ ਕੀਤੀ, ਤਾਂ ਇੱਕ ਮਕਾਨ ਵਿੱਚ ਲੁਕੇ ਅੱਤਵਾਦੀਆਂ ਨੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਸੁਰੱਖਿਆ ਦਸਤਿਆਂ ਨੇ ਜਵਾਬੀ ਕਾਰਵਾਈ ਤੋਂ ਪਹਿਲਾਂ ਅੱਤਵਾਦੀਆਂ ਨੂੰ ਆਤਮਸਮਰਪਣ ਕਰਨ ਦਾ ਮੌਕਾ ਦਿੱਤਾ, ਪਰ ਅੱਤਵਾਦੀ ਗੋਲੀਬਾਰੀ ਕਰਦੇ ਰਹੇ। ਇਸ 'ਤੇ ਸੁਰੱਖਿਆ ਦਸਤਿਆਂ ਨੇ ਦੋਵਾਂ ਅੱਤਵਾਦੀਆਂ ਨੂੰ ਢੇਰ ਕਰ ਦਿੱਤਾ। ਮਾਰੇ ਗਏ ਅੱਤਵਾਦੀਆਂ 'ਚ ਸ਼ਮੀਰ ਅਹਿਮਦ ਸ਼ੇਖ਼ ਵਾਸੀ ਸ਼ੋਪੀਆ ਤੇ ਮੁਹੰਮਦ ਆਮਿਰ ਵਾਨੀ ਵਾਸੀ ਕੁਲ-ਗਾਮ ਸ਼ਾਮਲ ਹਨ। ਸੁਰੱਖਿਆ ਦਸਤਿਆਂ ਨੂੰ ਮੁਕਾਬਲੇ ਵਾਲੀ ਥਾਂ ਤੋਂ ਏ ਕੇ 47 ਰਾਈਫਲ, 6 ਏ ਕੇ ਮੈਗਜ਼ੀਨ, ਏ ਕੇ 47 ਦੇ 100 ਕਾਰਤੂਸ, ਇੱਕ ਪਿਸਤੌਲ, ਇੱਕ ਮੈਗਜ਼ੀਨ ਤੇ ਉਸ ਦੇ 20 ਕਾਰਤੂਸ ਬਰਾਮਦ ਹੋਏ ਹਨ।

## ਪੰਚਾਇਤ ਨੇ ਪੈਰ ਛੂਹ ਕੇ ਮੁਆਫੀ ਮੰਗਵਾਈ, ਔਰਤ ਦੀ ਮੌਤ



ਰੱਤੀਆ (ਫਤੇਹਾਬਾਦ), 6 ਜਨਵਰੀ (ਪੋਸਟ ਬਿਊਰੋ)- ਪਿੰਡ ਕਲੋਠਾ ਵਿੱਚ ਕੱਲ੍ਹ ਪੁਰਾਣੇ ਝਗੜੇ ਨੂੰ ਲੈ ਕੇ ਚੱਲ ਰਹੀ ਪੰਚਾਇਤ ਵਿੱਚ ਔਰਤ ਸੁਮਿੱਤਰਾ ਬਾਈ (55) ਦੀ ਮੌਤ ਹੋ ਗਈ। ਪਰਵਾਰਕ ਮੈਂਬਰਾਂ ਨੇ ਦੂਸਰੀ ਧਿਰ 'ਤੇ ਪੰਚਾਇਤ ਦੌਰਾਨ ਸੁਮਿੱਤਰਾ ਬਾਈ ਤੇ ਉਸ ਦੇ ਪਰਵਾਰ ਨੂੰ ਬੇਇੱਜ਼ਤ ਕਰਨ ਦਾ ਦੋਸ਼ ਲਗਾਇਆ ਹੈ। ਘਟਨਾ ਤੋਂ ਨਾਰਾਜ਼ ਪਿੰਡ ਕਲੋਠਾ ਤੇ ਨੰਗਲ ਦੇ ਪਿੰਡ ਵਾਸੀ ਦੇਰ ਰਾਤ ਲਾਸ਼ ਲੈ ਕੇ ਸਦਰ ਥਾਣੇ ਪਹੁੰਚੇ। ਪਿੰਡ ਵਾਸੀਆਂ ਨੇ ਕਿਹਾ ਕਿ ਕਾਰਵਾਈ ਨਾ ਕੀਤੀ ਤਾਂ ਲਾਸ਼ ਨਹੀਂ ਲੈਣਗੇ।

ਮ੍ਰਿਤਕਾ ਦੇ ਬੇਟੇ ਰਾਜ ਕੁਮਾਰ ਨੇ ਪਿੰਡ ਦੇ 15 ਲੋਕਾਂ ਖਿਲਾਫ ਸਦਰ ਥਾਣੇ ਵਿੱਚ ਆਤਮਹੱਤਿਆ ਲਈ ਮਜਬੂਰ ਕਰਨ ਦਾ ਕੇਸ ਦਰਜ ਕਰਾਇਆ ਹੈ। ਉਸ ਦਾ ਕਹਿਣਾ ਹੈ ਕਿ ਉਕਤ ਲੋਕਾਂ ਵੱਲੋਂ ਬੇਇੱਜ਼ਤ ਕਰਨ ਦੇ ਕਾਰਨ ਹੀ ਉਨ੍ਹਾਂ ਦੀ ਮਾਂ ਦੀ ਮੌਤ ਹੋਈ ਹੈ। ਦੋਸ਼ੀਆਂ ਵਿੱਚ ਪਿੰਡ ਕਲੋਠਾ ਵਾਸੀ ਸ਼ਾਮ ਲਾਲ, ਬੱਬੂ, ਰਮੇਸ਼, ਜੱਗਾ, ਅਮਨ, ਰਵੀ, ਲਾਲ ਚੰਦ, ਮੁਰੀ, ਲੇਖਰਾਜ, ਕੁਲਵਿੰਦਰ, ਗੱਗੂ, ਦੇਸ ਰਾਜ, ਮੁਲਖ ਰਾਜ, ਬਿੱਟੂ ਰਾਮ, ਯਸ਼ਪਾਲ, ਸੁੱਖਾ ਰਾਮ ਤੇ ਔਰਤ ਰੇਸ਼ਮਾ ਸ਼ਾਮਲ ਹਨ। ਸਦਰ ਥਾਣਾ ਇੰਚਾਰਜ ਰਮੇਸ਼ ਨੇ ਕਿਹਾ ਕਿ 15 ਲੋਕਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਰਾਜ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਮਾਂ ਨੇ ਪਿੰਡ ਦੀ ਇੱਕ ਔਰਤ ਔਰਤ ਤੇ ਮਰਦ ਨੂੰ ਦੋ ਜਨਵਰੀ ਨੂੰ ਇਤਰਾਜ਼ਯੋਗ ਹਾਲਤ ਵਿੱਚ ਫੜਿਆ ਸੀ। ਬਾਅਦ ਵਿੱਚ ਕੁਝ ਲੋਕਾਂ ਨੇ ਮਾਂ ਤੇ ਪਰਵਾਰ ਦੇ ਲੋਕਾਂ ਖਿਲਾਫ ਬਦਨਾਮ ਕਰਨ ਦੀ ਸ਼ਿਕਾਇਤ ਥਾਣੇ ਵਿੱਚ ਦੇ ਦਿੱਤੀ। ਇਸ ਮਾਮਲੇ ਵਿੱਚ ਪੰਚਾਇਤ ਬੁਲਾਈ ਗਈ ਸੀ। ਕੁਝ ਲੋਕਾਂ ਨੇ ਮਾਂ 'ਤੇ ਦਬਾਅ ਬਣਾਇਆ ਅਤੇ ਭਰੀ ਪੰਚਾਇਤ ਵਿੱਚ ਬੇਇੱਜ਼ਤ ਕੀਤਾ। ਉਥੇ ਉਨ੍ਹਾਂ ਤੋਂ ਪੈਰ ਛੂਹ ਕੇ ਮੁਆਫੀ ਮੰਗਵਾਈ। ਇਸ ਦੇ ਬਾਵਜੂਦ ਕਿਹਾਕਿ ਉਕਤ ਲੋਕਾਂ ਦੇ ਘਰ ਜਾ ਕੇ ਬੱਚਿਆਂ ਤੋਂ ਵੀ ਮੁਆਫੀ ਮੰਗੋ। ਮਾਂ ਨੇ ਘਰ ਜਾ ਕੇ ਵੀ ਮੁਆਫੀ ਮੰਗੀ, ਪ੍ਰੰਤੂ ਉਹ ਮੁਕਰ ਗਏ।

## ਐਸ ਜੀ ਪੀ ਸੀ ਦੇ ਪ੍ਰਧਾਨ ਧਾਮੀ ਦਿੱਲੀ ਕਮੇਟੀ ਦੇ ਮੈਂਬਰ ਬਣੇ

ਨਵੀਂ ਦਿੱਲੀ, 6 ਜਨਵਰੀ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ ਲਈ ਚੋਣ ਕੱਲ੍ਹ ਸਖ਼ਤ ਸੁਰੱਖਿਆ ਪ੍ਰਬੰਧਾਂ ਵਿੱਚ ਸ਼ਾਂਤੀਪੂਰਨ ਤਰੀਕੇ ਨਾਲ ਪੂਰੀ ਹੋ ਗਈ। ਇਸ ਦੇ ਨਾਲ ਗੁਰਦੁਆਰਾ ਕਮੇਟੀ ਦਾ ਕੋਰਮ ਵੀ ਪੂਰਾ ਹੋ ਗਿਆ ਹੈ ਅਤੇ ਚੋਣਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਅੰਮ੍ਰਿਤਸਰ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਨਾਮਜ਼ਦ ਮੈਂਬਰ ਵਜੋਂ ਚੋਣ ਹੋ ਗਈ। ਧਾਮੀ ਦਾ ਨਾਮ ਐਸ ਜੀ ਪੀ ਸੀ ਕਮੇਟੀ ਪ੍ਰਤੀਨਿਧੀ ਦੇ ਤੌਰ ਉੱਤੇ ਭੇਜਿਆ ਗਿਆ ਸੀ। ਵਰਨਣ ਯੋਗ ਹੈ ਕਿ ਇਸੇ ਸੀਟ ਉੱਤੇ ਪਿਛਲੇ ਤਿੰਨ ਮਹੀਨੇ ਤੋਂ ਵਿਵਾਦ ਚੱਲ ਰਿਹਾ ਸੀ।

ਇਸ ਦੇ ਇਲਾਵਾ ਸਿੰਘ ਸਭਾ ਕੋਟੇ ਦੇ ਇੱਕ ਮੈਂਬਰ ਲਈ ਲਾਟਰੀ ਦੇ ਜ਼ਰੀਏ ਚੋਣ ਹੋਈ। ਇਸ ਵਿੱਚ ਗੁਰਦੁਆਰਾ ਸਿੰਘ ਸਭਾ, ਸ਼ੰਕਰ ਵਿਹਾਰ ਦੇ ਪ੍ਰਧਾਨ ਸੁਰਿੰਦਰ ਸਿੰਘ ਦਾਰਾ ਦਾ ਨਾਮ ਆਇਆ ਹੈ।

## ਬੱਸ ਤੇ ਟਰੱਕ ਦਰਮਿਆਨ ਟੱਕਰ ’ਚ 16 ਮੌਤਾਂ






ਪਾਕੁਰ, 6 ਜਨਵਰੀ (ਪੋਸਟ ਬਿਊਰੋ)- ਝਾਰਖੰਡ ਦੇ ਪਾਕੁਰ ਜ਼ਿਲ੍ਹੇ ਵਿੱਚ ਕੱਲ੍ਹ ਸਵੇਰੇ ਟਰੱਕ ਤੇ ਬੱਸ ਦੀ ਸਿੱਧੀ ਟੱਕਰ ਹੋ ਗਈ, ਜਿਸ ਵਿੱਚ 16 ਜਣਿਆਂ ਦੀ ਮੌਤ ਹੋ ਗਈ ਅਤੇ 26 ਹੋਰ ਜ਼ਖਮੀ ਹੋ ਗਏ।

ਪੁਲਸ ਦੇ ਮੁਤਾਬਕ ਇਹ ਹਾਦਸਾ ਅਮਰਪਾਰਾ ਥਾਣਾ ਖੇਤਰ ਦੇ ਪੇਡਰਕੋਲਾ ਪਿੰਡ ਨੇੜੇ ਗੋਵਿੰਦਪੁਰ-ਸਾਹਿਬਗੰਜ ਹਾਈਵੇਅ ਉੱਤੇ ਸਵੇਰੇ ਵੇਲੇ ਵਾਪਰਿ-ਰਆ। ਟਰੱਕ ਵਿੱਚ ਗੈਸ ਸਿਲੰਡਰ ਲੱਦੇ ਸਨ। ਬੱਸ ਚਾਲੀ ਯਾਤਰੀਆਂ ਨੂੰ ਬਰਹਾਰਵਾ (ਸਾਹਿਬਗੰਜ ਜ਼ਿਲ੍ਹਾ) ਤੋਂ ਜੈਸਿਦੀਹ (ਦਿਓਗੜ੍ਹ ਜ਼ਿਲ੍ਹਾ) ਲੈ ਕੇ ਜਾ ਰਹੀ ਸੀ। ਪੁਲਸ ਨੇ ਦੱਸਿਆ ਕਿ ਗੰਭੀਰ ਮਰੀਜ਼ਾਂ ਨੂੰ ਰਾਂਚੀ ਦੇ ਰਾਜਿੰਦਰਾ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਰਿਮਜ਼) ਰੈਫਰ ਕੀਤਾ ਗਿਆ ਤੇ ਬਾਕੀਆਂ ਨੂੰ ਵੀ ਉਥੇ ਭੇਜਿਆ ਜਾ ਰਿਹਾ ਹੈ।ਪੁਲਸ ਨੇ ਦੱਸਿਆ ਕਿ ਹਾਦਸੇ ਕਾਰਨ ਕਈ ਯਾਤਰੀ ਬੱਸ ਦੇ ਅੰਦਰ ਫਸ ਗਏ ਸਨ। ਗੈਸ ਕਟਰ ਨਾਲ ਵਾਹਨ ਨੂੰ ਕੱਟ ਕੇ ਉਨ੍ਹਾਂ ਨੂੰ ਬਾਹਰ ਕੱਢਿਆ ਗਿਆ। ਇਹ ਟੱਕਰ ਇੰਨੀ ਭਿਆਨਕ ਸੀ ਦੋਵਾਂ ਵਾਹਨਾਂ ਦੇ ਮੂਹਰਲੇ ਹਿੱਸੇ ਪੂਰੀ ਤਰ੍ਹਾਂ ਨੁਕਸਾਨੇ ਗਏ। ਇਹ ਹਾਦਸਾ ਧੁੰਦ ਕਾਰਨ ਵਾਪਰਿਆ ਹੋ ਸਕਦਾ ਹੈ।

## ਸੂਰਿਆ ਨਮਸਕਾਰ ਦੇ ਪ੍ਰੋਗਰਾਮਾਂ 'ਚ ਸ਼ਾਮਿਲ ਨਾ ਹੋਣ ਮੁਸਲਿਮ ਬੱਚੇ

ਨਵੀਂ ਦਿੱਲੀ, 6 ਜਨਵਰੀ (ਪੋਸਟ ਬਿਊਰੋ)- ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਕਿਹਾ ਹੈ ਕਿ ਸੂਰਿਆ ਨਮਸਕਾਰ ਦੇ ਪ੍ਰੋਗਰਾਮਾਂ ਵਿੱਚ ਮੁਸਲਿਮ ਭਾਈਚਾਰੇ ਦੇ ਬੱਚਿਆਂ ਨੂੰ ਸ਼ਾਮਲ ਨਹੀਂ ਹੋਣਾ ਚਾਹੀਦਾ ਕਿਉਂਕਿ ਸੂਰਜ ਦੀ ਉਪਾਸਨਾ ਕਰਨੀ ਇਸਲਾਮ ਧਰਮ ਮੁਤਾਬਕ ਠੀਕ ਨਹੀਂ ਹੈ। ਪਰਸਨਲ ਲਾਅ ਬੋਰਡ ਦੇ ਜਨਰਲ ਸਕੱਤਰ ਮੌਲਾਨਾ ਖਾਲਿਦ ਸੈਫ ਉਲਾ ਰਹਿਮਾਨੀ ਨੇ ਕਿਹਾ ਕਿ ਸਰਕਾਰ ਨੂੰ ਇਸ ਨਾਲ ਜੁੜਿਆ ਦਿਸ਼ਾ-ਨਿਰਦੇਸ਼ ਵਾਪਸ ਲੈ ਕੇ ਦੇਸ਼ ਦੀਆਂ ਧਰਮਨਿਰਪੱਖ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਰਹਿਮਾਨੀ ਨੇ ਕਿਹਾ ਕਿ ਭਾਰਤ ਇੱਕ ਧਰਮਨਿਰਪੱਖ, ਬਹੁ-ਧਾਰਮਿਕ ਅਤੇ ਬਹੁ-ਸਭਿਆਚਾਰਕ ਦੇਸ਼ ਹੈ। ਇਨ੍ਹਾਂ ਸਿਧਾਂਤਾਂ ਦੇ ਆਧਾਰ ’ਤੇ ਹੀ ਸਾਡਾ ਸੰਵਿਧਾਨ ਬਣਾਇਆ ਗਿਆ ਹੈ। ਸੰਵਿਧਾਨ ਸਾਨੂੰ ਇਸ ਦੀ ਆਗਿਆ ਨਹੀਂ ਦਿੰਦਾ ਕਿ ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ ਕਿਸੇ ਖਾਸ ਧਰਮ ਦੀ ਸਿੱਖਿਆ ਦਿੱਤੀ ਜਾਏ ਜਾਂ ਕਿਸੇ ਵਿਸ਼ੇਸ਼ ਗਰੁੱਪ ਦੀ ਮਾਨਤਾ ਦੇ ਆਧਾਰ 'ਤੇ ਸਮਰੋਹ ਕੀਤੇ ਜਾਣ। ਉਨ੍ਹਾਂ ਦਾਅਵਾ ਕੀਤਾ ਕਿ ਇਹ ਬੇਹੱਦ ਮੰਦਭਾਗੀ ਗੱਲ ਹੈ ਕਿ ਮੌਜੂਦਾ ਸਰਕਾਰ ਇਸ ਸਿਧਾਂਤ ਤੋਂ ਭਟਕ ਰਹੀ ਹੈ ਅਤੇ ਦੇਸ਼ ਦੇ ਸਭ ਵਰਗਾਂ 'ਤੇ ਬਹੁ-ਗਿਣਤੀ ਭਾਈਚਾਰੇ ਦੀ ਸੋਚ ਅਤੇ ਪ੍ਰੰਪਰਾ ਨੂੰ ਠੋਸਣ ਦੀ ਕੋਸ਼ਿਸ਼ ਕਰ ਰਹੀ ਹੈ।



# ਕੁਵੈਤ 'ਚ ਭਾਰੀ ਵਿਰੋਧ ਦੌਰਾਨ ਔਰਤਾਂ ਦੀ ਫ਼ੌਜ 'ਚ ਭਰਤੀ ਸ਼ੁਰੂ




ਅਕੁਵੈਤ ਸਿਟੀ, 6 ਜਨਵਰੀ (ਪੋਸਟ ਬਿਊਰੋ)- ਕੁਵੈਤ ਸਰਕਾਰ ਨੇ ਫ਼ੌਜ 'ਚ ਔਰਤਾਂ ਦੀ ਭਰਤੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਬੀਤੇ ਸਾਲ 12 ਅਕਤੂਬਰ ਨੂੰ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਦੇਸ਼ ਦੀਆਂ ਤਿੰਨਾਂ ਫ਼ੌਜਾਂ 'ਚ ਔਰਤਾਂ ਨੂੰ ਕਮੀਸ਼ਨ ਦਿੱਤਾ ਜਾਵੇਗਾ। ਹਾਲਾਂਕਿ, ਸਰਕਾਰ ਨੇ ਅਜੇ ਤਕ ਇਹ ਸਾਫ਼ ਨਹੀਂ ਕੀਤਾ ਹੈ ਕਿ ਇਹ ਨਾਨ ਕਾਂਬੈਟ ਐਡਮਿਸ਼ਨ ਹੋਵੇਗੀ ਜਾਂ ਜੰਗ ਦੇ ਮੋਰਚੇ 'ਤੇ ਵੀ ਔਰਤਾਂ ਨੂੰ ਨਿਯੁਕਤੀ ਮਿਲੇਗੀ।

'ਅਲ ਮਾਨਿਟਰ' ਦੀ ਇੱਕ ਰਿਪੋਰਟ ਮੁਤਾਬਕ ਹੁਣ ਤਕ 13,000 ਔਰਤਾਂ ਨੇ ਫ਼ੌਜ 'ਚ ਭਰਤੀ ਲਈ ਅਪਲਾਈ ਕੀਤਾ ਹੈ। ਇਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਡਿਪਲੋਮਾ ਜਾਂ ਗੈਜੂਏਟ ਇਸ ਦੇ ਲਈ ਯੋਗਤਾ ਰੱਖੀ ਗਈ ਹੈ। 18 ਤੋਂ 26 ਸਾਲ ਦੀਆਂ ਔਰਤਾਂ ਅਪਲਾਈ ਕਰ ਸਕਦੀਆਂ ਹਨ। ਖਾਸ ਗੱਲ ਇਹ ਹੈ ਕਿ ਸਰਕਾਰ ਦੇ ਇਸ ਫੈਸਲੇ ਦਾ ਕੁਝ ਲੋਕ ਵਿਰੋਧ ਵੀ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕੁਵੈਤ ਦੇ ਇਸਲਾਮਿਕ ਕਲਚਰ ਦੇ ਖ਼ਿਲਾਫ਼ ਹੈ।

ਇਹ ਕਦਮ ਸਊਦੀ ਅਰਬ ਦੇ ਠੀਕ ਉਸ ਤਰ੍ਹਾਂ ਦੇ ਹੀ ਫ਼ੈਸਲੇ ਤੋਂ ਬਾਅਦ ਚੁੱਕਿਆ ਗਿਆ ਹੈ, ਜਿਸ ਦੇ ਤਹਿਤ ਫ਼ੌਜ 'ਚ ਇੱਕ ਪੋਰਟਲ ਦੇ ਜ਼ਰਿਏ ਔਰਤ ਅਤੇ ਪੁਰਸ਼ ਦੋਵਾਂ ਨੂੰ ਰਜਿਸਟਰ ਕਰਨ ਦੀ ਮਨਜ਼ੂਰੀ ਦਿੱਤੀ ਗਈ ਸੀ। ਸਾਊਦੀ ਅਰਬ ਦੀ ਮਿਲਟਰੀ 'ਚ ਔਰਤਾਂ ਲਈ ਸੋਲਜ਼ਰ ਤੋਂ ਲੈ ਕੇ ਸਾਰਜੈਂਟ ਤਕ ਦੇ ਰੈਂਕ ਦੇਣ ਦੀ ਮਨਜ਼ੂਰੀ ਮਿਲੀ ਹੋਈ ਹੈ। ਰਿਪੋਰਟ ਮੁਤਾਬਕ ਸਾਊਦੀ ਅਰਬ 'ਚ ਰਾਇਲ ਸਾਊਦੀ ਨੇਵੀ, ਆਰਮਡ ਫੋਰਸਿਜ਼ ਦੀਆਂ ਮੈਡੀਕਲ ਸੇਵਾਵਾਂ ਅਤੇ ਸਟ੍ਰੈਟੇਜਿਕ ਮਿਜ਼ਾਈਲਫੋਰਸਿਜ਼ 'ਚ ਔਰਤਾਂ ਨੂੰ ਸ਼ਾਮਲ ਕਰਨ ਲਈ ਕਦਮ ਚੁੱਕੇ ਗਏ ਹਨ। ਇਸ ਤੋਂ ਪਹਿਲਾਂ ਕੁਵੈਤ 'ਚ ਸਾਲ 2005 'ਚ ਔਰਤਾਂ ਨੂੰ ਵੋਟ ਦੇਣ ਦਾ ਅਧਿਕਾਰ ਮਿਲਿਆ ਸੀ।

# ਕਜ਼ਾਖਸਤਾਨ ਵਿੱਚ ਹਿੰਸਾ ਕਾਰਨ ਐਮਰਜੈਂਸੀ ਲਾਈ ਗਈ

ਅਲਮਾਤੀ, 6 ਜਨਵਰੀ (ਪੋਸਟ ਬਿਊਰੋ)- ਕਜ਼ਾਖਸਤਾਨ ਦੀ ਰਾਜਧਾਨੀ ਵਿੱਚ ਮੁਜ਼ਾਹਰਾ ਕਰਨ ਵਾਲਿਆਂ ਵੱਲੋਂ ਸਰਕਾਰੀ ਇਮਾਰਤਾਂ ਨੂੰ ਅੱਗਾਂ ਲਾਉਣ ਪਿੱਛੋਂ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਦਹਾਕੇ ਦੇ ਸਭ ਤੋਂ ਜ਼ਬਰਦਸਤ ਹੰਗਾਮੇ ਪਿੱਛੋਂ ਮੰਤਰੀ ਮੰਡਲ ਨੇ ਆਪਣਾ ਅਸਤੀਫਾ ਵੀ ਦੇ ਦਿੱਤਾ ਹੈ।

ਵਰਨਣ ਯੋਗ ਹੈ ਕਿ ਪੈਟਰੋਲ ਤੇ ਡੀਜ਼ਲ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਤੋਂ ਨਾਰਾਜ਼ ਮੁਜ਼ਾਹਰਾਕਾਰੀਆਂ ਨੇ ਸੜਕਾਂ ਉੱਤੇ ਉਤਰ ਕੇ ਖ਼ੂਬ ਹਿੰਸਾ ਕੀਤੀ ਹੈ। ਇਹ ਮੁਜ਼ਾਹਰੇ ਨਵੇਂ ਸਾਲ ਦੇ ਸ਼ੁਰੂ ਹੋਣ ਨਾਲ ਸ਼ੁਰੂ ਹੋਏ ਸਨ। ਇੱਕ ਕਜ਼ਾਖ ਬਲਾਗਰ ਦੇ ਇੰਸਟਾਗ੍ਰਾਮ ਲਾਈਵ ਸਟਰੀਮ ਉੱਤੇ ਮੇਅਰ ਦੇ ਦਫਤਰ ਨੂੰ ਅੱਗ ਲੱਗੀ ਦੇਖੀ ਗਈ ਹੈ। ਉਸ ਦੇ ਘੇਰੇ ਹੋਏ ਮੁਜ਼ਾਹਰਾਕਾਰੀਆਂ ਨੇ ਗੋਲੀਬਾਰੀ ਵੀ ਕੀਤੀ। ਆਨਲਾਈਨ ਪੋਸਟ ਕੀਤੀਆਂ ਗਈਆਂ ਵੀਡੀਓ ਵਿੱਚ ਨੇੜੇ ਸਰਕਾਰੀ ਵਕੀਲ ਦਾ ਦਫਤਰ ਵੀ ਸੜਦਾ ਦੇਖਿਆ ਜਾ ਸਕਦਾ ਹੈ। ਇਸ ਤੋਂ ਪਹਿਲੇ ਦਿਨ ਹਜ਼ਾਰਾਂ ਮੁਜ਼ਾਹਰਾਕਾਰੀਆਂ ਨੂੰ ਅਲਮਾਤੀ ਦੇ ਸਿਟੀ ਸੈਂਟਰ ਵੱਲਵਧਦੇ ਦੇਖਿਆ



ਗਿਆ। ਕਝ ਮੁਜ਼ਾਹਰਾਕਾਰੀ ਇੱਕ ਵੱਡੇ ਟਰੱਕ ਉੱਤੇ ਸਵਾਰ ਸਨ ਅਤੇ ਦੰਗਾ ਰੋਕੂ ਫੋਰਸਾਂ ਨੇ ਟੀਅਰ ਗੈਸ ਤੇ ਫਲੈਸ਼ ਬੈਗ ਗਰਨੇਡ ਦੀ ਮੱਦਦ ਨਾਲ ਇਨ੍ਹਾਂ ਮੁਜ਼ਾਹਰਾਕਾਰੀਆਂ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਨਾਕਾਮ ਰਹੇ। ਸ਼ਹਿਰ ਦੇ ਪੁਲਸ ਮੁਖੀ ਨੇ ਕਿਹਾ ਕਿ ਅਲਮਾਤੀ ਉੱਤੇ ਕੱਟੜਪੰਥੀਆਂ ਅਤੇ ਦੰਗਾਈਆਂ ਨੇ ਹਮਲਾ ਕਰ ਦਿੱਤਾ ਅਤੇ ਕਰੀਬ ਪੰਜ ਸੌ ਨਾਗਰਿਕਾਂ ਨੂੰ ਕੁੱਟਿਆ ਅਤੇ ਸੈਂਕੜੇ ਕਾਰੋਬਾਰਾਂ ਨੂੰ ਤਹਿਸ-ਨਹਿਸ ਕਰ ਦਿੱਤਾ। ਵੱਡੇ ਪੱਧਰ ਉੱਤੇ ਹਿੰਸਾ ਤੋਂ ਬਾਅਦ ਦੇਸ਼ ਵਿੱਚ ਦੋ ਹਫਤੇ ਲਈ ਐਮਰਜੈਂਸੀ ਲਾ ਦਿੱਤੀ ਗਈ ਹੈ ਅਤੇ ਰਾਜਧਾਨੀ ਨੂਰ-ਸੁਲਤਾਨ ਵਿੱਚ ਰਾਤ ਦਾ ਕਰਫਿਊ ਲਾ ਦਿੱਤਾ ਗਿਆ ਹੈ। ਪੱਛਮੀ ਮੰਗਿਸਤਾਨ ਸੂਬੇ ਤੇ ਅਲਮਾਤੀ ਵਿੱਚ ਵੀ ਐਮਰਜੈਂਸੀ ਹੈ।

# ਤਿੰਨ ਸਾਲਾਂ ਵਿੱਚ ਟਰੰਪ ਪਰਵਾਰ ਦਾ ਹੋਟਲ ਦੀਵਾਲੀਆ ਹੋਇਆ




ਵੈਨਕੂਵਰ, 6 ਜਨਵਰੀ (ਪੋਸਟ ਬਿਊਰੋ)- ਵੈਨਕੂਵਰ ਦੇ ਮਹਿੰਗੇ ਹੋਟਲਾਂ ਵਿੱਚੋਂ ਇੱਕ ਟਰੰਪ ਹੋਟਲ ਨੂੰ ਚਾਰ ਮਹੀਨੇ ਪਹਿਲਾਂ ਪੱਕੇ ਤੌਰ ਉੱਤੇ ਤਾਲੇ ਲੱਗਣ ਮਗਰੋਂ ਉਥੇ ਉਲੂ ਬੋਲਣ ਲੱਗ ਪਏ ਹਨ।

ਇਸ ਸ਼ਹਿਰ ਦੇ ਪਾਸ਼ ਇਲਾਕੇ ਜੌਰਜੀਆ ਸਟਰੀਟ ਉੱਤੇ 2700 ਕਰੋੜ ਰੁਪਏ ਦੀ ਲਾਗਤ ਨਾਲ ਪੰਜ ਸਾਲਾਂ ਵਿੱਚ ਬਣ ਕੇ ਤਿਆਰ ਹੋਏ ਇਸ ਹੋਟਲ ਦਾ ਨਾਂਅ ਹੀ ਇਸ ਨੂੰ ਲੈ ਡੁੱਬਿਆ ਹੈ। ਇੰਟਰਨੈਸ਼ਨਲ ਟਰੰਪ ਹੋਟਲ ਐਂਡ ਟਾਵਰਜ਼ ਦਾ ਨਿਰਮਾਣ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਧੀ ਐਰਿਕ ਟਰੰਪ ਅਤੇ ਪੁੱਤਰ ਡੋਨਾਲਡ ਜੂਨੀਅਰ ਦੀ ਮਾਲਕੀ ਵਾਲੀ ਕੰਪਨੀ ਟੀ ਏ ਹੋਟਲ ਮੈਨੇਜਮੈਂਟ ਨੇ 2012 ਵਿੱਚ ਸ਼ੁਰੂ ਕੀਤਾ ਸੀ। ਪੰਜ ਸਾਲਾਂ ਵਿੱਚ ਬਣੀ ਇਸ 617 ਫੁੱਟ ਉਚੀ, 63 ਮੰਜ਼ਿਲਾ ਇਮਾਰਤ ਵਿੱਚ 147 ਕਮਰੇ, 220 ਅਪਾਰਟਮੈਂਟ ਅਤੇ 346 ਵਾਹਨਾਂ ਦੀ ਪਾਰਕਿੰਗ ਬਣਾਈ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਫਰਵਰੀ 2017 ਵਿੱਚ ਇਸ ਹੋਟਲ ਦੀ ਸ਼ੁਰੂਆਤ ਕੀਤੀ ਗਈ, ਪਰ ਉਸ ਵੇਲੇ ਵੈਨਕੂਵਰ ਦੇ ਮੇਅਰ ਗਰੈਗਰ ਰੌਬਰਟਸਨ ਅਤੇ ਹੋਰ ਆਗੂਆਂ ਨੇ ਹੋਟਲ ਮਾਲਕਾਂ ਵੱਲੋਂ ਦਿੱਤੇ ਸੱਦੇ ਨਕਾਰ ਦਿੱਤੇ ਸਨ। ਸਾਬਕਾ ਅਮਰੀਕੀ ਰਾਸ਼ਟਰਪਤੀ ਦੇ ਪਰਛਾਵੇਂ ਕਾਰਨ ਇਹ ਹੋਟਲ ਗਾਹਕਾਂ ਦੀ ਪਸੰਦ ਨਹੀਂ ਸੀ ਬਣ ਸਕਿਆ ਤੇ ਕੋਰੋਨਾ ਪਾਬੰਦੀਆਂ ਦੌਰਾਨ ਇਹ ਹੋਟਲ ਦਮ ਤੋੜ ਗਿਆ। ਬੀਤੇ ਅਪ੍ਰੈਲ ਮਹੀਨੇ ਵਿੱਚ ਹੋਟਲ ਅਸਥਾਈ ਤੇ ਅਗਸਤ ਵਿੱਚ ਪੱਕੇ ਤੌਰ ਉੱਤੇ ਬੰਦ ਕਰ ਦਿੱਤਾ ਗਿਆ, ਜਿਸ ਮਗਰੋਂ ਕੰਪਨੀ ਨੇ ਖ਼ੁਦ ਨੂੰ ਦੀਵਾਲੀਆ ਐਲਾਨ ਕਰ ਦਿੱਤਾ।

ਬੀਤੇ ਮਹੀਨੇ ਇਸ ਹੋਟਲ ਦੇ ਮੁੱਖ ਗੇਟ ਉੱਤੇ ਲਿਖੇ ਨਾਂਅ ਵਿੱਚੋਂ 'ਟਰੰਪ' ਸ਼ਬਦ ਹਟਾ ਦਿੱਤਾ ਗਿਆ। ਪਤਾ ਲੱਗਾ ਹੈ ਕਿ ਦੀਵਾਲੀਆ ਐਲਾਨਣ ਦੀ ਪ੍ਰਕਿਰਿਆ ਪੂਰੀ ਹੋਣ ਪਿੱਛੋਂ ਇਸ ਦੀ ਉਸਾਰੀ ਕਰਨ ਵਾਲੀ ਕੰਪਨੀ ਇਸ ਨੂੰ ਖਰੀਦਣ ਦੀ ਇਛੁੱਕ ਹੈ, ਸਟੈਂਡਰਡ ਦੇ ਲਿਹਾਜ਼ ਨਾਲ ਇਸ ਹੋਟਲ ਦਾ ਵੈਨਕੂਵਰ ਵਿੱਚ ਦੂਜਾ ਨੰਬਰ ਹੈ ਅਤੇ ਸ਼ਹਿਰ ਦੀ ਸਭ ਤੋਂ ਉਚੀ ਇਮਾਰਤ ਵੀ ਇੱਕ ਹੋਰ ਹੋਟਲ ਦੀ ਹੈ,ਜੋ ਇਸ ਹੋਟਲ ਤੋਂ 25 ਫੁੱਟ ਉਚੀ ਹੈ।

# ਬ੍ਰਿਟਿਸ਼ ਸਿੱਖ ਮਹਿਲਾ ਫ਼ੌਜੀ ਨੇ 700 ਮੀਲ ਦਾ ਸਫ਼ਰ ਕਰ ਕੇ ਦੱਖਣੀ ਧਰੁਵ 'ਤੇ ਇਤਿਹਾਸਕ ਝੰਡਾ ਗੱਡਿਆ

ਲੰਡਨ, 6 ਜਨਵਰੀ (ਪੋਸਟ ਬਿਊਰੋ)- ਬ੍ਰਿਟਿਸ਼ ਫ਼ੌਜ 'ਚ ਭਾਰਤੀ ਮੂਲ ਦੀ ਸਿੱਖ ਮਹਿਲਾ ਫ਼ੌਜੀ ਅਧਿਕਾਰੀ ਅਤੇ ਫ਼ਿਜ਼ੀਓਥੈਰੇਪਿਸਟ ਕੈਪਟਨ ਹਰਪ੍ਰੀਤ ਚੰਦੀ ਨੇ ਦੱਖਣੀ ਧਰੁਵ ਦੀ ਬਿਨਾਂ ਸਮਰਥਨ ਦੇ ਇਕੱਲੇ ਯਾਤਰਾ ਕਰਕੇ ਪਹਿਲੀ ''ਗ਼ੈਰ ਗੋਰੀ ਮਹਿਲਾ'' ਬਣ ਕੇ ਇਤਿਹਾਸ ਰੱਚ ਦਿੱਤਾ ਹੈ।

'ਪੋਲਰ ਪ੍ਰੀਤ' ਦੇ ਨਾਮ ਤੋਂ ਵੀ ਜਾਣੀ ਜਾਣ ਵਾਲੀ ਚੰਦੀ ਨੇ ਆਪਣੇ ਲਾਈਵ ਬਲਾਗ 'ਤੇ ਕੱਲ੍ਹ 40ਵੇਂ ਦਿਨ ਦੇ ਅੰਤ 'ਤੇ 700 ਮੀਲ (1127 ਕਿਲੋਮੀਟਰ) ਦੀ ਯਾਤਰਾ ਕਰਨ ਦੇ ਬਾਅਦ ਆਪਣੇ ਸਾਰੀ ਕਿੱਟ ਨਾਲ ਸਲੇਜ਼ (ਪੁਲ) ਖਿੱਚਦੇ ਹੋਏ ਅਤੇ ਸਿਫ਼ਰ ਤੋਂ 50 ਡਿੱਗਰੀ ਹੇਠਾਂ ਦੇ ਤਾਪਮਾਨ ਅਤੇ ਲੱਗਭਗ 60 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲ ਰਹੀਆਂ ਹਵਾਵਾਂ ਨਾਲ ਲੜਦੇ ਹੋਏ ਇਤਿਹਾਸ ਰਚਣ ਦਾ ਐਲਾਨ



ਕੀਤਾ।ਉਨ੍ਹਾਂ ਲਿਖਿਆ, ''ਮੈਂ ਦੱਖਣੀ ਧਰੁਵ 'ਤੇ ਪਹੁੰਚ ਗਈ, ਜਿੱਥੇ ਬਰਫ਼ਬਾਰੀ ਹੋ ਰਹੀ ਹੈ। ਹਾਲੇ ਮਨ 'ਚ ਬਹੁਤ ਸਾਰੀਆਂ ਸੰਭਾਨਾਵਾਂ ਚਲ ਰਹੀਆਂ ਹਨ। ਮੈਂ ਤਿੰਨ ਸਾਲ ਪਹਿਲਾਂ ਧਰੁਵਾਂ ਦੀ ਦੁਨੀਆ ਬਾਰੇ ਕੁਝ ਨਹੀਂ ਜਾਣਦੀ ਸੀ ਅਤੇ ਅੰਤ ਵਿੱਚ ਇੱਥੇ ਪਹੁੰਚਣਾ ਕਿੰਨਾ ਸੱਚਾ ਲਗਦਾ ਹੈ। ਇਥੇ ਪਹੁੰਚਣਾ ਮੁਸ਼ਕਲ ਸੀ ਅਤੇ ਮੈਂ ਸਾਰਿਆਂ ਦੇ ਸਮਰਥਨ ਲਈ ਧਨਵਾਦ ਦੇਣਾ ਚਾਹੁੰਦੀ ਹਾਂ।''ਚੰਡੀ ਨੇ ਕਿਹਾ, ''ਇਹ ਮੁਹਿੰਮ ਹਮੇਸ਼ਾ ਮੇਰੇ ਤੋਂ ਕਿਤੇ ਵੱਧ ਸੀ। ਮੈਂ ਲੋਕਾਂ ਨੂੰ ਆਪਣੀਆਂ ਇੱਛਾਵਾਂ ਨੂੰ ਅੱਗੇ ਵਧਾਉਣ ਅਤੇ ਖੁਦ 'ਤੇ ਭਰੋਸਾ ਕਰਨ ਲਈ ਉਤਸ਼ਾਹਤ ਕਰਨਾ ਚਾਹੁੰਦੀ ਹਾਂ। ਮੈਨੂੰ ਕਈ ਮੌਕਿਆਂ 'ਤੇ ਨਾਂਹ ਕਿਹਾ ਗਿਆ ਅਤੇ ਕਿਹਾ ਗਿਆ ਕਿ 'ਬਸ ਆਮ ਜਿਹੇ ਕੰਮ ਕਰੋ', ਪਰ ਅਸੀਂ ਆਪਣੇ ਆਮ ਕੰਮ ਨੂੰ ਖਾਸ ਬਣਾਉਂਦੇ ਹਾਂ।'' ਉਨ੍ਹਾਂ ਨੇ ਆਪਣੀ ਯਾਤਰਾ ਦਾ ਲਾਈਵ ਟ੍ਰੈਕਿੰਗ ਨਕਸ਼ਾ ਅਪਲੋਡ ਕੀਤਾ ਅਤੇ ਬਰਫ਼ ਨਾਲ ਢਕੇ ਖੇਤਰ 'ਚ ਆਪਣੀ ਯਾਤਰਾ ਦੇ ਨਿਯਮਤ ਬਲਾਗ ਵੀ ਪੋਸਟ ਕੀਤੇ।ਚੰਦੀ ਨੇ ਆਪਣੇ ਬਲਾਗ 'ਤੇ ਪਹਿਲਾਂ ਕਿਹਾ ਸੀ ਕਿ ਐਂਟਾਰਕਟਿਕਾ ਧਰਤੀ ਦਾ ਸਭ ਤੋਂ ਠੰਢਾ, ਸਭ ਤੋਂ ਉਚਾ, ਸਭ ਤੋਂ ਸੁੱਕਾ ਅਤੇ ਹਵਾ ਵਾਲਾ ਮਹਾਂਦੀਪ ਹੈ। ਬ੍ਰਿਟਿਸ਼ ਫ਼ੌਜ ਦੇ ਚੀਫ਼ ਆਫ਼ ਜਨਰਲ ਸਟਾਫ਼ ਨੇ ਚੰਦੀ ਨੂੰ ਉਸਦੀ ਯਾਤਰਾ ਦੇ ਪੂਰਾ ਹੋਣ 'ਤੇ ਵਧਾਈ ਦਿੱਤੀ ਅਤੇ ਨਾਲ ਉਸ ਦੀ ''ਧੀਰਜ ਅਤੇ ਦ੍ਰਿੜਤਾ ਦੀ ਇੱਕ ਪ੍ਰੇਰਨਾਦਾਇਕ ਉਦਾਹਰਣ'' ਵਜੋਂ ਪ੍ਰਸ਼ੰਸਾ ਕੀਤੀ।

# ਗੁਪਤਾ ਭਰਾਵਾਂ ਦੇ ਘਪਲੇ ਵਿੱਚ ਸਾਬਕਾ ਰਾਸ਼ਟਰਪਤੀ ਜੁਮਾ ਵੀ ਫਸ ਗਿਆ



ਜੋਹਨਸਬਰਗ, 6 ਜਨਵਰੀ (ਪੋਸਟ ਬਿਊਰੋ)- ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਜੈਕਬ ਜੁਮਾ ਦੇ ਸਮਰਥਨ ਵਿੱਚ ਹੋਏ ਦੰਗਿਆਂਬਾਰੇ ਲੰਬੇ ਸਮੇਂ ਦੀ ਉਡੀਕ ਮਗਰੋਂ ਦੱਖਣੀ ਅਫਰੀਕੀ ਕਮਿਸ਼ਨ ਦੀ ਪਹਿਲੀ ਰਿਪੋਰਟ ਵਿੱਚ ਇਸ ਦੀ ਪੁਸ਼ਟੀ ਹੋ ਗਈ ਹੈ ਕਿ ਇਹ ਨਸਲੀ ਦੰਗੇ ਜੁਮਾ ਵੱਲੋਂ ਇੱਕ ਬੰਦ ਹੋ ਚੁੱਕੇ ਅਖ਼ਬਾਰ ਦੀ ਨਿਊਜ਼ ਏਜ਼ (ਟੀ ਐਨ ਏ) ਦੇ ਮਾਲਕ ਗੁਪਤਾ ਭਰਾਵਾਂ ਦੇ ਸਮਰਥਨ ਵਿੱਚ ਕਰਵਾਏ ਗਏ ਸਨ।

ਵਰਨਣ ਯੋਗ ਹੈ ਕਿ ਭਾਰਤੀ ਮੂਲ ਦੇ ਗੁਪਤਾ ਭਰਾ ਦੱਖਣੀ ਅਫਰੀਕਾ ਤੋਂ ਅਰਬਾਂ ਰੁਪਏ ਦਾ ਘਪਲਾ ਕਰ ਕੇ ਓਥੋਂਫਰਾਰ ਹੋ ਗਏ ਸਨ। ਟੀ ਐਨ ਏ ਅਖ਼ਬਾਰ ਨੂੰ ਤਿੰਨ ਗੁਪਤਾ ਭਰਾਵਾਂ ਅਜੈ, ਅਤੁਲ ਅਤੇ ਰਾਜੇਸ਼ ਨੇ ਸ਼ੁਰੂ ਕੀਤਾ ਸੀ। ਇਹ ਤਿੰਨੇ ਮੂਲ ਰੂਪ ਵਿੱਚ ਉਤਰ ਪ੍ਰਦੇਸ਼ ਦੇ ਸਹਾਰਨਪੁਰ ਦੇ ਵਾਸੀ ਸਨ। ਮੰਨਿਆ ਜਾਂਦਾ ਹੈ ਕਿ ਇਨ੍ਹਾਂ ਖਿਲਾਫ ਜਾਂਚ ਸ਼ੁਰੂ ਹੋਣ ਤੋਂ ਬਾਅਦ ਇਹ ਤਿੰਨੇ ਦੱਖਣੀ ਅਫਰੀਕਾ ਤੋਂ ਭੱਜ ਕੇ ਦੁਬਈ ਚਲੇ ਗਏ ਹਨ। ਅਪਰਾਧਕ ਕੇਸਾਂ ਦੀ ਜਾਂਚ ਦੇ ਲਈ ਦੱਖਣੀ ਅਫਰੀਕੀ ਪ੍ਰਸ਼ਾਸਨ ਇਨ੍ਹਾਂ ਦੀ ਹਵਾਲਗੀ ਕਰਾਉਣਾ ਚਾਹੁੰਦਾ ਹੈ। ਦੱਖਣੀ ਅਫਰੀਕੀ ਰਾਸ਼ਟਰਪਤੀ ਸਿਰਿਲ ਰਾਮਫੋਸਾ ਨੇ ਇਸ ਕਮਿਸ਼ਨ ਦੇ ਚੇਅਰਮੈਨ ਤੇ ਕਾਰਜਕਾਰੀ ਚੀਫ ਜਸਟਿਸ ਰੇਮੰਡ ਜੋਡੋ ਤੋਂ ਮੰਗਲਵਾਰ ਦੀ ਸ਼ਾਮ ਰਿਪੋਰਟ ਮਿਲਣ ਤੋਂ ਬਾਅਦ ਉਹਰਿਪੋਰਟ ਜਾਰੀ ਕਰ ਦਿੱਤੀ ਹੈ। ਇਸ ਵਿੱਚਦਰਜ ਹੈ ਕਿ ਸਾਬਕਾ ਰਾਸ਼ਟਰਪਤੀ ਜੁਮਾ ਉੱਤੇ ਗੁਪਤਾ ਭਰਾਵਾਂ ਦਾ ਡੂੰਘਾ ਅਸਰ ਸੀ। ਇਸੇ ਲਈ ਉਹ ਏਨੀ ਆਸਾਨੀ ਨਾਲ ਦੇਸ਼ ਦਾ ਅਰਬਾਂ ਰੁਪਿਆ ਲੁੱਟ ਕੇ ਦੇਸ਼ ਤੋਂ ਫਰਾਰ ਹੋ ਗਏ। ਕਮਿਸ਼ਨ ਦੀ ਰਿਪੋਰਟ ਵਿੱਚ ਇਸ ਗੱਲ ਦੇ ਪੁਖਤਾ ਸਬੂਤ ਹਨ ਕਿ ਗੁਪਤਾ ਭਰਾਵਾਂ ਨੇ ਸੋਚੀ ਸਮਝੀ ਰਣਨੀਤੀ ਬਣਾਈ ਤੇ ਉਸ ਦੇ ਤਹਿਤ ਹੀ ਸਰਕਾਰੀ ਕੰਪਨੀਆਂ ਨਾਲ ਘਪਲਾ ਕੀਤਾ ਹੈ। ਰਿਪੋਰਟ ਮੁਤਾਬਕ ਇਨ੍ਹਾਂ ਸਾਰੀਆਂ ਸਰਗਰਮੀਆਂ ਵਿੱਚ ਬਾਕਾਇਦਾ ਤਤਕਾਲੀ ਰਾਸ਼ਟਰਪਤੀ ਜੁਮਾ ਦਾ ਪੂਰਾ ਅਸਰ ਰਹਿੰਦਾ ਸੀ।

## ਅਫਗਾਨਿਸਤਾਨ ਆਰਮੀ ਵਿੱਚ ਸੁਸਾਇਡਰਾਂ ਦੇ ਨਾਲ ਮਹਿਲਾਵਾਂ ਸ਼ਾਮਲ

ਕਾਬੁਲ, 6 ਜਨਵਰੀ (ਪੋਸਟ ਬਿਊਰੋ)- 15 ਅਗਸਤ ਤੋਂ ਅਫਗਾਨਿਸਤਾਨ ਦੀ ਹਕੂਮਤ 'ਤੇ ਕਾਬਜ਼ ਤਾਲਿਬਾਨ ਨੇ ਆਪਣੇ ਖਤਰਨਾਕ ਇਰਾਦੇ ਫਿਰ ਜ਼ਾਹਿਰ ਕਰ ਦਿੱਤੇ ਹਨ।ਤਾਲਿਬਾਨ ਨੇ ਕਿਹਾ ਹੈ ਕਿ ਇਸਲਾਮਿਕ ਐਮਿਰੇਟਸ ਆਫ ਅਫਗਾਨਿਸਤਾਨ ਦੀ ਨਵੀਂ ਫ਼ੌਜ ਤਿਆਰ ਕੀਤੀ ਜਾ ਰਹੀ ਹੈ ਅਤੇ ਇਸ ਵਿੱਚ ਫਿਦਾਆਨੀ ਹਮਲਾਵਰ ਵੀ ਸ਼ਾਮਲ ਹੋਣਗੇ। ਤਾਲਿਬਾਨ ਦੇ ਮੁਤਾ-ਬਕ ਜੇ ਜ਼ਰੂਰਤ ਹੋਈ ਤਾਂ ਮਹਿਲਾਵਾਂ ਵੀ ਤਾਲਿਬਾਨੀ ਫ਼ੌਜ ਦਾ ਹਿੱਸਾ ਹੋਵੇਗੀਆਂ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਉਪਮੰਤਰੀ ਜਬੀਉਲਾਹ ਮੁਜ਼ਾਹਿਦ ਨੇ ਕਿਹਾ-ਅਫਗਾਨਿਸਤਾਨ ਦੀ ਨਵੀਂ ਫ਼ੌਜ ਤਿਆਰ ਕੀਤੀ ਜਾ ਰਹੀ ਹੈ। ਇਸ ਵਿੱਚ ਅਸੀਂ ਫਿਦਾਆਨੀ ਹਮਲਾਵਰਾਂ ਨੂੰ ਵੀ ਸ਼ਾਮਲ ਕਰ ਰਹੇ ਹਨ। ਇਸ ਦੀ ਇੱਕ ਪੂਰੀ ਬਟਾਲੀਅਨ ਬਣਾਈ ਜਾ ਰਹੀ ਹੈ। ਇਹ ਡਿਫੈਂਸ ਮਿਨਿਸਟ੍ਰੀ ਦੇ ਅੰਡਰ ਕੰਮ ਕਰੇਗੀ। ਜੇ ਫ਼ੌਜ ਨੂੰ ਜ਼ਰੂਰਤ ਮਹਿਸੂਸ ਹੁੰਦੀ ਹੈ ਤਾਂ ਮਹਿਲਾਵਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਜੇ ਪੁਰਾਣੀ ਫ਼ੌਜ ਦੇ ਕੁਝ ਸਪੈਸ਼ਲਿਸਟ ਫਿਰ ਤੋਂ ਦੇਸ਼ ਦੀ ਸੇਵਾ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

# ਇਮਰਾਨ ਦੇ ਖਿਲਾਫ ਅਦਾਲਤੀ ਸੰਮਨ ਦੀ ਚਿਤਾਵਨੀ

ਇਸਲਾਮਾਬਾਦ, 6 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਚੀਫ ਜਸਟਿਸ ਗੁਲਜ਼ਾਰ ਅਹਿਮਦ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ 2019 ਤੋਂ ਕੋਹਤ 'ਚ ਹਿਰਾਸਤ 'ਚ ਲਏ ਗਏ ਆਰਿਫ ਗੁਲ ਨੂੰ ਕੋਰਟ ਨੂੰ ਪੇਸ਼ ਨਾ ਕੀਤਾ ਗਿਆ ਤਾਂ ਸੁਪਰੀਮ ਕੋਰਟ ਪੀ ਐਮ ਇਮਰਾਨ ਖਾਨ ਖਿਲਾਫ ਸੰਮਨ ਜਾਰੀ ਕਰੇਗਾ।



ਡਾਨ ਅਖ਼ਬਾਰ ਦੀ ਰਿਪੋਰਟ ਮੁਤਾਬਕ ਪਾਕਿਸਤਾਨ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਗੁਲਜ਼ਾਰ ਅਹਿਮਦ ਨੇ ਸਰਕਾਰ ਤੋਂ ਪੁੱਛਿਆ ਕਿ ਜੇ ਆਰਿਫ ਗੁਲ ਨੂੰ ਅਦਾਲਤ 'ਚ ਪੇਸ਼ ਨਹੀਂ ਕੀਤਾ ਜਾ ਸਕਦਾ ਤਾਂ ਕੀ ਅਦਾਲਤਾਂ ਨੂੰ ਤਾਲਾ ਲਗਾ ਦਿੱਤਾ ਜਾਵੇ? ਤਿੰਨ ਜੱਜਾਂ ਦੀ ਬੈਂਚ ਦੀ ਅਗਵਾਈ ਕਰਦੇ ਹੋਏ ਜਸਟਿਸ ਗੁਲਜ਼ਾਰ ਅਹਿਮਦ ਨੇ ਆਰਿਫ ਗੁਲ ਦੇ ਪਰਵਾਰਕ ਮੈਂਬਰਾਂ ਵੱਲੋਂ ਦਾਇਰ ਹੈਬੀਅਸ ਕਾਰਪਸ ਪਟੀਸ਼ਨ ਨੂੰ ਸਵੀਕਾਰ ਕਰਦੇ ਹੋਏ ਉਸ ਦੇ ਬਾਰੇ 'ਚ ਇਮਰਾਨ ਸਰਕਾਰ ਤੋਂ ਜਾਣਕਾਰੀ ਤਲਬ ਕੀਤੀ ਹੈ।ਪਿਛਲੇ ਹਫਤੇ ਹੀ ਸੁਪਰੀਮ ਕੋਰਟ ਨੇ ਬੰਦੀ ਆਰਿਫ ਗੁਲ ਨੂੰ ਸੋਮਵਾਰ ਨੂੰ ਅਦਾਲਤ ਵਿੱਚ ਪੇਸ਼ ਕਰਨ ਲਈ ਕਿਹਾ ਸੀ, ਪਰ ਖੈਬਰ ਪਖਤੂਨਖਵਾ ਸੂਬੇ ਦੇ ਵਕੀਲ ਸਾਜਿਦ ਇਲੀਆਸ ਨੇ ਕਿਹਾ ਕਿ ਬੰਦੀ ਨੂੰ ਏਨੀ ਦੂਰ ਤੋਂ ਇੱਥੇ ਪੇਸ਼ ਕਰ ਸਕਣਾ ਬੇਹੱਦ ਮੁਸ਼ਕਲ ਹੈ। ਕਿਉਂਕਿ ਇਸਲਾਮਾਬਾਦ ਤੋਂ ਕੋਹਤ ਦੀ ਦੂਰੀ ਕਾਫੀ ਜ਼ਿਆਦਾ ਹੈ। ਜਸਟਿਸ ਅਹਿਮਦ ਨੇ ਵਕੀਲ ਨੂੰ ਕਿਹਾ ਸੀ ਕਿ ਜੇ ਗੁਲ ਨੂੰ ਕੋਰਟ ਵਿੱਚ ਪੇਸ਼ ਨਹੀਂ ਕੀਤਾ ਗਿਆ ਤਾਂ ਨਿਆਂਪਾਲਿਕਾ ਕੋਲ ਇੰਨੀ ਤਾਕਤ ਹੈ ਕਿ ਉਹ ਸਮੁੱਚੇ ਰੱਖਿਆ ਮੰਤਰਾਲੇ ਨੂੰ ਸੰਮਨ ਜਾਰੀ ਕਰ ਸਕਦਾ ਹੈ।

ਇੱਕ ਹੋਰ ਖਬਰ ਅਨੁਸਾਰ ਪਾਕਿਸਤਾਨੀ ਜੱਜਾਂ ਦੇ ਇੱਕਵਰਗ ਨੇ ਆਪਣੀ ਖੋਖਲੀ ਸੋਚ ਨੂੰ ਉਜਾਗਰ ਕਰਦੇ ਹੋਏ ਚੀਫ ਜਸਟਿਸ ਗੁਲਜ਼ਾਰ ਅਹਿਮਦ ਨੂੰ ਪੱਤਰ ਲਿਖ ਕੇ ਪਾਕਿ-ਸਤਾਨ ਦੇ ਨਿਆਂਇਕ ਕਮਿਸ਼ਨ ਦੀ ਬੈਠਕ ਨੂੰ ਮੁਲਤਵੀ ਕਰਨ ਲਈ ਕਿਹਾ ਹੈ। ਇਸੇ ਬੈਠਕ 'ਚ ਲਾਹੌਰ ਹਾਈ ਕੋਰਟ ਦੀ ਜਸਟਿਸ ਆਇਸ਼ਾ ਏ ਮਲਿਕ ਨੂੰ ਤਰੱਕੀ ਦੇ ਕੇ ਸੁਪਰੀਮ ਕੋਰਟ ਵਿੱਚ ਲਿਆਉਣ 'ਤੇ ਫੈਸਲਾ ਹੋਣਾ ਹੈ। ਅਜਿਹਾ ਹੋਣ ਦੀ ਸੂਰਤ ਵਿੱਚ ਪਾਕਿਸਤਾਨੀ ਨਿਆਂਪਾਲਿਕਾ ਦੇ ਇਤਿਹਾਸ ਵਿੱਚ ਆਇਸ਼ਾ ਸੁਪਰੀਮ ਕੋਰਟ 'ਚ ਪਹਿਲੀ ਮਹਿਲਾ ਜੱਜ ਬਣੇਗੀ, ਪਰ ਅਜਿਹਾ ਹੋਣ ਨਾਲ ਪਹਿਲਾਂ ਹੀ ਉਨ੍ਹਾਂ ਦੇ ਰਸਤੇ ਵਿੱਚ ਅੜਿੱਕਾ ਆਉਣ ਲੱਗਾ ਹੈ। ਪਾਕਿ-ਸਤਾਨ ਬਾਰ ਕੌਂਸਲ (ਪੀ ਬੀ ਸੀ) ਦੇ ਪ੍ਰਧਾਨ ਖੁਸ਼ਦਿਲ ਖਾਨ ਤੇ ਕਾਰਜਕਾਰੀ ਕਮੇਟੀ ਦੇ ਪ੍ਰਧਾਨ ਮੁਹੰਮਦ ਮਸੂਦ ਚਿਸ਼ਤੀ ਨੇ ਅਜਿਹਾ ਨਾ ਕੀਤੇ ਜਾਣ ਦੀ ਸੂਰਤ 'ਚ ਕੋਰਟ ਦੀਆਂ ਸਾਰੀਆਂ ਸੁਣਵਾਈਆਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ।

# ਇੰਗਲੈਂਡ ਆਉਣ ਵਾਲੇ ਯਾਤਰੀਆਂ ਲਈ ਪੀ ਸੀ ਆਰ ਟੈਸਟ ਤੋਂ ਛੋਟ

ਲੰਡਨ, 6 ਜਨਵਰੀ (ਪੋਸਟ ਬਿਊਰੋ)- ਯੂ ਕੇ ਸਰਕਾਰ ਨੇ ਇੰਗਲੈਂਡ ਵਿੱਚ ਪੀ ਸੀ ਆਰ ਟੈਸਟ ਕਰਵਾਉਣ ਤੋਂ ਛੋਟ ਦੇਣ ਦਾ ਐਲਾਨ ਕੀਤਾ ਹੈ। ਇਹ ਨਿਯਮ 11 ਜਨਵਰੀ ਤੋਂ ਲਾਗੂ ਹੋਣਗੇ, ਜਦਕਿ ਯੂ ਕੇ ਆਉਣ ਵਾਲੇ ਯਾਤਰੀਆਂ ਨੂੰ ਇਸ ਸ਼ੁੱਕਰਵਾਰ ਤੋਂ ਅਗਾਊਂ ਅਤੇ ਯੂ ਕੇ ਪਹੁੰਚਣ ਉੱਤੇ ਦੂਜੇ ਦਿਨ ਤਕ ਪੀ ਸੀ ਆਰ ਟੈਸਟ ਕਰਵਾਉਣ ਤੋਂ ਛੋਟ ਦੇਣ ਦਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਸੰਸਦ ਵਿੱਚ ਐਲਾਨ ਕੀਤਾ ਹੈ।

ਇਸ ਦੇ ਬਾਅਦ ਯਾਤਰੀਆਂ ਦੇ ਇੰਗਲੈਂਡ ਪਹੁੰਚਣ ਉੱਤੇ ਦੂਜਾ ਦਿਨ ਖਤਮ ਹੋਣ ਤੋਂ ਪਹਿਲਾਂ ਕੋਵਿਡ-19 ਦੀ ਪੁਸ਼ਟੀ ਲਈ ਲੇਟਰਲ ਫਲੋਅ ਟੈਸਟ ਕਰਨਾ ਜ਼ਰੂਰੀ ਹੋਵੇਗਾ। ਇਸ ਦੇ ਨਾਲ ਯੂ ਕੇ ਦੀ ਸਿਹਤ ਸੁਰੱਖਿਆ ਏਜੰਸੀ ਨੇ ਕਿਹਾ ਹੈ ਕਿ ਜਿਹੜੇ ਲੋਕਾਂ ਨੂੰ ਕੋਵਿਡ 19 ਦੀ ਪੁਸ਼ਟੀ ਲੇਟਰਲ ਫਲੋਅ ਟੈਸਟਾਂ ਰਾਹੀਂ ਹੋ ਜਾਂਦੀ ਹੈ ਪਰ ਉਨ੍ਹਾਂ ਨੂੰ ਕੋਈ ਲੱਛਣ ਨਹੀਂ (ਜਿਵੇਂ ਤੇਜ਼ ਬੁਖਾਰ, ਲਗਾਤਾਰ ਖੰਘ, ਬਾਸ਼ਨਾ ਜਾਂ ਸਵਾਦ ਦਾ ਚਲੇ ਜਾਣਾ), ਉਨ੍ਹਾਂ ਨੂੰ ਪੀ ਸੀ ਆਰ ਟੈਸਟ ਕਰਾਉਣ ਦੀ ਜ਼ਰੂਰਤ ਨਹੀਂ ਹੋਵੇਗੀ, ਪਰ ਪਾਜ਼ਿਟਿਵ ਹੋਏ ਲੋਕਾਂ ਨੂੰ ਸੱਤ ਦਿਨ ਇਕਾਂਤਵਾਸ ਕਰਨਾ ਤੇ ਪਾਜ਼ੀਟਿਵ ਨਤੀਜਾ ਸਰਕਾਰ ਦੀ ਸਾਈਟ ਉੱਤੇ ਰਜਿਸਟਰ ਕਰਨਾ ਜ਼ਰੂਰੀ ਹੈ

# ਬ੍ਰਿਸਬੇਨ ਵਿੱਚ ਰੈਸਟੋਰੈਂਟ ਤੇ ਕੈਫੇ ਕਾਮਿਆਂ ਤੋਂ ਵਾਂਝੇ

ਬ੍ਰਿਸਬੇਨ, 6 ਜਨਵਰੀ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਰੈਸਟੋਰੈਂਟ ਅਤੇ ਕੈਫੇ ਮਾਲਕ ਹੁਨਰਮੰਦ ਕਾਮਿਆਂ ਅਤੇ ਖਾਸ ਕਰ ਕੇ ਕੌਮਾਂਤਰੀ ਵਿਦਿਆਰਥੀਆਂ ਤੋਂ ਬਿਨਾਂ ਆਮ ਕਰਮਚਾਰੀਆਂ ਨਾਲ ਸੰਘਰਸ਼ ਕਰ ਰਹੇ ਹਨ। ਦੇਸ਼ ਦੇ ਹੋਰਨਾਂ ਰਾਜਾਂ ਵਾਂਗ ਸੂਬਾ ਕੁਈਨਜ਼ਲੈਂਡ ਦਾ ਬ੍ਰਿਸਬੇਨ ਸ਼ਹਿਰ ਵੀ ਰੈਸਟੋਰੈਂਟਾਂ ਨਾਲ ਭਰਿਆ ਹੋਇਆ ਹੈ। ਇੱਥੋਂ ਦੇ ਰੈਸਟੋਰੈਂਟ ਮਾਲਕਾਂ ਦਾ ਮੰਨਣਾ ਹੈ ਕਿ ਕੌਮਾਂਤਰੀ ਵਿਦਿਆਰਥੀਆਂ ਦੀ ਕਮੀ ਕਾਰਨ ਕਾਰੋਬਾਰਾਂ ਨੂੰ ਲੰਮੇ ਸਮੇਂ ਲਈ ਨੁਕਸਾਨ ਝੱਲਣਾ ਪੈ ਰਿਹਾ ਹੈ, ਜਦ ਕਿ ਕੋਰੋਨਾ ਮਹਾਮਾਰੀ ਕਾਰਨ ਪਹਿਲਾਂ ਹੀ ਵਪਾਰ ਵਿੱਚ ਨੁਕਸਾਨ ਹੋ ਰਿਹਾ ਹੈ।

ਸੰਨੀਬੈਂਕ ਚੈਂਬਰ ਆਫ ਕਾਮਰਸ ਤੋਂ ਫਰਿਆ ਓਸਟੋਪੋਵਿਚ ਨੇ ਕਿਹਾ ਕਿ ਵਿਦਿਆਰਥੀਆਂ ਦੇ ਲਈ ਪੜ੍ਹਾਈ ਦੇ ਦੌਰਾਨ ਇਸ ਖੇਤਰ ਵਿੱਚ ਕੰਮ ਕਰਨਾ ਆਮ ਗੱਲ ਹੈ, ਪਰ ਜਦੋਂ ਤੋਂ ਕੋਵਿਡ-19 ਮਹਾਮਾਰੀ ਫੈਲੀ ਹੈ, ਕਰੀਬ 37,595 ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਕੁਈਨਜ਼ਲੈਂਡ ਛੱਡ ਦਿੱਤਾ ਹੈ ਅਤੇ ਅੱਜਕੱਲ੍ਹ ਕਾਮਿਆਂ ਦੀ ਘਾਟ ਇਨ੍ਹਾਂ ਵਪਾਰਾਂ ਨੂੰ ਤਬਾਹ ਕਰ ਰਹੀ ਹੈ। 'ਸਰਦਾਰ ਜੀ ਇੰਡੀਅਨ ਰੈਸਟੋਰੈਂਟ' ਦੇ ਮਾਲਕ ਗੁਰਮੀਤ ਸਿੰਘ ਅਤੇ ਸਿਤਾਰ ਤੋਂ ਸੁਮਿਤ ਨੇ ਕਿਹਾ ਕਿ 2020 ਵਿੱਚ ਇਹ ਧਿਆਨ ਦੇਣ ਯੋਗ ਨਹੀਂ ਸੀ, ਕਿਉਂਕਿ ਰੈਸਟੋਰੈਂਟ ਕਾਫੀ ਸਮੇਂ ਲਈ ਬੰਦ ਹੋ ਗਏ ਸਨ, ਪਰ ਹੌਲੀ-ਹੌਲੀ ਸਟਾਫ ਦੂਰ ਹੋਣਾ ਸ਼ੁਰੂ ਹੋ ਗਿਆ, ਕਿਉਂਕਿ ਵਿਦਿਆਰਥੀਆਂ ਨੂੰ ਵਾਪਸ ਜਾਣਾ ਪਿਆ। ਅੱਜਕੱਲ੍ਹ ਕੰਮ ਤਾਂ ਹੈ, ਪਰ ਕਾਮਿਆਂ ਦੀ ਕਮੀ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਮੌਜੂਦਾ ਸਰਕਾਰੀ ਨੀਤੀਆਂ ਸਥਾਨਕ ਕਾਰੋਬਾਰਾਂ ਦੀ ਤੇਜ਼ੀ ਨਾਲ ਮਦਦ ਕਰਨ ਤੋਂ ਅਸਫਲ ਹੋਈਆਂ ਹਨ। ਪੰਜਾਬੀ ਪੈਲੇਸ ਦੇ ਮਾਲਕ ਬੱਲੀ ਸਿੰਘ ਨੇ ਦੱਸਿਆ ਕਿ ਪਹਿਲਾਂ ਕੋਵਿਡ ਕਾਰਨ ਬਹੁਤ ਸਾਰੇ ਕਾਰੋਬਾਰ ਬੰਦ ਕਰਨੇ ਪਏ ਅਤੇ ਸਟਾਫ ਦੀ ਵੱਡੀ ਘਾਟ ਦੇ ਕਾਰਨ ਪਿਛਲੇ ਦੋ ਸਾਲਾਂ ਤੋਂ ਆਸਾਮੀਆਂ ਖਾਲੀ ਪਈਆਂ ਹਨ। ਇੰਡੀਅਨ ਬ੍ਰਦਰਜ਼ ਦੇ ਮਾਲਕ ਰਾਜ ਸਿੰਘ ਭਿੰਦਰ ਨੇ ਦੱਸਿਆ ਕਿ ਕਾਮਿਆਂ ਦੀ ਘਾਟ ਕਾਰਨ ਉਨ੍ਹਾਂ ਦੇ ਪੰਜਾਂ ਵਿੱਚੋਂ ਦੋ ਰੈਸਟੋਰੈਂਟ, ਇੱਕ ਫੂਡ ਟਰੱਕ ਤੇ ਕੈਟਰਿੰਗ ਦਾ ਕੰਮ ਠੱਪ ਪਿਆ ਹੈ। ਉਨ੍ਹਾਂ ਕਿਹਾ ਕਿ ਨਵੇਂ ਨਿਯਮਾਂ ਵਿੱਚ ਪਾੜ੍ਹਿਆਂ ਨੂੰ ਪੱਕੇ ਹੋਣ ਲਈ ਤਿੰਨ ਸਾਲਾਂ ਦਾ ਤਜਰਬਾ ਅਤੇ ਆਈਲੈਟਸ ਵਿੱਚ ਸੱਤ ਬੈਂਡ ਜ਼ਰੂਰੀ ਹਨ।

# ਸ੍ਰੀਲੰਕਾ ਵਿੱਚ ਵੀ ਚੀਨ ਪੈਰ ਪਸਾਰ ਰਿਹੈ

*** ਜਿਨ੍ਹਾਂ 'ਤੇ ਨਹੀਂ ਸੀ ਟਾਪੂ ਦੇਸ਼ ਦਾ ਧਿਆਨ 'ਤੇ ਉਥੇ ਕਬਜ਼ਾ**

ਕੋਲੰਬੋ, 6 ਜਨਵਰੀ (ਪੋਸਟ ਬਿਊਰੋ)- ਚੀਨ ਹੁਣ ਸ੍ਰੀਲੰਕਾ ਵਿੱਚ ਆਪਣੇ ਪੈਰ ਪਸਾਰਦਾ ਜਾ ਰਿਹਾ ਹੈ। ਖਾਸ ਕਰ ਕੇ ਉਨ੍ਹਾਂ ਇਲਾਕਿਆਂ 'ਚ ਉਸ ਦੀ ਪਕੜ ਮਜ਼ਬੂਤ ਹੁੰਦੀ ਜਾ ਰਹੀ ਹੈ ਜਿਨ੍ਹਾਂ 'ਤੇ ਇਸ ਟਾਪੂ ਦੇਸ਼ ਦਾ ਧਿਆਨ ਨਹੀਂ ਸੀ ਤੇ ਉਹ ਪੱਛੜੇ ਹੋਏ ਸਨ। ਹੁਣ ਇਨ੍ਹਾਂ ਖੇਤਰਾਂ ਨੂੰ ਚੀਨ ਨੇ ਹਿੰਦ ਮਹਾਸਾਗਰ 'ਚ ਆਪਣੀ ਪੈਠ ਵਧਾਉਣ ਲਈ ਬੈਲਟ ਐਂਡ ਰੋਡ ਪ੍ਰੋਜੈਕਟ (ਬੀ ਆਰ ਆਈ) ਦਾ ਹਿੱਸਾ ਬਣਾਉਣਾ ਤੈਅ ਕਰ ਲਿਆ ਹੈ। ਜਾਪਾਨ ਤੋਂ ਲੈ ਕੇ ਸ੍ਰੀਲੰਕਾ ਤਕ ਚੀਨ ਆਪਣੇ ਪੈਰ ਪੱਕੇ ਕਰ ਚੁੱਕਾ ਹੈ। ਉਸ ਦੀ ਨੀਅਤ ਨੂੰ ਦੇਖਦੇ ਹੋਏ ਸਾਰੇ ਦੇਸ਼ ਉਸ ਬਾਰੇ ਕਾਫੀ ਚੌਕਸ ਹਨ।

ਜਾਪਾਨ ਵੱਲੋਂ ਸੋਮਵਾਰ ਨੂੰ ਹੀ ਕਿਹਾ ਗਿਆ ਸੀ ਕਿ ਚੀਨ ਦੇ ਜੰਗੀ ਬੇੜਿਆਂ ਨੇ ਪਿਛਲੇ ਸਾਲ ਲਗਭਗ 323 ਵਾਰ ਉਨ੍ਹਾਂ ਦੀ ਜਲ ਸਰਹੱਦ 'ਤੇ ਕਬਜ਼ਾ ਕੀਤਾ ਸੀ। ਓਧਰ 2020 'ਚ ਕਬਜ਼ੇ ਦੀ ਇਹ ਗਿਣਤੀ 322 ਸੀ। ਦੂਜੇ ਪਾਸੇ, ਹੁਣ ਚੀਨ ਸ੍ਰੀਲੰਕਾ 'ਚ ਵੀ ਤੇਜ਼ੀ ਨਾਲ ਆਪਣੇ ਘੇਰੇ ਨੂੰ ਵਧਾਉਣ ਲੱਗਾ ਹੈ। ਇਸ ਲਈ ਚੀਨ ਨੇ ਸ੍ਰੀਲੰਕਾ ਦੇ ਉਨ੍ਹਾਂ ਇਲਾਕਿਆਂ ਨੂੰ ਚੁਣਿਆ ਹੈ ਜਿਨ੍ਹਾਂ 'ਤੇ ਲੋਕਾਂ ਦਾ ਧਿਆਨ ਘੱਟ ਗਿਆ ਹੈ।ਸ੍ਰੀਲੰਕਾ ਨੂੰ ਹੁਣ ਆਪਣੀ ਬੈਲਟ ਐਂਡ ਰੋਡ ਇਨੀਸ਼ੀਏਟਿਵ ਤਹਿਤ ਰਣਨੀਤਕ ਨਜ਼ਰੀਏ ਤੋਂ ਅਹਿਮ ਜਗ੍ਹਾ ਬਣਾਉਣਾ ਚਾਹੁੰਦਾ ਹੈ। ਉਸ ਦਾ ਇਰਾਦਾ ਸਿਰਫ ਇੱਥੋਂ ਤੱਕ ਨਹੀਂ ਹੈ, ਬਲਕਿ ਉਹ ਇਸ ਦੇ ਜ਼ਰੀਏ ਹਿੰਦ ਮਹਾਸਾਗਰ 'ਚ ਆਪਣੀ ਮੌਜੂਦਗੀ ਤੇ ਭਾਰਤ 'ਤੇ ਨਜ਼ਰ ਰੱਖਣ ਲਈ ਵੀ ਇਸਤੇਮਾਲ ਕਰਨਾ ਚਾਹੁੰਦਾ ਹੈ।ਪਾਲਿਸੀ ਰਿਸਰਚ ਗਰੁੱਪ ਦੇ ਇੱਕ ਲੇਖ 'ਚ ਇੱਥੋਂ ਤਕ ਕਿਹਾ ਗਿਆ ਹੈ ਕਿ ਚੀਨ ਸ੍ਰੀਲੰਕਾ 'ਚ ਤੇਜ਼ੀ ਨਾਲ ਆਪਣੇ ਪੈਰ ਪਸਾਰ ਰਿਹਾ ਹੈ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਹਾਲ ਹੀ ਵਿੱਚ ਸ੍ਰਿਲੰਕਾ ਵਿੱਚ ਮੌਜੂਦ ਚੀਨ ਦੇ ਰਾਜਦੂਤ ਕੀ ਝੇਂਗਹੋਂਗ ਨੇ ਉਤਰੀ ਸੂਬੇ ਦੇ ਤਾਮਿਲ ਬਹੁਗਿਣਤੀ ਵਾਲੇ ਇਲਾਕੇ ਦਾ ਦੌਰਾ ਕੀਤਾ ਸੀ। ਇਹ ਦੌਰਾ ਕ੍ਰਿਸਮਸ ਤੋਂ ਪਹਿਲਾਂ ਕੀਤਾ ਗਿਆ ਸੀ। ਹਾਲਾਂਕਿ ਇਸ ਨੂੰ ਚੀਨ ਨੇ ਇੱਕ ਪਰਵਾਰਕ ਦੌਰਾ ਦੱਸਿਆ ਹੈ। ਚੀਨ ਦੇ ਦੂਤਘਰ ਵੱਲੋਂ ਕਿਹਾ ਗਿਆ ਹੈ ਕਿ ਰਾਜਦੂਤ ਦਾ ਇਹ ਤਿੰਨ ਦਿਨਾਂ ਦੌਰਾ ਇੱਕ ਸਟੱਡੀ ਟੂਰ ਸੀ। ਇਸ ਦੀ ਕਾਫੀ ਸਮੇਂ ਤੋਂ ਯੋਜਨਾ ਸੀ, ਪਰ ਕੋਰੋਨਾ ਮਹਾਮਾਰੀ ਕਾਰਨ ਇਸ 'ਚ ਵਾਰ-ਵਾਰ ਦੇਰੀ ਹੁੰਦੀ ਗਈ। ਹਾਲਾਂਕਿ, ਚੀਨ 'ਤੇ ਨਜ਼ਰ ਰੱਖਣ ਵਾਲੇ ਜਾਣਕਾਰ ਇਸ ਦੌਰੇ ਨੂੰ ਸਿਰਫ ਸਟੱਡੀ ਟੂਰ ਨਹੀਂ ਮੰਨ ਰਹੇ। ਇਨ੍ਹਾਂ ਦਾ ਮੰਨਣਾ ਹੈ ਕਿ ਚੀਨੀ ਰਾਜਦੂਤ ਦਾ ਇਹ ਦੌਰਾ ਉਨ੍ਹਾਂ ਦੀ ਰਣਨੀਤੀ ਦਾ ਹਿੱਸਾ ਸੀ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਚੀਨ ਸ੍ਰੀਲੰਕਾ 'ਚ ਆਪਣੀ ਰਣਨੀਤਕ ਯੋਜਨਾ 'ਤੇ ਕੰਮ ਕਰ ਰਿਹਾ ਹੈ। ਇਸ 'ਚ ਖਾਸ ਤੌਰ 'ਤੇ ਚੀਨ ਨੇ ਉਨ੍ਹਾਂ ਇਲਾਕਿਆਂ ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾਈ ਹੈ ਜਿਨ੍ਹਾਂ 'ਤੇ ਸਰਕਾਰ ਦਾ ਧਿਆਨ ਵੀ ਘੱਟ ਗਿਆ ਹੈ ਤੇ ਜੋ ਲਾਈਮਲਾਈਟ ਤੋਂ ਬਾਹਰ ਵੀ ਹਨ। ਝੇਂਗਹੋਂਗ ਨੇ ਆਪਣੇ ਦੌਰੇ 'ਤੇ ਜਾਫਨਾ ਦੀ ਪਬਲਿਕ ਲਾਇਬਰੇਰੀ ਨੂੰ ਵੀ ਦੇਖਿਆ ਤੇ ਉਥੇ ਫੂਡ ਪੈਕੇਟ ਵੀ ਵੰਡੇ। ਇਸ ਨੂੰ ਉਨ੍ਹਾਂ ਸਥਾਨਕ ਲੋਕਾਂ ਨਾਲ ਸੰਬੰਧਾਂ ਨੂੰ ਮਜ਼ਬੂਤ ਕਰਨਾ ਦੱਸਿਆ ਹੈ। ਉਹ ਜਾਫਨਾ ਨੇੜੇ ਇੱਕ ਮੰਦਰ 'ਚ ਵੀ ਗਏ।ਚੀਨੀ ਰਾਜਦੂਤ ਦਾ ਇਹ ਉਤਰੀ ਖੇਤਰ 'ਚ ਇਸ ਤਰ੍ਹਾਂ ਦਾ ਪਹਿਲਾ ਦੌਰਾ ਸੀ। ਇੱਥੇ ਰਹਿਣ ਵਾਲੇ ਲੋਕ ਰਿਵਾਇਤੀ ਤੌਰ 'ਤੇ ਭਾਰਤ ਦੇ ਕਾਫੀ ਨੇੜੇ ਮੰਨੇ ਜਾਂਦੇ ਹਨ। ਇਹੀ ਕਾਰਨ ਹੈ ਕਿਸੇ ਉਤਰੀ ਹਿੱਸੇ 'ਚ ਰਹਿਣ ਵਾਲੇ ਸ੍ਰੀਲੰਕਾਈ ਲੋਕ ਇੱਥੇ ਚੀਨੀ ਨਿਵੇਸ਼ ਦੇ ਖਿਲਾਫ ਰਹੇ ਹਨ।




# ਮੋਦੀ ਦੀ ਰੈਲੀ ਰੱਦ ਹੋਣ ਬਾਰੇ ਵੀ ਵੱਖੋ-ਵੱਖ ਸਿਆਸੀ ਧਿਰਾਂ ਵੱਖੋ-ਵੱਖ ਬੋਲੀ ਬੋਲੀਆਂ

ਚੰਡੀਗੜ੍ਹ, 6 ਜਨਵਰੀ, (ਪੋਸਟ ਬਿਊਰੋ)- ਅੱਜ ਬੁੱਧਵਾਰ ਨੂੰ ਫਿਰੋਜ਼ਪੁਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੋਣ ਰੈਲੀ ਰੱਦ ਹੋਣ ਤੋਂ ਬਾਅਦ ਪੰਜਾਬ ਵਿੱਚਵਿਵਾਦ ਛਿੜ ਗਿਆ ਹੈ।

ਇਸ ਸੰਬੰਧ ਵਿੱਚ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਇਕ ਟਵੀਟ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੱਦ ਹੋਈ ਰੈਲੀ ਬਾਰੇ ਪੰਜਾਬ ਸਰਕਾਰ ਉੱਤੇ ਸਵਾਲ ਚੁੱਕੇ ਹਨ। ਉਨ੍ਹਾਂ ਨੇ ਟਵੀਟ ਕਰ ਕਿਹਾ ਕਿ ਪੰਜਾਬ ਵਿੱਚ ਹਰ ਵਿਅਕਤੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ ਅਤੇ ਭਾਵੇਂ ਕਿੰਨੇ ਵੀ ਮਤਭੇਦ ਹੋਣ, ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਕਮੀ ਬੇਹੱਦ ਚਿੰਤਾਜਨਕ ਹੈ।



ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਸ ਘਟਨਾ ਨੇ ਦੱਸ ਦਿੱਤਾ ਹੈ ਕਿ ਪੰਜਾਬ ਸਰਕਾਰ ਦਾ ਸਥਿਤੀ ਉੱਤੇ ਕੰਟਰੋਲ ਨਹੀਂ ਤੇ ਉਹ ਪ੍ਰਧਾਨ ਮੰਤਰੀ ਨੂੰ ਵੀ ਮੁਕੰਮਲ ਸੁਰੱਖਿਆ ਨਹੀਂ ਦੇ ਸਕੀ।

ਦੂਸਰੇ ਪਾਸੇ ਬਹੁਜਨ ਸਮਾਜ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਪੰਜਾਬ ਦੇ ਲੋਕਾਂ ਨੂੰ ਅੰਦੋਲਨਜੀਵੀ, ਅੱਤਵਾਦੀ ਤੇ ਹੋਰ ਕਈ ਨਾਵਾਂ ਨਾਲ ਪੁਕਾਰਨ ਵਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੀ ਪਵਿੱਤਰ ਧਰਤੀ ਉੱਤੇ ਪੈਰ ਪਾਏ, ਇਹ ਕੁਦਰਤ ਵੀ ਨਹੀਂ ਚਾਹੁੰਦੀ।ਉਨ੍ਹਾਂ ਕਿਹਾ ਕਿ ਸੰਘਰਸ਼ ਕਰਦੇ ਪੰਜਾਬ ਦੇ ਕਿਸਾਨਾਂ ਨੂੰ ਸੜਕਾਂ ਤੇ ਬਿਠਾਉਣ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਫਲਾਪ ਕਰਨ ਵਿੱਚ ਕੁਦਰਤ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦਾ ਪੰਜਾਬ ਤੋਂ “ਜ਼ਿੰਦਾ ਬਚ ਕੇ ਵਾਪਸ ਆ ਗਿਆ ਦਾ ਬਿਆਨ ਪੰਜਾਬ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ, ਅਸਲ ਵਿੱਚਇਹ ਭਾਜਪਾ ਦੀਆਂ ਹਿਟਲਰਸ਼ਾਹੀ ਨੀਤੀਆਂ ਦਾਪੰਜਾਬੀਆਂ ਵੱਲੋਂ ਮੋੜਵਾਂ ਜਵਾਬ ਹੈ। ਪੰਜਾਬੀਆਂ ਨੇ ਮੋਦੀ ਨੂੰ ਇੱਕੀਆਂ ਦੀ ’ਕੱਤੀ ਕਰਕੇ ਮੋੜਿਆ ਹੈ।”

ਕਾਂਗਰਸ ਪਾਰਟੀ ਨੇ ਬੁੱਧਵਾਰ ਨੂੰ ਦਿੱਲੀ ਵਿੱਚ ਕਿਹਾ ਕਿ ਪੰਜਾਬ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਲਈ ਸੁਰੱਖਿਆ ਦੇ ਪੂਰੇ ਪ੍ਰਬੰਧ ਸਨ, ਪਰ ਭੀੜ ਨਾ ਹੋਣ ਕਾਰਨ ਇਹ ਰੈਲੀ ਰੱਦ ਕੀਤੀ ਗਈ ਹੈ। ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਭਾਜਪਾ ਦੇ ਪ੍ਰਧਾਨ ਜੇ ਪੀ ਨੱਢਾ ਉੱਤੇ ਪਲਟਵਾਂ ਵਾਰ ਕਰਦੇ ਹੋਏ ਕਿਹਾ ਕਿ ਦੋਸ਼ ਮੜ੍ਹਨ ਦੀ ਥਾਂ ਭਾਜਪਾ ਅਤੇ ਪ੍ਰਧਾਨ ਮੰਤਰੀ ਨੂੰ ਆਪਣੇ ਕਿਸਾਨ ਵਿਰੋਧੀ ਰਵੱਈਏਦਾ ਰਿਵੀਊ ਕਰਨਾ ਚਾਹੀਦਾ ਹੈ।

# ਸਰਕਾਰੀ ਹਸਪਤਾਲ ਢੁੱਡੀਕੇ ਵਿਖੇ 15 ਤੋਂ 18 ਸਾਲ ਦੇ ਬੱਚਿਆਂ ਲਈ ਕੋਵਿਡ ਵੈਕਸੀਨ ਦੀ ਸ਼ੁਰੂਆਤ

ਢੁੱਡੀਕੇ, 6 ਜਨਵਰੀ 2022 (ਪੋਸਟ ਬਿਊਰੋ): ਸਿਵਲ ਸਰਜਨ ਮੋਗਾ ਡਾ. ਹਤਿੰਦਰ ਕੌਰ ਕਲੇਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਸੀਨੀਅਰ ਮੈਡੀਕਲ ਅਫਸਰ ਢੁੱਡੀਕੇ ਡਾ. ਸੁਰਿੰਦਰ ਸਿੰਘ ਝੱਮਟ ਦੀ ਯੋਗ ਅਗਵਾਈ ਵਿੱਚ ਬਲਾਕ ਢੁੱਡੀਕੇ ਵਿਖੇ 15 ਤੋਂ 18 ਸਾਲ ਤੱਕ ਦੇ ਬੱਚਿਆਂ ਲਈ ਕੋਵਿਡ ਵੈਕਸੀਨ ਦੀ ਸ਼ੁਰੂਆਤ ਕੀਤੀ ਗਈ। ਅੱਜ ਢੁੱਡੀਕੇ ਹਸਪਤਾਲ ਵਿਖੇ ਬੱਚਿਆਂ ਲਈ ਕੋਵਿਡ ਵੈਕਸੀਨ ਦਾ ਪਹਿਲਾ ਟੀਕਾ ਸਟਾਫ ਨਰਸ ਕਿਰਨਦੀਪ ਕੌਰ ਵੱਲੋਂ ਲਗਾਇਆ ਗਿਆ। ਸਰਕਾਰ ਵੱਲੋਂ ਮੰਗਾਂ ਨਾ ਮੰਨਣ ਦੇ ਕਾਰਣ ਹੜਤਾਲ ਤੇ ਚੱਲ ਰਹੇ ਮੁਲਾਜਮਾਂ ਵੱਲੋਂ ਲੋਕ ਹਿੱਤ ਲਈ ਵੈਕਸੀਨੇਸ਼ਨ ਦੀ ਸ਼ੁਰੂਆਤ ਕੀਤੀ ਗਈ ਹੈ ।




ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਢੁੱਡੀਕੇ ਡਾ. ਸੁਰਿੰਦਰ ਸਿੰਘ ਝੱਮਟ ਨੇ ਕਿਹਾ ਕਿ ਕਰੋਨਾ ਵਾਈਰਸ ਦੇ ਨਵੇਂ ਵੇਰੀਐਂਟ ਓਮੀਕ੍ਰੋਨ ਦਾ ਖਤਰਾ ਦੇਸ਼ ਭਰ ਵਿੱਚ ਵਧਦਾ ਜਾ ਰਿਹਾ ਹੈ, ਸੋ ਸਿਹਤ ਵਿਭਾਗ ਦੇ ਹੁਕਮਾਂ ਅਨੁਸਾਰ ਅੱਜ ਤੋਂ ਸਰਕਾਰੀ ਹਸਪਤਾਲ ਢੁੱਡੀਕੇ ਵਿਖੇ ਰੋਜਾਨਾ 15 ਤੋਂ 18 ਸਾਲ ਤੱਕ ਦੇ ਬੱਚਿਆਂ ਦੇ ਮੁਫਤ ਕੋਵਿਡ ਵੈਕਸੀਨ ਲੱਗੇਗੀ। ਉਹਨਾਂ ਕਿਹਾ ਕਿ ਇਹ ਵੈਕਸੀਨ ਬੱਚਿਆਂ ਲਈ ਪੂਰੀ ਤਰਾਂ ਸੁਰੱਖਿਅਤ ਹੈ ਅਤੇ ਵੈਕਸੀਨ ਡਾਕਟਰਾਂ ਦੀ ਨਿਗਰਾਨੀ ਵਿੱਚ ਲਗਾਈ ਜਾਂਦੀ ਹੈ । ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਨਿਡਰ ਹੋ ਕੇ ਆਪਣੇ 15 ਸਾਲ ਤੋਂ ਉਪਰ ਦੇ ਬੱਚਿਆਂ ਦੇ ਕੋਵਿਡ ਵੈਕਸੀਨ ਲਗਵਾਉਣ।

ਕੋਵਿਡ ਵੈਕਸੀਨੇਸ਼ਨ ਦੇ ਨੋਡਲ ਅਫਸਰ ਡਾ. ਵਰੁਣ ਗਰਗ ਅਤੇ ਰਾਜ ਕੁਮਾਰ ਫਾਰਮਾਸਿਸਟ ਨੇ ਕਿਹਾ ਕਿ ਕਰੋਨਾ ਦੀ ਤੀਜੀ ਲਹਿਰ ਨਾਲ ਮੁਕਾਬਲਾ ਕਰਨ ਲਈ ਵੈਕਸੀਨ ਸਭ ਤੋਂ ਕਾਰਗਾਰ ਹਥਿਆਰ ਹੈ । ਉਹਨਾਂ ਕਿਹਾ ਕਿ ਸਕੂਲ ਅਤੇ ਕਾਲਜ ਜਾਣ ਵਾਲੇ ਵਿਦਿਆਰਥੀਆਂ ਨੂੰ ਕੋਵਿਡ ਵੈਕਸੀਨ ਪਹਿਲ ਦੇ ਆਧਾਰ ਤੇ ਲਗਵਾ ਲੈਣੀ ਚਾਹੀਦੀ ਹੈ। ਇਸ ਮੌਕੇ ਪਰਮਵੀਰ ਸਿੰਘ ਆਪਥਾਲਮਿਕ ਅਫਸਰ, ਸੁਖਵਿੰਦਰ ਕੌਰ ਨਰਸਿੰਗ ਸਿਸਟਰ, ਸੁਖਦੀਪ ਕੌਰ ਸਟਾਫ ਨਰਸ ਮੌਜੂਦ ਸਨ।



# 10 ਸਾਲ ਦੀ ਸਫ਼ਲਤਾ 'ਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਆਯੋਜਿਤ ਕੀਤਾ ਗਿਆ ਸ਼ਾਨਦਾਰ ਸਲਾਨਾ ਡਿਨਰ ਤੇ ਕਵੀ-ਦਰਬਾਰ






ਬਰੈਂਪਟਨ, (ਡਾ. ਝੰਡ)- ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਆਪਣੀ ਸਫ਼ਲਤਾ ਦੇ 10 ਸਾਲ ਪੂਰੇ ਕਰਨ 'ਤੇ ਬੀਤੇ ਦਿਨੀਂ ਸ਼ਾਨਦਾਰ ਡਿਨਰ ਅਤੇ ਕਵੀ-ਦਰਬਾਰ ਦਾ ਆਯੋਜਨ ਕੀਤਾ ਗਿਆ। ਇਹ ਸਲਾਨਾ ਸਮਾਗ਼ਮ 2250 ਬੋਵੇਰਡ ਡਰਾਵੀਵ ਸਥਿਤ 'ਹੋਮ-ਲਾਈਫ਼ ਰੀਅਲ ਅਸਟੇਟ' ਦੇ ਮੀਟਿੰਗ-ਹਾਲ ਵਿਚ ਕੀਤਾ ਗਿਆ ਜਿਸ ਵਿਚ 40 ਤੋਂ ਵਧੀਕ ਸਭਾ ਦੇ ਮੈਂਬਰਾਂ ਅਤੇ ਸਾਹਿਤ-ਪ੍ਰੇਮੀਆਂ ਨੇ ਭਾਗ ਲਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਪੰਜਾਬ ਤੋਂ ਆਏ ਉੱਘੇ-ਪੱਤਰਕਾਰ ਤੇ 'ਪੰਜਾਬੀ ਟ੍ਰਿਬਿਊਨ' ਸਾਬਕਾ-ਸੰਪਾਦਕ ਸਿੱਧੂ ਦਮਦਮੀ, ਪੱਛਮੀ ਪੰਜਾਬ (ਪਾਕਿ-ਸਤਾਨ) ਤੋਂ ਮੁਬਾਰਕ ਅਹਿਮਦ ਬਾਜਵਾ, ਉੱਘੇ-ਵਿਦਵਾਨ ਪ੍ਰੋ. ਰਾਮ ਸਿੰਘ, ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਉੱਘੇ ਕਹਾਣੀਕਾਰ ਕੁਲਜੀਤ ਮਾਨ ਸੁਸ਼ੋਭਿਤ ਸਨ।

ਸਮਾਗ਼ਮ ਦਾ ਆਰੰਭ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ ਨਿੱਘੀ 'ਜੀ ਆਇਆਂ' ਕਹਿਣ ਨਾਲ ਹੋਈ। ਨਵੰਬਰ 2019 ਨੂੰ ਹੋਂਦ ਵਿਚ ਆਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਤੀਕ ਦੀਆਂ ਸਾਹਿਤਕ ਸਰਗ਼ਮੀਆਂ ਬਾਰੇ ਸੰਖੇਪ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ 10 ਸਾਲਾਂ ਵਿਚ ਸਭਾ ਵਿਚ ਕਈ ਉਤਰਾਅ-ਚੜ੍ਹਾਅ ਆਏ ਪਰ ਇਹ ਅਡੋਲ ਰਹੀ ਅਤੇ ਇਸ ਨੇ ਆਪਣੀਆਂ ਸਰਗ਼ਰਮੀਆਂ ਨਿਰੰਤਰ ਜਾਰੀ ਰੱਖੀਆਂ। ਸਿੱਧੂ ਦਮਦਮੀ ਨੇ ਕੁਝ ਸਾਲ ਪਹਿਲਾਂ ਇਸ ਸਭਾ ਦੇ ਸਮਾਗ਼ਮ ਦੌਰਾਨ ਹੋਏ ਰੂ-ਬ-ਰੂ ਦਾ ਬਾਖ਼ੂਬੀ ਜ਼ਿਕਰ ਕੀਤਾ ਅਤੇ ਸਭਾ ਦੀ ਸਫ਼ਲਤਾ ਲਈ ਵਧਾਈ ਦਿੱਤੀ। ਅਹਿਮਦੀਆ ਜਮਾਤ ਦੀ ਉੱਘੀ ਸ਼ਖ਼ਸੀਅਤ ਜਨਾਬ ਮੁਬਾਰਕ ਅਹਿਮਦ ਬਾਜਵਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਬੇਸ਼ਕ ਇਸ ਸਭਾ ਦੇ ਸਮਾਗ਼ਮ ਵਿਚ ਪਹਿਲੀ ਵਾਰ ਆਏ ਹਨ ਪਰ ਉਨ੍ਹਾਂ ਨੂੰ ਇਹ ਸੱਭ ਆਪਣਾ-ਆਪਣਾ ਤੇ ਜਾਣਿਆਂ-ਪਹਿਚਾਣਿਆ ਲੱਗਦਾ ਹੈ ਅਤੇ ਉਹ ਅੱਗੋਂ ਵੀ ਇਸ ਦੀਆਂ ਮਹੀਨਾਵਾਰ-ਮਹਿਫ਼ਲਾਂ ਵਿਚ ਸ਼ਿਰਕਤ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ।

ਪ੍ਰੋ. ਰਾਮ ਸਿੰਘ ਨੇ ਪੰਜਾਬੀ ਬੋਲੀ ਤੇ ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਬਾਰੇ ਗੱਲ ਕਰਦਿਆਂ ਹੋਇਆਂ ਭਵਿੱਖ ਵਿਚ ਇਸ ਨੂੰ ਦਰਪੇਸ਼ ਚੁਣੌਤੀਆਂ ਦਾ ਵਰਨਣ ਕੀਤਾ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਦੇ ਲਈ ਤਤਪਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬੀ ਬੋਲੀ ਨਾਲ ਜੋੜਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਕੁਲਜੀਤ ਮਾਨ ਨੇ ਵੀ ਪੰਜਾਬੀ ਬੋਲੀ ਦੇ ਉੱਜਲੇ ਭਵਿੱਖ ਦੀ ਕਾਮਨਾ ਕਰਦਿਆਂ ਹੋਇਆਂ ਇਸ ਨੂੰ ਸੰਸਾਰ-ਭਰ ਵਿਚ ਬੋਲੀਆਂ ਜਾਣ ਵਾਲੀਆਂ ਅਹਿਮ ਬੋਲੀਆਂ ਵਿਚ ਆਪਣਾ ਮੁਕਾਮ ਬਰਕਰਾਰ ਰੱਖਣ ਦੀ ਕਾਮਨਾ ਕੀਤੀ। ਕਰਨ ਅਜਾਇਬ ਸਿੰਘ ਸੰਘਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਨ੍ਹਾਂ ਦਸਾਂ ਸਾਲਾਂ ਵਿਚ ਸਭਾ ਨੂੰ ਚੜ੍ਹਦੀ-ਕਲਾ ਦੇ ਨਾਲ ਨਾਲ਼ ਬੇਸ਼ਕ ਕਈ ਦੁਸ਼ਵਾਰੀਆਂ ਦਾ ਵੀ ਸਾਹਮਣਾ ਕਰਨਾ ਪਿਆ ਹੈ ਪਰ ਸਭਾ ਇਨ੍ਹਾਂ ਵਿੱਚੋਂ ਸਫ਼ਲਤਾ ਪੂਰਵਕ ਸੁਚੇਤ ਹੋ ਕੇ ਨਿਕਲੀ ਹੈ।

ਇਸ ਮੌਕੇ ਹੋਏ ਕਵੀ-ਦਰਬਾਰ ਦੀ ਸੰਚਾਲਨਾ ਤਲਵਿੰਦਰ ਮੰਡ ਅਤੇ ਪਰਮਜੀਤ ਢਿੱਲੋਂ ਵੱਲੋਂ ਮਿਲ ਕੇ ਕੀਤੀ ਗਈ। ਇਸ ਵਿਚ ਇਕਬਾਲ ਬਰਾੜ, ਨਵਜੋਤ ਬਰਾੜ, ਪਰਮਜੀਤ ਦਿਓਲ, ਹਰਪਾਲ ਸਿੰਘ ਭਾਟੀਆ, ਰਿੰਕੂ ਭਾਟੀਆ, ਸੁਰਜੀਤ ਕੌਰ, ਪਿਆਰਾ ਸਿੰਘ ਕੁੱਦੋਵਾਲ, ਵਿਨੋਦ ਹਰਪਾਲਪੁਰੀ, ਗੁਰਦੇਵ ਚੌਹਾਨ, ਮੁਬਾਰਕ ਅਹਿਮਦ ਬਾਜਵਾ, ਸ਼ਕੀ ਉਲ੍ਹਾ, ਮਕਸੂਦ ਚੌਧਰੀ, ਪਰਮਜੀਤ ਸਿੰਘ ਗਿੱਲ, ਹਰਜੀਤ ਬਾਜਵਾ, ਹਰਜਸਪ੍ਰੀਤ ਗਿੱਲ, ਨਵਦੀਪ ਗਿੱਲ, ਡਾ. ਜਗਮੋਹਨ ਸਿੰਘ ਸੰਘਾ, ਹਰਦਿਆਲ ਝੀਤਾ, ਹੁਨਰ ਕਾਹਲੋਂ ਤੇ ਕਈ ਹੋਰਨਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਅਤੇ ਗੀਤ-ਸੰਗੀਤ ਦਾ ਖ਼ੂਬਸੂਰਤ ਮਾਹੌਲ ਸਿਰਜਿਆ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਇਸ ਸਮਾਗ਼ਮ ਵਿਚ ਸ਼ਾਮਲ ਹੋਣ ਵਾਲੇ ਸਾਰੇ ਮਹਿਮਾਨਾਂ ਤੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਭਾ ਦੀ ਚੜ੍ਹਦੀ ਕਲਾ ਲਈ ਸ਼ੁਭ-ਕਾਮਨਾਵਾਂ ਦਿੱਤੀਆਂ ਗਈਆਂ। ਉਪਰੰਤ, ਸਾਰਿਆਂ ਨੇ ਮਿਲ ਕੇ ਸੁਆਦਲੇ ਖਾਣੇ ਦਾ ਅਨੰਦ ਮਾਣਿਆਂ ਨਵੇਂ ਸਾਲ ਵਿਚ ਫਿਰ ਮਿਲਣ ਦੇ ਵਾਅਦੇ ਨਾਲ ਸਮਾਗ਼ਮ ਦੀ ਸਮਾਪਤੀ ਹੋਈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

ਸੁਨਿਆਰਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਵਾਸਤੇ ਪੰਜਾਬੀ ਲੜਕੀ ਦੀ ਲੋੜ ਹੈ ਲੜਕੇ ਦੀ ਉਮਰ 36 ਸਾਲ, ਕੱਦ 5' 11", MSc Computer Science, ਕੈਨੇਡੀਅਨ ਪੀ. ਆਰ. Web Developer ਦੀ ਚੰਗੀ ਜੋਬ ਕਰ ਰਿਹਾ ਹੈ। ਸੰਪਰਕ ਕਰੋ: ਮਨੋਹਰ ਸਿੰਘ ਵਿਰਦੀ 416-671-1214

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569567850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Check our Free E-paper at: www.canadianpunjabipost.ca
ਕਾਲ ਕਰੋ: 905-793-2202
ਪੰਜਾਬੀ ਪੋਸਟ

WWW.KULWINDERCHHINA.COM
MULTI AWARD WINNER REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੋਸੰ: ਇੰਸਟ੍ਰਕਟਰ
647-998-7500 ਬਲਵਿੰਦਰ

# ਕਹਾਣੀਕਾਰ ਲਾਲ ਸਿੰਘ ਦੀ 'ਬੇਮਝੀਆਂ' ਵਿਚਲੀ ਸਮਝ ਦੇ ਰੂਬਰੂ ਹੁੰਦਿਆਂ....!!



-ਲੇਖਕ ਡਾ. ਸ਼ਮਸ਼ੇਰ ਮੋਹੀ-

ਲਾਲ ਸਿੰਘ ਸਮਰੱਥ ਕਹਾਣੀਕਾਰ ਹੈ, ਵਾਰਤਾਕਾਰ ਹੈ ਅਤੇ ਅਨੁਵਾਦਕ ਹੈ । ਉਸ ਦੀ ਸਭ ਤੋਂ ਗੂੜ੍ਹੀ ਪਛਾਣ ਕਹਾਣੀਕਾਰ ਵਜੋਂ ਹੋਈ ਹੈ ।ਉਸ ਤੇ ਸੱਤ ਕਹਾਣੀ-ਸੰਗ੍ਰਹਿ ਛਪ ਚੁੱਕੇ ਹਨ । ਉਸ ਦਾ ਪਹਿਲਾ ਕਹਾਣੀ-ਸੰਗ੍ਰਹਿ 'ਮਾਰਖੋਰੇ' 1984 ਵਿੱਚ ਪ੍ਰਕਾਸ਼ਿਤ ਹੋਇਆ ਅਤੇ ਸੱਤਵਾਂ 'ਸੰਸਾਰ' 2017 ਵਿਚ । ਉਂਝ ਲਾਲ ਸਿੰਘ ਦਾ ਸਾਹਿਤ ਨਾਲ ਜੁੜਾਅ 1958 ਤੋਂ 1962 ਤੱਕ ਨੰਗਲ ਦੀ ਠਹਿਰ ਦੌਰਾਨ ਹੀ ਹੋ ਗਿਆ ਸੀ । ਉੱਥੇ ਹੀ ਉਸ ਨੇ ਲਿਖਣਾ ਸ਼ੁਰੂ ਕੀਤਾ । ਸ਼ੁਰੂ ਵਿਚ ਉਹ ਸਟੇਜੀ ਕਵੀਆਂ ਤੋਂ ਪ੍ਰਭਾਵਿਤ ਹੋ ਕੇ ਕਵਿਤਾ ਲਿਖਣ ਦੇ ਰਾਹ ਪਿਆ , ਬਾਅਦ ਵਿਚ ਉਸ ਨੇ ਕਹਾਣੀ ਵੱਲ ਮੋੜਾ ਕੱਟਿਆ ।ਪੰਜਾਬੀ ਕਹਾਣੀ ਦੀ ਤੀਜੀ ਪੀੜ੍ਹੀ ਦੇ ਮੋਹਰੀ ਕਹਾਣੀਕਾਰਾਂ ਵਿਚ ਲਾਲ ਦਾ ਖਾਸ ਮੁਕਾਮ ਹੈ । ਹੁਣ ਤਕ ਲਾਲ ਸਿੰਘ ਦਾ ਸਿਰਜਣਾ ਕਾਲ ਛੇ ਦਹਾਕਿਆਂ ਤਕ ਫੈਲ ਚੁੱਕਿਆ ਹੈ । ਹੁਣ ਉਸਨੇ ਆਪਣੀ ਅਨੁਭਵਾਂ ਨੂੰ 'ਬੇਸਮਝੀਆਂ ' ਨਾਮਕ ਪੁਸਤਕ ਵਿਚ ਸਮੋ ਕੇ ਪਾਠਕਾਂ ਸਾਹ-ਮਣੇ ਪ੍ਰਸਤੁਤ ਕੀਤਾ ਹੈ ।

ਲਾਲ ਸਿੰਘ ਦਾ ਜਨਮ ਪਿੰਡ ਝੱਜਾਂ ( ਹੁਸ਼ਿਆਰਪੁਰ ) ਵਿਚ ਸਧਾਰਨ ਕਿਰਤੀ ਪਰਿਵਾਰ ਵਿਚ ਹੋਇਆ ਜਿਸ ਵਿਚ ਤੰਗੀਆਂ-ਤੁਰਸ਼ੀਆਂ ਨੇ ਕਦੇ ਖਹਿੜਾ ਨਹੀਂ ਸੀ ਛਡਿਆ । ਲਾਲ ਸਿੰਘ ਦੇ ਆਪਣੇ ਸ਼ਬਦਾਂ ਵਿਚ , "ਸਾਡੇ ਘਰ ਦੀ ਫਾਕਾ-ਮਸਤੀ ਨੇ ਕਦੀ ਮੇਰਾ ਸਾਥ ਨਹੀਂ ਛੱਡਿਆ । ਹੇਠਲੀਆਂ-ਉੱਤਲੀਆਂ ਲੋੜਾਂ ਅਣ-ਪੂਰੀਆਂ ਹੀ ਰਹਿੰਦੀਆਂ । ਮੈਨੂੰ ਸਕੂਲ ਜਾਣ-ਆਉਣ ਲਈ ਕਦੀ ਜੁੱਤੀ ਨਸੀਬ ਨਹੀਂ ਸੀ ਹੁੰਦੀ । " ਉਸਦੀ ਪੜ੍ਹਾਈ ਇਹਨਾਂ ਤੰਗੀਆਂ-ਤੁਰਸ਼ੀਆਂ ਵਿਚ ਹੋਈ ਹੋਣ ਕਾਰਨ ਉਹ ਪੜ੍ਹਨ ਵਿਚ ਔਸਤ ਤੋਂ ਵੀ ਹੇਠਲੇ ਪੱਧਰ ਦਾ ਵਿਦਿਆਰਥੀ ਰਿਹਾ ।ਉਂਝ ਦਸਵੀਂ ਤੱਕ ਪਹੁੰਚਦਿਆਂ ਉਸ ਨੇ ਆਪਣੀ ਕਾਰਗੁਜ਼ਾਰੀ ਕਾਫੀ ਸੁਧਾਰ ਲਈ ਸੀ , ਜਿਸ ਦੇ ਸਿੱਟੇ ਵਜੋਂ ਉਹ ਸਕੂਲ ਵਿੱਚੋਂ ਦੂਜੇ ਨੰਬਰ ਤੇ ਆਇਆ । ਉਸ ਦੀ ਪੜ੍ਹਾਈ ਲਗਾਤਾਰ ਨਹੀਂ ਹੋਈ । ਰਸਮੀ ਪੜ੍ਹਾਈ ਉਸ ਨੇ ਐਫ.ਏ. ਕੀਤੀ । ਉਸ ਤੋਂ ਬਾਅਦ ਉਸ ਨੇ ਐਮ.ਏ.ਬੀ.ਐਡ. ਤੱਕ ਦੀ ਪੜ੍ਹਾਈ ਵਿੱਚ ਸਿਰਫ਼ ਬੀ.ਐਡ. ਹੀ ਨਿਮਯਤ ਰੂਪ ਵਿਚ ਕਾਲਜ ਜਾ ਕੇ ਕੀਤੀ ,ਬਾਕੀ ਦੀ ਪੜ੍ਹਾਈ ਮਿਹਨਤ-ਮਜ਼ਦੂਰੀ ਕਰਦਿਆਂ ਰੁਕਾਵਟਾਂ ਸਮੇਤ ਪ੍ਰਾਈਵੇਟ ਕੀਤੀ ।

ਲਾਲ ਸਿੰਘ ਨੂੰ ਰੋਜ਼ੀ-ਰੋਟੀ ਲਈ ਵੀ ਕਈ ਪਾਪੜ ਵੇਲਣੇ ਪਏ । ਪਹਿਲਾਂ ਆਪਣੇ ਘਰਾਂ 'ਚੋਂ ਉਸ ਦਾ ਇਕ ਹਿਤੈਸ਼ੀ ਵਰਿਆਮ ਸਿੰਘ ਉਸ ਨੂੰ ਆਪਣੇ ਨਾਲ਼ ਦਿੱਲੀ ਲੈ ਗਿਆ । ਓਥੇ ਕੁਝ ਦਿਨਾਂ ਬਾਅਦ ਵਰਿਆਮ ਸਿੰਘ ਨੇ ਉਸ ਨੂੰ ਅੱਗੇ ਉਸ ਦੇ ਮਾਮੇ ਜੋਗਿੰਦਰ ਕੋਲ ਪੁਚਾ ਦਿੱਤਾ । ਪਰ ਕੁਝ ਦਿਨਾਂ ਬਾਅਦ ਉਸ ਦੀ ਮਾਮੀ ਨੇ ਉਸ ਨੂੰ ਵਾਧੂ ਦਾ ਬੋਝ ਸਮਝ ਦੇ ਵਾਪਸ ਪਿੰਡ ਭੇਜ ਦਿੱਤਾ । ਉਸ ਤੋਂ ਬਾਅਦ ਕੰਮ ਦੇ ਸਿਲਸਿਲੇ ਵਿਚ ਉਸ ਦਾ ਮਾਮਾ (ਤਾਈ ਦਾ ਭਰਾ ) ਸੋਹਣ ਸਿੰਘ ਉਸ ਨੂੰ ਭਾਖੜਾ ਡੈਮ ਲੈ ਗਿਆ । ਓਥੇ ਲਾਲ ਸਿੰਘ ਨੂੰ ਗਰਊਂਟਿੰਗ ਕੰਟਰੋਲ ਵਿਭਾਗ ਵਿਚ ਕੰਮ 'ਤੇ ਲੁਆ ਦਿੱਤਾ ਗਿਆ । ਇੱਥੇ ਉਸ ਨੂੰ ਪਹਿਲਾਂ ਟੀਨ ਛੱਤਾਂ ਦੀਆਂ ਜੁੜਵੀਆਂ ਪਾਲਾਂ ਹੇਠ ਘੁਰਨਾ-ਨੁਮਾ ਰਿਹਾਇਸ਼ ਵਿਚ ਹੋਰ ਕਾਮਿਆਂ ਨਾਲ ਰਹਿਣਾ ਪਿਆ , ਫਿਰ ਮਕੈਨਿਕਾਂ, ਅਪਰੇਟਰਾਂ , ਡਰਾਇਵਰਾਂ ਅਤੇ ਹੋਰ ਹੁਨਰੀ ਕਾਮਿਆਂ ਨਾਲ ਬੈਰਿਕਾਂ ਵਿਚ । ਇੱਥੇ ਰਹਿੰਦਿਆਂ ਲਾਲ ਸਿੰਘ ਨੇ ਕੰਮ ਦੇ ਨਾਲ-ਨਾਲ ਆਪਣੀ ਅਧੂਰੀ ਰਹਿ ਗਈ ਪੜ੍ਹਾਈ ਵੀ ਸ਼ੁਰੂ ਕੀਤੀ ।ਉਸ ਨੇ ਗਿਆਨੀ ਪਾਸ ਕਰ ਲਏ. । ਉਸ ਉਪਰੰਤ ਬੀ.ਏ. ਦਾ ਅੰਗਰੇਜ਼ੀ ਵਿਸ਼ਾ ਪਾਸ ਕਰ ਲਿਆ । ਪਰ ਨੰਗਲ ਦਾ ਸਫ਼ਰ ਵੀ ਦੁਖਾਂਤਕ ਅੰਤ ਹੋ ਗਿਆ । ਏਥੇ ਰਹਿੰਦਿਆਂ ਲਾਲ ਸਿੰਘ ਨੂੰ ਸ਼ਿਫਟਾਂ ਵਿਚ ਮੁਸ਼ਕਿਲ ਡਿਊਟੀ ਕਰਨੀ ਪੈਂਦੀ , ਖਾਣ ਨੂੰ ਗੁਜ਼ਾਰੇ ਲਾਇਕ ਖੁਰਾਕ ਵੀ ਨਾ ਮਿਲਣੀ , ਉੱਪਰੋਂ ਹਾਕੀ ਦੀ ਖੇਡ ਖੇਡਣੀ । ਬਸ ਫਿਰ ਕੀ ਸੀ , ਇਕ ਦਿਨ ਉਹ ਸਾਹਮਣਲੀ ਟੀਮ ਦੇ ਖਿਡਾਰੀ ਦਾ ਹਿੱਟ ਦਾ ਸ਼ਿਕਾਰ ਹੋ ਕੇ ਬੱਟ ਖਾ ਬੈਠਿਆਅ। ਸੱਟ ਗੰਭੀਰ ਸੀ । ਐਕਸਰੇ ਕਰਵਾਇਆ ਗਿਆ ਤਾਂ ਉਸ ਵਿਚ ਆਇਆ ਕਿ ਸੱਜੇ ਫੇਫੜੇ ਵਿਚ ਪਾਣੀ ਭਰ ਗਿਆ ਹੈ ।ਡਿਊਟੀ ਕਰਨ ਜੋਗਾ ਉਹ ਰਿਹਾ ਨਾ, ਵਰਕਚਾਰਜ ਕਾਮੇ ਨੂੰ ਛੁੱਟੀ ਮਿਲ ਨਹੀਂ ਸੀ ਸਕਦੀ । ਨਤੀਜਾ ਨੰਗਲ ਤੋਂ ਘਰ ਵਾਪਸੀ ਨਿਕਲਿਆ ।

ਨੰਗਲ ਤੋਂ ਪਿੰਡ ਆ ਕੇ ਲਾਲ ਸਿੰਘ ਘਰ ਦੇ ਛੋਟੇ-ਮੋਟੇ ਕੰਮ ਕਰਦਾ ਰਿਹਾ , ਨੰਗਲ ਵਿਚ ਬਿਤਾਏ ਸਮੇਂ ਨੂੰ ਯਾਦ ਕਰਦਾ ਰਿਹਾ ਅਤੇ ਅਗਲੇ ਸਫ਼ਰ ਲਈ ਮਨ ਹੀ ਮਨ ਤਿਆਰੀਆਂ ਕਰਦਾ ਰਿਹਾ । ਅਖੀਰ ਕੰਮ-ਕਾਰ ਦੇ ਸਿਲਸਿਲੇ ਵਿਚ ਉਸ ਦਾ 1962 ਵਿਚ ਜਲੰਧਰ ਜਾਣ ਦਾ ਸਬੱਬ ਬਣ ਗਿਆ । ਜਲੰਧਰ ਉਹ ਪਹਿਲਾਂ ਰਾਸ਼ਟਰੀਆ ਮੈਟਲ ਸਟੀਲ ਫੈਕਟਰੀ , ਫਿਰ ਐਮ.ਸੀ. ਹਾਂਡਾ ਬ੍ਰਦਰਜ਼ ਵਿਚ ਕੰਮ ਕਰਦਾ ਰਿਹਾ ।ਏਥੇ ਵੱਖ-ਵੱਖ ਤਰ੍ਹਾਂ ਦੀਆਂ ਟੂਟੀਆਂ ਆਦਿ ਦੀ ਸੇਲ ਅਤੇ ਸਪਲਾਈ ਦਾ ਕੰਮ ਕਰਦਾ ਸੀ । ਸੇਲ ਲਈ ਉਸ ਨੂੰ ਪੰਜਾਬੋਂ ਬਾਹਲੀਆਂ ਦੂਰ-ਦਰੇਡੀਆਂ ਥਾਵਾਂ 'ਤੇ ਜਾਣਾ ਪੈਂਦਾ । ਏਥੇ ਰਹਿੰਦਿਆਂ ਉਸ ਨੇ ਕੰਮ ਦੇ ਨਾਲ-ਨਾਲ ਬੀ.ਐਡ. ਵੀ ਕਰ ਲਈ । ਉਸ ਦਾ ਵਿਆਹ ਤਾਂ ਭਾਖੜਾ ਡੈਮ ਦੀ ਨੌਕਰੀ ਵੇਲੇ ਹੀ ਹੋ ਗਿਆ ਸੀ , 1970 ਵਿਚ ਉਸ ਦੀ ਪਤਨੀ ਪੂਰਨ ਕੌਰ ਨੂੰ ਤਲਵਾੜੇ ਨੇੜ ਸਰਕਾਰੀ ਪ੍ਰਾਇਮਰੀ ਸਕੂਲ ਰੈਲੀ ਵਿਚ ਜੇ.ਬੀ.ਟੀ. ਟੀਚਰ ਦੀ ਨੌਕਰੀ ਮਿਲ ਗਈ । ਉਸ ਨੂੰ ਉੱਥੇ ਘਰ ਤੋਂ ਬਾਹਰ ਕਿਰਾਏ 'ਤੇ ਇਕੱਲੀ ਨੂੰ ਰਹਿਣਾ ਪੈਂਦਾ ਸੀ ।ਸੋ ਲਾਲ ਸਿੰਘ ਨੇ ਵੀ ਨੇੜੇ-ਤੇੜੇ ਨੌਕਰੀ ਲਈ ਕੋਸ਼ਿਸ਼ਾਂ ਕੀਤੀਆਂ । 1972 ਵਿਚ ਉਸ ਨੂੰ ਪਬਲਿਕ ਹਾਇਰ ਸੈਕੰਡਰੀ ਸਕੂਲ ਵਿਚ ਗਿਆਨੀ ਅਧਿਆਪਕ ਦੀ ਨੌਕਰੀ ਮਿਲ ਗਈ ।ਸਕੂਲ ਅਧਿਆਪਕ ਬਣ ਕੇ ਲਾਲ ਸਿੰਘ ਨੂੰ ਲੱਗਿਆ ਕਿ ਹੁਣ ਉਸਦੀ ਜ਼ਿੰਦਗੀ ਸਹੀ ਟਰੈਕ 'ਤੇ ਆ ਗਈ ਹੈ । ਅਧਿਆਪਨ ਕਿੱਤੇ ਵਿਚ ਆ ਕੇ ਉਸ ਨੇ ਸਮਾਜਿਕ, ਰਾਜਨੀਤਕ ਅਤੇ ਸਾਹਿਕਤ ਖੇਤਰ ਵਿਚ ਖੁੱਲ੍ਹ ਕੇ ਵਿਚਰਨਾ ਸ਼ੁਰੂ ਕੀਤਾ । ਜਿਸ ਵਿਚ ਉਸ ਨੂੰ ਵੱਡੀ ਹੱਦ ਤੱਕ ਸਫ਼ਲਤਾ ਵੀ ਮਿਲੀ ।

ਸਵੈ-ਜੀਵਨੀ ਕਿਸੇ ਵਿਅਕਤੀ ਦੇ ਜੀਵਨ-ਸਫ਼ਰ ਦਾ ਕ੍ਰਮਬੱਧ ਬਿਰਤਾਂਤ ਹੁੰਦਾ ਹੈ ।ਸਵੈ-ਜੀਵਨੀ ਕਿਸੇ ਅਜਿਹੇ ਵਿਅਕਤੀ ਬਾਰੇ ਹੁੰਦੀ ਹੈ, ਜਿਸ ਨੇ ਆਪਣੇ ਜੀਵਨ ਵਿਚ ਖਾਸ

ਪ੍ਰਾਪਤੀਆਂ ਕੀਤੀਆਂ ਹੁੰਦੀਆਂ ਹਨ । ਕੋਈ ਵਿਅਕਤੀ ਇਕਦਮ ਪ੍ਰਾਪਤੀਆਂ ਨਹੀਂ ਕਰਨ ਲੱਗ ਜਾਂਦਾ, ਉਸ ਨੂੰ ਲੰਬੀ ਘਾਲਣਾ ਘਾਲਣੀ ਪੈਂਦੀ ਹੈ , ਕਈ ਤਰ੍ਹਾਂ ਦੀਆਂ ਅਸਫਲਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ।ਜਦੋਂ ਅਸੀਂ ਕਿਸੇ ਸਵੈ-ਜੀਵਨੀ ਦਾ ਅਧਿਐਨ-ਮੁਲੰਕਣ ਕਰਦੇ ਹਾਂ ਤਾਂ ਅਸੀਂ ਇਹ ਦੇਖਦੇ ਹਾਂ ਕਿ ਸਵੈ-ਜੀਵਨੀਕਾਰ ਨੇ ਆਪਣੇ ਜੀਵਨ ਬਿਰਤਾਂਤ ਨੂੰ ਪੇਸ਼ ਕਰਦਿਆਂ ਕਿੰਨੀ ਕੁ





ਇਮਾਨਦਾਰੀ ਅਤੇ ਬੇਬਾਕੀ ਵਰਤੀ ਹੈ। ਆਮ ਤੌਰ 'ਤੇ ਲੋਕ ਆਪਣੇ ਆਪ ਨੂੰ ਮਹਾਨ ਸਾਬਤ ਕਰਨ ਵਾਲੀਆਂ ਗੱਲਾਂ ਨੂੰ ਤਾਂ ਵਧਾ-ਚੜ੍ਹਾ ਕੇ ਪੇਸ਼ ਕਰ ਦਿੰਦੇ ਹਨ, ਪਰ ਆਪਣੀਆਂ ਗ਼ਲਤੀਆਂ-ਖਾਮੀਆਂ ਨੂੰ ਛੱਡ ਦਿੰਦੇ ਹਨ । ਲਾਲ ਸਿੰਘ ਦੀ ਪੁਸਤਕ 'ਬੇਮਝੀਆਂ ' ਵਿਚ ਲਾਲ ਸਿੰਘ ਦੀ ਪਹੁੰਚ ਬੜੀ ਸੁੰਤਲਤ ਹੈ । ਆਪਣੇ ਜੀਵਨ ਦਾ ਸੱਚ ਉਸਨੇ ਬੜੀ ਇਮਾਨਦਾਰੀ ਅਤੇ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਵੈਸੇ ਉਹ ਇਹ ਇਸ ਨੂੰ 'ਸਵੈ-ਜੀਵਨੀ ' ਕਹਿਣ ਦੀ ਬਜਾਏ 'ਸਵੈ-ਜੀਵਨਕ ਕਥਾਵਾਂ ' ਕਹਿੰਦ ਹੈ । ਅਜਿਹਾ ਸ਼ਾਇਦ ਇਸ ਕਰਕੇ ਹੈ ਕਿਉਂਕਿ ਉਸ ਨੇ ਇਕ ਤਾਂ ਇਹ ਜੀਵਨ-ਬਿਰਤਾਂਤ ਪਹਿਲੀ ਜਮਾਤ ਦੀ ਪੜ੍ਹਾਈ ਸ਼ੁਰੂ ਕਰਨ ਤੋਂ ਸ਼ੁਰੂ ਕੀਤਾ ਹੈ, ਦੂਜਾ ਇਸ ਦੇ ਵੱਖ-ਵੱਖ ਅਧਿਆਵਾਂ ਨੂੰ ਕਹਾਣੀ ਦੀ ਰੰਗਤ ਪ੍ਰਦਾਨ ਕੀਤੀ ਹੈ । ਲਾਲ ਸਿੰਘ ਨੇ ਆਪਣੇ ਜੀਵਨ ਦੇ ਕਈ ਪੱਖਾਂ ਨੂੰ ਇਸ ਪੁਸਤਕ ਵਿਚ ਛੋਹਿਆ ਨਹੀਂ , ਜਿਵੇਂ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਲੜੀਆਂ ਚੋਣਾਂ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਜਕਾਰਨੀ ਦਾ ਮੈਂਬਰ ਰਿਹਾ ਹੈ । ਸੋ ਇਸ ਪੁਸਤਕ ਨੂੰ 'ਸਵੈ-ਜੀਵਨਕ ਕਥਾਵਾਂ ' ਕਹਿਣ ਨਾਲ ਸਾਡੀ ਸਹਿਮਤੀ ਹੈ। ਉਂਝ ਇਹ ਪੁਸਤਕ ਸਵੈ-ਜੀਵਨੀ ਵਿਧਾ ਦੇ ਨੇੜੇ-ਤੇੜੇ ਹੀ ਰਹਿੰਦੀ ਹੈ ।

ਲਾਲ ਸਿੰਘ ਦੀ ਇਹ ਪੁਸਤਕ ਪੜ੍ਹਦਿਆਂ ਉਸ ਦੀਆਂ ਕਹਾਣੀਆਂ ਵਿਚਲੀ ਵਿਚਾਰਧਾਰਕ ਦ੍ਰਿਸ਼ਟੀ ਦਾ ਸਰੋਤ ਸਹਿਜੇ ਹੀ ਪਤਾ ਲੱਗ ਜਾਂਦਾ ਹੈ । ਲੇਖਕ ਦੀ ਦ੍ਰਿਸ਼ਟੀ ਇਤਿਹਾਸ ਅਤੇ ਆਲੇ-ਦੁਆਲੇ ਦੀਆਂ ਪ੍ਰਸਥਿਤੀਆਂ ਦਾ ਹੀ ਜੋੜ-ਮੇਲ ਹੁੰਦੀ ਹੈ ।ਲਾਲ ਸਿੰਘ ਦੁਆਰਾ ਹੰਢਾਈ ਪਰਿਵਾਰਕ ਗਰੀਬੀ ਅਤੇ



ਸੰਯੁਕਤ ਪਰਿਵਾਰ ਦੀ ਰਾਜਨੀਤੀ ਨੇ ਤਾਂ ਉਸ ਦੀ ਸੰਵੇਦਨਾ ਨੂੰ ਝੰਜੋੜਿਆ ਹੀ , ਮਗਰੋਂ ਪਿੰਡ ,ਭਾਖੜਾ ਡੈਮ ਤੇ ਜਲੰਧਰ ਦੀਆਂ ਫੈਕਟਰੀਆਂ ਵਿਚ ਕੀਤੀ ਮੁਸ਼ੱਕਤ ਨੇ ਵੀ ਲਾਲ ਸਿੰਘ ਨੂੰ ਕਿਰਤੀ ਜਮਾਤ ਦੇ ਦੁੱਖਾਂ-ਦਰਦਾਂ ਨੂੰ ਸਮਝਣ ਵਿਚ ਮਦਦ ਕੀਤੀ । ਇਕ ਥਾਂ ਉਹ ਜਾਰਜ ਬਰਨਾਰਡ ਸ਼ਾਅ ਦਾ ਕਥਨ ਪੇਸ਼ ਕਰਦਾ ਹੈ , "ਅੱਜ ਕਲ੍ਹ ਕਠੋਰ ਮਿਹਨਤ ਅਤੇ ਗੰਦਾ ਮੰਦਾ ਕੰਮ ਕਰਨ ਵਾਲਿਆਂ ਨੂੰ ਸਭ ਤੋਂ ਘਟ ਮਜ਼ਦੂਰੀ ਮਿਲਦੀ ਹੈ ।ਸੌਖਾ ਕੰਮ ਕਰਨ ਵਾਲਿਆਂ ਨੂੰ ਚੰਗੀ ਦਿਹਾੜੀ ਮਿਲ਼ਦੀ ਹੈ ,ਪਰ ਸਭ ਤੋਂ ਵੱਧ ਉਹਨਾਂ ਨੂੰ ਮਿਲਦਾ ਹੈ , ਜੋ ਕੋਈ ਕੰਮ ਨਹੀ ਕਰਦੇ । " ਇਹ ਗੱਲ ਸਿਧਾਂਤਕ ਤੌਰ 'ਤੇ ਭਾਵੇਂ ਚੰਗੀ ਤਰ੍ਹਾਂ ਲਾਲ ਸਿੰਘ ਨੇ ਬਾਅਦ ਵਿਚ ਸਮਝੀ ਹੋਵੇ , ਪਰ ਵਿਹਾਰਕ ਤੌਰ 'ਤੇ ਉਸ ਨੇ ਫੈਕਟਰੀਆਂ ਵਿਚ ਕੰਮ ਕਰਨ ਵੇਲੇ ਅਤੇ ਦੁਰੇਡੇ ਸ਼ਹਿਰਾਂ ਵਿਚ ਲੱਗੇ ਵਪਾਰੀਆਂ ਦੇ ਕਈ ਦਾਅ-ਪੇਚ ਵੀ ਅੱਖੀਂ ਦੇਖ ਲਏ ਸਨ ।ਜਿਵੇਂ ਆਸ-ਪਾਸ ਦੀਆਂ ਫੈਕਟਰੀਆਂ 'ਚ ਲੋੜੀਂਦੀ ਵੰਨਗੀ ਦੀਆਂ ਤਿਆਰ ਟੂਟੀਆਂ ਸਥਾਨਕ ਮੁੱਲ 'ਤੇ ਖ਼ਰੀਦ ਕੇ ਆਪਣੇ ਮਾਰਕੇ ਹੇਠ ਦੂਰ-ਪਾਰ ਸ਼ਹਿਰ ਮਹਿੰਗੇ ਭਾਅ ਵੇਚਣਾ ਆਦਿ ।

ਜੀਵਨ-ਸਫ਼ਰ ਦੌਰਾਨ ਉਸ ਦ ਰੋਜ਼ੀ-ਰੋਟੀ ਲਈ ਸੰਘਰਸ਼ ਅਤੇ ਸਾਹਿਤ ਵਿਕਾਸ ਯਾਤਰਾ ਨਾਲ-ਨਾਲ ਚੱਲਦੇ ਹਨ ।ਉਸ ਨੂੰ ਹਰ ਥਾਂ ਕੁਝ ਸਾਹਿਤਕ ਲੋਕ ਅਤੇ ਚੇਤਨ ਮਨੁੱਖ ਮਿਲ ਜਾਂਦੇ ਸਨ , ਜਾਂ ਕਹਿ ਸਕਦੇ ਹਾਂ ਕਿ ਉਹ ਲੱਭ ਲੈਂਦਾ ਸੀ । ਨੰਗਲ ਵਿਚ ਉਸ ਨੂੰ ਗੁਰਸ਼ਰਨ ਸਿੰਘ ਮਿਲਿਆ , ਉਸ ਦੇ ਨਾਟਕ ਦੇਖੇ ,ਫਿਰ ਉਸ ਦੀ ਟੀਮ ਦਾ ਵੀ ਕੁਝ ਚਿਰ ਹਿੱਸਾ ਬਣਿਆ । ਨੰਗਲ ਵਿਚ ਧਾਰਮਿਕ ਸਮਾਗਮਾਂ ਅਤੇ ਗੁਰਪੁਰਬਾਂ ਸਮੇਂ ਪਹਿਲਾਂ ਗੁਰਦੁਆਰਿਆਂ ਵਿਚ ਹੋਣ ਵਾਲੇ ਕਵੀ ਦਰਬਾਰਾਂ ਵਿਚ ਚਰਨ ਸਿੰਘ ਸਫ਼ਰੀ ,ਗੁਰਚਰਨ ਸਿੰਘ ਦੇਵ,ਗੁਰਦੇਵ ਸਿੰਘ ਮਾਨ,ਗੁਰਦਿੱਤ ਸਿੰਘ ਕੁੰਦਨ ਅਤੇ ਰਾਮ ਨਰਾਇਣ ਦਰਦੀ ਵਰਗੇ ਲੋਕਾਂ ਨੂੰ ਸੁਣਿਆ । ਫਿਰ ਇਹਨਾਂ ਲੋਕਾਂ ਨਾਲ ਆਪ ਵੀ ਕਵੀ ਦਰਬਾਰਾਂ ਵਿੱਚ ਕਵਿਤਾਵਾਂ ਪੜ੍ਹੀਆਂ । ਜਲੰਧਰ ਕਿਆਮ ਦੌਰਾਨ ਉਸ ਦਾ ਇਕ ਕਾਮੇ ਸਾਥੀ ਨਾਲ ਮੇਲ ਹੋਇਆ , ਜੋ ਨੰਦ ਲਾਲ ਨੂਰਪੁਰੀ ਦਾ ਜਵਾਈ ਸੀ । ਉਸ ਦੇ ਰਾਹੀਂ ਉਹ ਬੜੀ ਹਸਰਤ ਨਾਲ ਨੂਰਪੁਰ ਨੂੰ ਮਿਲਿਆ । ਕੁਝ ਮਿਲਣੀਆਂ ਤੋਂ ਬਾਅਦ ਲਾਲ ਸਿੰਘ ਨੇ ਨੂਰਪੁਰੀ ਨੂੰ ਆਪਣਾ ਰਸਮੀ ਤੌਰ 'ਤੇ ਗੁਰੂ ਧਾਰ ਲਿਆ । ਜਲੰਧਰ ਰਹਿੰਦਿਆਂ ਹੀ ਦੇਸ਼ ਭਗਤ ਯਾਦਗਾਰ ਹਾਲ ਵੀ ਆਉਣ-ਜਾਣ ਬਣਿਆ ।ਓਥੇ ਉਸਦਾ ਮੇਲ ਪਾਸ਼ ਨਾਲ ਹੋਇਆ । ਜਲੰਧਰ ਵਿਚ ਹੀ ਉਸਨੂੰ ਕੰਪਨੀ ਬਾਗ ਦੇ ਕਵੀ-ਦਰਬਾਰਾਂ ਵਿਚ ਡਾ. ਹਰਿਭਜਨ ਸਿੰਘ ,ਸ਼ਿਵ ਕੁਮਾਰ, ਪਾਸ਼ , ਜਗਤਾਰ , ਮੀਸ਼ਾ , ਨਿਰੰਜਨ ਸਿੰਘ ਨੂਰ ਅਤੇ ਹਰਭਜਨ ਸਿੰਘ ਹੁੰਦਲ ਵਰਗੇ ਕਵੀਆਂ ਨੂੰ ਸੁਣ ਕੇ ਆਪਣੀ ਸਾਹਿਤਕ ਚੇਤਨਾ ਨੂੰ ਤਿਖੇਰਾ ਕੀਤਾ ।ਜਲੰਧਰ ਬੀ.ਐਡ. ਕਰਦਿਆਂ ਹੀ ਉਸ ਨੇ ਕਾਮਰੇਡਾਂ ਦੇ ਸਕੂਲਾਂ ਦੇ ਪਾਠ ਵੀ ਪੜ੍ਹ ਲਏ ।

ਲਾਲ ਸਿੰਘ ਆਪਣਾ ਜੀਵਨ ਬਿਰਤਾਂਤ ਪੇਸ਼ ਕਰਦਾ ਹੋਇਆ ਇਮਾਨਦਾਰੀ ਅਤੇ ਬੇਬਾਕੀ ਦਾ ਸਾਥ ਨਹੀਂ ਛੱਡਦਾ । ਉਹ ਚਾਹੇ ਪਰਿਵਾਰਕ ਸੰਬੰਧਾਂ ਦੀ ਗੱਲ ਕਰ ਰਿਹਾ ਹੋਵੇ ਜਾਂ ਸਮਾਜਿਕ ਵਰਤ-ਵਰਤਾਰਿਆਂ ਦੀ , ਉਹ ਨਿੱਠ ਕੇ ਸੱਚ 'ਤੇ ਪਹਿਰਾ ਦਿੰਦਾ ਹੈ । ਆਪਣੀ ਪਤਨੀ ਪ੍ਰਤੀ ਫ਼ਰਜ਼ਾਂ ਦੀ ਪੂਰਤੀ ਸਹੀ ਤਰੀਕੇ ਨਾਲ ਨਾ ਕਰ ਸਕਣ ਦੀ ਗੱਲ ਸਵੀਕਾਰ ਕਰਦਾ ਹੋਇਆ ਉਹ ਲਿਖਦਾ ਹੈ , "ਪਹਿਲੋਂ ਤਾਂ ਅਸੀਂ ਮੀਆਂ-ਬੀਵੀ ਇਕ-ਦੂਜੇ ਨੂੰ ਓਪਰਿਆਂ ਵਾਂਗ ਮਿਲਦੇ ਰਹੇ ਸਾਂ । ਇਸ ਵਿਚ ਵੱਡਾ ਕਸੂਰ ਮੇਰਾ ਸੀ ।ਸਰੀਰਕ ਕਿਰਿਆ ਤੋਂ ਵੱਧ ਮੈਂ ਉਸ ਨੂੰ ਕੋਈ ਨਿੱਘ ਨਹੀਂ ਦੇ ਸਕਿਆ । ਵਿਆਹ ਉਪਰੰਤ ਵੀ ਮੈਂ ਕਿਧਰੇ ਬਾਰੀਂ ਸਾਲੀਂ ਉਸ ਪਾਸ ਪੁੱਜਾ ਸਾਂ ਇਕ ਛੱਤ ਹੇਠ , ਪਿੰਡ ਰੈਲੀ । " ਸਾਹਿਤਕ ਖੇਤਰ ਵਿਚ ਵੀ ਉਹ ਆਪਣੀਆਂ ਮੁੱਢਲੇ ਦੌਰ ਦੀਆਂ ਕਚਿਆਈਆਂ ਨੂੰ ਪੇਸ਼ ਕਰਨੋਂ ਸੰਕੋਚ ਨਹੀਂ ਕਰਦਾ । ਪਾਸ਼ ਨੂੰ ਮਾਸਕ ਪੱਤਰ 'ਸਿਆੜ ਵਿਚ ਛਾਪਣ ਲਈ ਭੇਜੀ ਕਵਿਤਾ ਦੇ ਵਾਪਸ ਆਉਣ ਬਾਰੇ ਉਹ ਲਿਖਦਾ ਹੈ , "ਕਵਿਤਾ ਵਿਚਲੀਆਂ ਵਿਰੋਧਾਭਾਵੀ ਤੁਕਾਂ ਦਾ ਬਕਾਇਆ ਉਲੇਖ ਕਰ ਕੇ ਉਸ ਨੇ ਮੇਰੇ ਜਿਵੇਂ ਇਕ ਚੂੰਢੀ ਵੱਢੀ ਸੀ ।" ਇਸੇ ਤਰ੍ਹਾਂ 'ਸਿਰਜਣਾ ' ਦੇ ਸੰਪਾਦਕ ਡਾ. ਰਘਬੀਰ ਸਿੰਘ ਦੁਆਰਾ ਵਾਪਸ ਭੇਜੀ ਕਹਾਣੀ 'ਮਰਦਮ-ਸ਼ੁਮਾਰੀ ' ਦੇ ਨਾਲ ਭੇਜੀ ਟਿੱਪਣੀ ਨੂੰ ਵੀ ਉਹ ਖਿੜੇ ਮੱਥੇ ਪ੍ਰਵਾਨ ਕਰਦਾ ਹੈ । " ਇਕੱਲੀ ਤੇ ਇਕੱਲੀ ਬਿਆਨੀਆ ਲਿਖਤ ਕਹਾਣੀ ਨਹੀਂ ਬਣਦੀ । ਇਸ ਇਬਾਰਤ ਇਸ ਤੋਂ ਅੱਗੇ ਕੁਝ ਹੋਰ ਵੀ ਮੰਗ ਕਰਦੀ ਹੈ ।ਇਹ ਮੰਗ ਪਾਠਕੀ ਮਾਨਸਿਕਤਾ ਅੰਦਰ ਅਜਿਹੀ ਊਰਜਾ ਭਰਨ ਦੀ ਹੈ , ਜਿਸ ਨਾਲ ਉਹ ਅਕੇਵੇਂ ਭਰੇ ਚੌਗਿਰਦੇ ਤੋਂ ਛੁਟਕਾਰਾ

ਪਾਉਣ ਲਈ ਤਰਲੋ-ਮੱਛੀ ਹੋ ਤੁਰੇ ।" ਉਂਜ ਪੁਸਤਕ ਦਾ ਨਾਂ 'ਬੇਸਮਝੀਆਂ' ਰੱਖਣਾ ਹੀ ਉਸ ਦੀ ਨਿਮਰਤਾ ਅਤੇ ਇਮਾਨਦਾਰੀ ਦਾ ਵੱਡਾ ਪ੍ਰਮਾਣ ਹੈ । ਇਹ ਵੀ ਨਹੀਂ ਕਿ ਉਹ ਵੱਡੇ ਨਾਵਾਂ ਦਾ ਸ਼ਰਧਾਲੂ ਹੈ । ਜਿਥੇ ਉਹ ਆਪਣੇ ਐਬਾਂ ਨੂੰ ਸਵੀਕਾਰ ਕਰਦਾ ਹੈ , ਪਾਰਖੂ ਵਿਦਵਾਨਾਂ ਨੂੰ ਸਲਾਹੁੰਦਾ ਹੈ , ਓਥੇ ਪੱਖਪਾਤੀ ਅਤੇ ਗੈਰ-ਸੰਜੀਦਾ ਸਾਹਿਤ ਆਲੋਚਕਾਂ ਦੇ ਕਾਰਨਾਮਿਆਂ ਨੂੰ ਵੀ ਬਾਖ਼ੂਬੀ ਬੇਪਰਦਾ ਕਰਦਾ ਹੈ ।

ਲਾਲ ਸਿੰਘ ਜਿੱਥੇ ਆਪਣੇ ਜੀਵਨ ਸਫ਼ਰ , ਜਿਸ ਵਿਚ ਉਹ ਆਪਣੀ ਤਾਲੀਮ ਪ੍ਰਾਪਤੀ ਦਾ ਜ਼ਿਕਰ ਕਰਦਾ ਹੈ ,ਰੁਜ਼ਗਾਰ ਲਈ ਵੇਲੇ ਪਾਪੜਾਂ ਦੀ ਗੱਲ ਕਰਦਾ , ਆਪਣੇ ਪਰਿਵਾਰ ਦੀਆਂ ਦੁਸ਼ਵਾਰੀਆਂ ਦਾ ਚਿੱਤਰਣ ਕਰਦਾ ਹੈ , ਆਪਣੇ ਸਾਹਿਤ ਦੀ ਵਿਕਾਸ ਯਾਤਰਾ ਦੀ ਗੱਲ ਕਰਦਾ ਹੈ, ਨੂੰ ਖ਼ੂਬਸੂਰਤੀ ਅਤੇ ਕਲਾਤਮਿਕਤਾ ਨਾਲ ਪੇਸ਼ ਕਰਦਾ ਹੈ, ਓਥੇ ਆਪਣੇ ਸਮਕਾਲ ਨੂੰ ਵੀ ਬੜੀ ਮਜ਼ਬੂਤੀ ਨਾਲ ਫੜਦਾ ਅਤੇ ਪੇਸ਼ ਕਰਦਾ ਹੈ ।ਇਸ ਵਿਚ ਚਾਹੇ ਨਾਕਸ ਸਿੱਖਿਆ ਵਿਵਸਥਾ ਦੀ ਗੱਲ ਹੋਵੇ , ਚਾਹੇ ਨੌਕਰੀਆਂ ਦਾ ਗੋਰਖਧੰਦਾ ਹੋਵੇ , ਚਾਹੇ ਕਿਰਾਏ ਦੇ ਮਕਾਨਾਂ ਵਿਚ ਰਹਿਣ ਦਾ ਜੱਭ ਹੋਵੇ , ਚਾਹੇ ਜਾਗਦੇ ਸਿਰਾਂ ਵਾਲੇ ਲੋਕਾਂ 'ਤੇ ਸਰਕਾਰੀ ਨਜ਼ਰ ਦਾ ਮਾਮਲਾ ਹੋਵੇ , ਚਾਹੇ ਪੁਜਾਰੀਵਾਦ ਦਾ ਪ੍ਰਚਲਣ ਹੋਵੇ ਤੇ ਚਾਹੇ ਕਿਸੇ ਵੀ ਪੱਧਰ ਦੇ ਭ੍ਰਿਸ਼ਟਾਚਾਰ ਦਾ ਮਸਲਾ ਹੋਵੇ ,ਲੇਖਕ ਨੇ ਉਸ ਨੂੰ ਬਾਖ਼ੂਬੀ ਪੇਸ਼ ਕੀਤਾ ਹੈ ।

ਕਲਾਤਮਿਕ ਪੱਖੋਂ ਵੀ ਲਾਲ ਸਿੰਘ ਦੀ ਪੁਸਤਕ 'ਬੇਸਮਝੀਆਂ' ਕਈ ਖ਼ੂਬੀਆਂ ਨਾਲ ਭਰਪੂਰ ਹੈ । ਉਸ ਦੀ ਰਚਨਾ ਵਿਚਲੀ ਵਾਕ-ਬਣਤਰ, ਸਰਲਤਾ , ਸਪੱਸ਼ਟਤਾ ਅਤੇ ਰੌਚਿਕਤਾ ਪਾਠਕ ਨੂੰ ਕੀਲਣ ਦੀ ਸਮਰੱਥਾ ਰੱਖਦੀ ਹੈ ।ਸਵੈ-ਜੀਵਨੀ ਬਿਰਤਾਂਤਕ-ਜੁਗਤਾਂ ਨਾਲ਼ ਬਣਦੀ ਹੈ । ਉਂਝ ਬਿਰਤਾਂਤ ਨਾਵਲ , ਕਹਾਣੀ ਜਾਂ ਸਵੈ-ਜੀਵਨੀ ਤੱਕ ਹੀ ਸੀਮਤ ਨਹੀਂ । ਰੋਲਾਂ ਬਾਰਤ ਤਾਂ ਕਹਿੰਦਾ ਹੈ ਕਿ ਬਿਰਤਾਂਤ ਜੀਵਨ ਦੇ ਹਰ ਖੇਤਰ ਵਿਚ ਮੌਜੂਦ ਹੁੰਦਾ ਹੈ । ਬਿਰਤਾਂਤ ਸ਼ਾਸ਼ਤਰੀ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਬਿਰਤਾਂਤ ਖ਼ਬਰਾਂ ਵਿਚ ਵੀ ਹੁੰਦਾ ਹੈ ਅਤੇ ਨਾਟਕ ਦੀਆਂ ਉਹਨਾਂ ਵੰਨਗੀਆਂ ਵਿਚ ਵੀ ,ਜਿਨ੍ਹਾਂ ਵਿਚ ਆਵਾਜ਼ ਨਹੀਂ ਹੁੰਦੀ । ਲਾਲ ਸਿੰਘ ਦੀ ਪੁਸਤਕ 'ਬੇਸਮਝੀਆਂ ' ਵੀ ਬਿਰਤਾਂਤ ਕਲਾ ਦਾ ਨਿੱਗਰ ਨਮੂਨਾ ਹੈ। ਮੁਢਲੇ ਚੈਪਟਰਾਂ ਵਿਚ ਉਹ ਪਿੱਛਲ ਝਾਤ ਜੁਗਤ ਰਾਹੀਂ ਆਪਣੀ ਜੀਵਨ-ਕਥਾ ਦਾ ਤਾਣਾ-ਬਾਣਾ ਬੜੀ ਕਲਾਤਮਿਕਤਾ ਨਾਲ ਬੁਣਦਾ ਹੈ ।

ਕਈ ਥਾਈਂ ਲਾਲ ਸਿੰਘ ਆਪਣੀ ਭਾਸ਼ਾ ਅਤੇ ਪੇਸ਼ਕਾਰੀ ਨੂੰ ਅਜਿਹੀ ਕਾਲਤਮਿਕ ਰੰਗਤ ਪ੍ਰਦਾਨ ਕਰਦਾ ਹੈ ਕਿ ਉਸਦੀ ਵਾਰਤਕ ਗਲਪ ਦਾ ਹੀ ਰੂਪ ਹੋ ਨਿੱਬੜਦੀ ਹੈ , "ਮੇਰਾ ਇਕ ਪੈਰ ਪੌੜੀ ਦੇ ਅੱਠਵੇਂ ਡੰਡੇ 'ਤੇ ਹੈ ਤੇ ਦੂਜਾ ਗਿੱਠ ਕੁ ਉੱਚੇ ਬਨੇਰੇ 'ਤੇ । ਸਹਿਵਨ ਹੀ ਮੇਰੀ ਨਿਗਾਹ ਹੇਠਾਂ ਵਿਹੜੇ ਵੱਲ ਨੂੰ ਸਰਕ ਗਈ । ਪੰਜਾਂ ਕੁ ਵਰ੍ਹਿਆਂ ਦਾ ਇਕ ਬਾਲ ਖੇਡਦੇ ਹਾਣੀਆਂ ਨੂੰ ਛੱਡ ਕੇ ਪੌੜੀ ਦੇ ਪਹਿਲੇ ਡੰਡੇ 'ਤੇ ਚੜ੍ਹਨ ਦੇ ਆਹਰ ਵਿਚ ਹੈ। "

ਲਾਲ ਸਿੰਘ ਪੰਜਾਬ ਦਾ ਸਮਰੱਥ ਕਹਾਣੀਕਾਰ ਹੈ ।ਉਸਦਾ ਸਾਹਿਤਕ ਸਫ਼ਰ ਪੰਜ ਦਹਾਕੇ ਤੋਂ ਲੰਮੇਰਾ ਹੈ ਤੇ ਉਸਦਾ ਜੀਵਨ ਸਫ਼ਰ ਅੱਠ ਦਹਾਕੇ ਤੋਂ ਵੀ ਲੰਮੇਰਾ । ਅਨੁਭਵੀ ਸਾਹਿਤਕਾਰ ਲਾਲ ਸਿੰਘ ਦੀ ਸਵੈ-ਜੀਵਨੀ ਮੂਲਕ ਪੁਸਤਕ 'ਬੇਸਮਝੀਆਂ ' ਵਿਚ ਉਸਦੀ ਸਮਝ ਦਾ ਜਲੋਅ ਦੇਖਣਯੋਗ ਹੈ । ਅਜਿਹੀ ਪੁਸਤਕ ਦਾ ਸੁਆਗਤ ਕਰਨਾ ਬਣਦਾ ਹੈ ।

(ਲੇਖਕ ਦਾ ਸੰਪਰਕ
9417142415

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲੈਂਗਾ, ਅਤੇ ਕੋਈ ਵੀ ਡੀਜ਼ਾਈਨਰ ਸੂਟ ਸਵੌਣ ਲਈ ਸੰਪਰਕ ਕਰੋ:

01191-9779100149



# ਸਹੀ ਸੇਧ, ਮਿਹਨਤ ਤੇ ਸਫਲਤਾ

-ਬੂਟਾ ਰਾਮ ਧਰਮਸੋਤ

ਸਬਰ ਸੰਤੋਖ ਅਤੇ ਸਹੀ ਦਿਸ਼ਾ ਵਿੱਚ ਕੀਤੀ ਮਿਹਨਤ ਇੱਕ ਦਿਨ ਜ਼ਰੂਰ ਰੰਗ ਲਿਆਉਂਦੀ ਹੈ। ਇਹ ਗੱਲ ਮੇਰੇ ਲਈ ਬੀਤੀ 22 ਅਕਤੂਬਰ 2021 ਨੂੰ ਸਹੀ ਸਾਬਤ ਹੋਈ, ਜਦੋਂ ਇਸ ਦਿਨ ਮੈਂ ਪੰਜਾਬ ਸਕੂਲ ਸਿੱਖਿਆ ਵਿਭਾਗ ਵਿੱਚ ਬਤੌਰ ਸਕੂਲ ਲਾਇਬਰੇਰੀਅਨ ਨਿਯੁਕਤ ਹੋਇਆ। ਨਾਲ ਹੀ ਇਸ ਦੌਰਾਨ ਮੈਂ ਆਪਣੇ ਕਈ ਦੋਸਤਾਂ ਨੂੰ ਵੀ ਸਿੱਖਿਆ ਅਤੇ ਮਿਹਨਤ ਦੇ ਬਲਬੂਤੇ ਜ਼ਿੰਦੀਗ ਵਿੱਚ ਵਧੀਆ ਮੁਕਾਮ ਅਤੇ ਆਪਣੀ ਮੰਜ਼ਲ ਹਾਸਲ ਕਰਦਿਆਂ ਦੇਖਿਆ ਅਤੇ ਜਾਣਿਆ ਕਿ ਸਿੱਖਿਆ ਰਾਹੀਂ ਹਰ ਇਨਸਾਨ ਆਪਣੇ ਜੀਵਨ ਵਿੱਚ ਭਾਰੀ ਤਬਦੀਲੀਆਂ ਲਿਆ ਸਕਦਾ ਹੈ, ਕਿਉਂਕਿ ਜਦ ਕੋਈ ਮਨੁੱਖ ਕਿਸੇ ਵੀ ਖੇਤਰ ਵਿੱਚ ਹੁਨਰ ਪੈਦਾ ਕਰ ਲੈਂਦਾ ਹੈ ਤਾਂ ਉਸ ਨਾਲ ਉਹ ਆਪਣੇ ਆਰਥਿਕ ਹਾਲਤ ਸੁਧਾਰ ਸਕਦਾ ਹੈ ਅਤੇ ਇਸ ਤਰ੍ਹਾਂ ਉਹ ਆਪਣੇ ਬੱਚਿਆਂ ਅਤੇ ਆਪਣੇ ਭੈਣ-ਭਰਾਵਾਂ ਦਾ ਭਲਾ ਤੇ ਵਿਕਾਸ ਕਰ ਸਕਦਾ ਹੈ।

ਆਪਣੀ ਛੋਟੀ ਜਿਹੀ ਉਮਰ ਵਿੱਚ ਸਿੱਖਿਆ ਪ੍ਰਾਪਤ ਕਰਨ ਲਈ ਮੈਨੂੰ ਵੀ ਸਮਾਜ ਦੇ ਵੱਡੇ ਹਿੱਸੇ ਵਾਂਗ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ, ਪਰ ਮੇਰੇ ਕੁਝ ਦੋਸਤ ਮੈਨੂੰ 'ਮਿਹਨਤੀ ਇਨਸਾਨ' ਦਾ ਦਰਜਾ ਦਿੰਦੇ ਹਨ ਤੇ ਉਨ੍ਹਾਂ ਦੀ ਹੱਲਾਸ਼ੇਰੀ ਅਤੇ ਚੰਗੀ ਸੰਗਤ ਨਾਲ ਮੈਨੂੰ ਸਹੀ ਰਾਹ ਉੱਤੇ ਅੱਗੇ ਵਧਣ ਦੀ ਪ੍ਰੇਰਨਾ ਮਿਲਦੀ ਰਹੀ। ਅਜਿਹੇ ਕੁਝ ਦੋਸਤ ਮੈਨੂੰ ਐੱਨ ਬੀ ਬੁੱਕ ਡਿਪੂ, ਬਰਨਾਲਾ ਉੱਤੇ ਸੇਲਜ਼ਮੈਨ ਵਜੋਂ ਕੰਮ ਕਰਦੇ ਸਮੇਂ ਮਿਲੇ। ਇਨ੍ਹਾਂ ਵਿੱਚੋਂ ਇੱਕ ਦੋਸਤ ਹੈ ਅਰਵਿੰਦ ਸ਼ਰਮਾ, ਜੋ ਓਦੋਂ ਬੀ ਐੱਡ ਦੀ ਪੜ੍ਹਾਈ ਕਰਦਾ ਸੀ ਤੇ ਅੱਜ ਇੱਕ ਸਰਕਾਰੀ ਸਕੂਲ ਦਾ ਟੀਚਰ ਹੈ। ਦੂਜਾ ਦੋਸਤ ਜਗਸੀਰ ਧੌਲਾ ਹੈ। ਉਹ ਵੀ ਓਦੋਂ ਬੀ ਐੱਡ ਕਰਦਾ ਸੀ ਤੇ ਨਾਲ ਆਰਥਿਕ ਤੰਗੀ ਕਾਰਨ ਟਿਊਸ਼ਨਾਂ ਦਾ ਕੰਮ ਕਰਦਾ ਸੀ। ਅੱਜ ਉਹ ਤੰਗ-ਤੁਰਸ਼ੀਆਂ ਦੇ ਦਿਨ ਕੱਟਣ ਤੋਂ ਬਾਅਦ ਇੱਕ ਸਰਕਾਰੀ ਸਕੂਲ ਵਿੱਚ ਅਧਿਆਪਕ ਹੈ।

ਇੱਕ ਹੋਰ ਦੋਸਤ ਜੋ ਕਾਫੀ ਗਰੀਬੀ ਵਿੱਚੋਂ ਉਠਿਆ ਸੀ, ਜਿਸ ਦੇ ਘਰ ਵਿੱਚ ਸਿੱਖਿਆ ਦਾ ਕੋਈ ਮਾਹੌਲ ਨਹੀਂ ਸੀ ਤੇ ਪਰਵਾਰ ਵਿੱਚ ਕੋਈ ਪੜ੍ਹਿਆ ਨਹੀਂ ਸੀ, ਉਹ ਹੈ ਗੁਰਜੰਟ ਸਿੰਘ, ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਤੈਨਾਤ ਹੈ। ਇਸ ਨੇ ਪ੍ਰਾਈਵੇਟ ਨੌਕਰੀ ਕਰਦਿਆਂ ਬਸ ਵਿੱਚ ਸਫਰ ਦੌਰਾਨ ਪੜ੍ਹ-ਪੜ੍ਹ ਕੇ ਪ੍ਰਾਈਵੇਟ ਪੜ੍ਹਾਈ ਰਾਹੀਂ ਬੀ ਏ ਅਤੇ ਟਰੇਨ ਵਿੱਚ ਸਫਰ ਦੌਰਾਨ ਐੱਮ ਏ ਪੰਜਾਬੀ ਪ੍ਰਾਈਵੇਟ ਅਤੇ ਨੈੱਟ ਦੀ ਪ੍ਰੀਖਿਆ ਪਾਸ ਕੀਤੀ ਤੇ ਅੱਜ ਪੀ ਐੱਚ ਡੀ ਕਰ ਰਿਹਾ ਹੈ। ਇਸ ਨੇ ਆਪਣੀ ਪਤਨੀ ਪ੍ਰੋਫੈਸਰ ਹਰਦੀਪ ਕੌਰ ਨੂੰ ਬਾਰ੍ਹਵੀਂ ਕਲਾਸ ਤੋਂ ਬਾਅਦ ਖੁਦ ਪੜ੍ਹਾਇਆ, ਜੋ ਐੱਮ ਏ ਪੰਜਾਬੀ ਅਤੇ ਨੈੱਟ ਦੀ ਪ੍ਰੀਖਿਆ ਪਾਸ ਕਰ ਕੇ ਕਾਲਜ ਵਿੱਚ ਲੈਕਚਰਾਰ ਨਿਯੁਕਤ ਹੋਏ ਅਤੇ ਨਾਲ ਪੀ ਐੱਚ ਡੀ ਪੜ੍ਹਾਈ ਪੂਰੀ ਕੀਤੀ। ਇਹ ਦੋਵੇਂ ਪਤੀ-ਪਤਨੀ ਵਿਦਿਆਰਥੀਆਂ ਦੀ ਬਹੁਤ ਮਦਦ ਕਰਦੇ ਹਨ। ਹਰ ਐਤਵਾਰ ਇਨ੍ਹਾਂ ਕੋਲ ਕਾਫੀ ਵਿਦਿਆਰਥੀ ਘਰੇ ਸਲਾਹ ਲੈਣ ਲਈ ਆਉਂਦੇ ਹਨ।

ਇਨ੍ਹਾਂ ਦੋਸਤਾਂ ਦੀ ਹੱਲਾਸ਼ੇਰੀ ਨਾਲ ਮੈਂ ਵੀ ਆਪਣੀ ਮੰਜ਼ਿਲ ਵੱਲ ਵਧਿਆ ਅਤੇ ਸਿੱਖਿਆ ਪ੍ਰਾਪਤ ਕੀਤੀ, ਜਦ ਕਿ ਮੇਰੇ ਘਰ ਵਿੱਚ ਵੀ ਸਿੱਖਿਆ ਦਾ ਕੋਈ ਮਾਹੌਲ ਨਹੀਂ ਸੀ। ਮੇਰੇ ਪਰਵਾਰ ਵਿੱਚ ਮੈਂ ਪਹਿਲਾ ਮੈਂਬਰ ਹਾਂ ਜਿਸ ਨੇ 10ਵੀਂ ਦੀ ਪ੍ਰੀਖਿਆ ਪਾਸ ਕੀਤੀ ਸੀ। ਸਾਡੇ ਪਛੜੇ ਭਾਈਚਾਰੇ ਵਿੱਚ ਬਹੁਤ ਛੋਟੀ ਉਮਰੇ ਬੱਚਿਆਂ ਨੂੰ ਪੜ੍ਹਾਈ ਤੋਂ ਹਟਾ ਕੇ ਵਿਆਹ ਕਰ ਦਿੱਤੇ ਜਾਂਦੇ ਹਨ। ਮੇਰਾ ਛੇਵੀਂ ਜਮਾਤ ਵਿੱਚ ਪੜ੍ਹਦੇ ਸਮੇਂ ਰਿਸ਼ਤਾ ਹੋ ਗਿਆ, ਪਰ ਖੁਸ਼ਕਿਸਮਤੀ ਨਾਲ ਕੁਝ ਕਾਰਨਾਂ ਕਰ ਕੇ ਰਿਸ਼ਤਾ ਸਿਰੇ ਨਾ ਲੱਗਾ। ਮੈਂ ਜਿੱਥੇ ਰਹਿੰਦਾ ਹਾਂ, ਇੱਥੇ ਸਾਡੇ ਭਾਈਚਾਰੇ ਦੇ ਕਿਸੇ ਵੀ ਨੌਜਵਾਨ ਨੇ ਗ੍ਰੈਜੂਏਸ਼ਨ ਨਹੀਂ ਕੀਤੀ ਸੀ ਤੇ ਇਹ ਮਾਣ ਮੈਨੂੰ ਹੀ ਹਾਸਲ ਹੋਇਆ।

ਇਸ ਦੌਰਾਨ ਪੜ੍ਹਾਈ ਲਈ ਬੜੀਆਂ ਆਰਥਿਕ ਅਤੇ ਮਾਨਸਿਕ ਔਕੜਾਂ ਦਾ ਸਾਹ-ਮਣਾ ਕਰਨਾ ਪਿਆ। ਪੜ੍ਹਨ ਲਈ ਫੀਸਾਂ ਭਰਨ ਵਾਸਤੇ ਪੈਸੇ ਨਹੀਂ ਹੁੰਦੇ ਸਨ। ਪੜ੍ਹਾਈ ਪੂਰੀ ਕਰਨ ਲਈ ਮੈਨੂੰ ਲੋਕਾਂ ਦੇ ਘਰਾਂ ਵਿੱਚ ਦਿਹਾੜੀਆਂ ਕਰਨੀਆਂ ਪਈਆਂ, ਬੁੱਕ ਡਿਪੂ ਉੱਤੇ ਕੰਮ ਕੀਤਾ। ਬੁੱਕ ਡਿਪੂ ਉੱਤੇ ਕੰਮ ਕਰਦੇ ਦੌਰਾਨ ਮੈਂ ਲਾਇਬਰੇਰੀ ਦਾ ਕੋਰਸ ਕਰ ਲਿਆ ਜਿਸ ਦੇ ਫਲਸਰੂਪ ਪਹਿਲਾਂ ਮੈਂ ਇੱਕ ਨਿੱਜੀ ਕਾਲਜ ਵਿੱਚ ਲਾਇਬਰੇਰੀ ਰੀਸਟਰੋਰ ਲੱਗ ਗਿਆ। ਉਸ ਪਿੱਛੋਂ ਲਗਾਤਾਰ ਕਈ ਕਾਲਜਾਂ ਵਿੱਚ ਨੌਕਰੀ ਕੀਤੀ ਤੇ ਅਖੀਰ ਸਰਕਾਰੀ ਸਕੂਲ ਵਿੱਚ ਲਾਇਬਰੇਰੀਅਨ ਦੀ ਨੌਕਰੀ ਹਾਸਲ ਹੋਈ। ਇਸ ਦੌਰਾਨ ਭਾਈਚਾਰੇ ਵਿੱਚੋਂ ਹੱਲਾਸ਼ੇਰੀ ਦੇਣ ਵਾਲਾ ਤਾਂ ਕੋਈ ਵਿਰਲਾ ਸੀ, ਪਰ ਦਿਲ ਤੋੜਨ ਵਾਲੇ ਬਥੇਰੇ ਸਨ। ਕਈ ਤਾਂ ਇੱਥੋਂ ਤੱਕ ਆਖ ਦਿੰਦੇ ਸਨ ਕਿ "ਤੂੰ ਪੜ੍ਹ ਕੇ ਕਿਹੜਾ ਜੱਜ ਲੱਗ ਜਾਣੈ", ਪਰ ਜਿਸ ਦਿਨ ਮੈਨੂੰ ਨੌਕਰੀ ਮਿਲੀ, ਉਹੀ ਲੋਕ ਵਧਾਈਆਂ ਦੇ ਰਹੇ ਸਨ ਅਤੇ ਮੈਨੂੰ ਆਪਣੇ ਬੱਚਿਆਂ ਨੂੰ ਵੀ ਕੋਈ ਸੇਧ ਦੇਣ ਲਈ ਆਖ ਰਹੇ ਸਨ।

ਜਦੋਂ ਉਹ ਮੈਨੂੰ ਮਾਨਸਿਕ ਪੀੜਾ ਦਿੰਦੇ ਸਨ ਤਾਂ ਮੈਨੂੰ ਲੱਗਦਾ ਸੀ ਕਿ ਇਸ ਵਿੱਚ ਉਨ੍ਹਾਂ ਦਾ ਬਹੁਤਾ ਦੋਸ਼ ਨਹੀਂ ਹੈ, ਕਿਉਂਕਿ ਉਨ੍ਹਾਂ ਨੂੰ ਪੜ੍ਹਾਈ ਦੀ ਕੀਮਤ ਹੀ ਨਹੀਂ ਪਤਾ, ਉਹ ਵਹਿਮਾਂ ਭਰਮਾਂ ਅਤੇ ਅੰਧ ਵਿਸ਼ਵਾਸਾਂ ਵਿੱਚ ਉਲਝੇ ਰਹਿੰਦੇ ਸਨ, ਜੋ ਅੱਜ ਵੀ ਹਨ। ਨਾ ਕੋਈ ਉਨ੍ਹਾਂ ਨੂੰ ਸਿੱਖਿਆ ਦੇ ਮਹੱਤਵ ਬਾਰੇ ਦੱਸਦਾ ਸੀ, ਨਾ ਉਹ ਸੁਣਨਾ ਚਾਹੁੰਦੇ ਸਨ, ਪਰ ਮੈਨੂੰ ਜਿਉਂ ਜਿਉਂ ਸੂਝ ਆਉਂਦੀ ਗਈ, ਮੈਂ ਬਹੁਤ ਸਾਰੇ ਨੌਜਵਾਨਾਂ ਨੂੰ ਸਲਾਹ ਦੇ ਕੇ ਸਿੱਖਿਆ ਵਾਲੇ ਪਾਸੇ ਤੋਰਿਆ, ਜਿਸ ਸਦਕਾ ਅੱਜ ਸਾਡੇ ਭਾਈਚਾਰੇ ਦੇ ਬਹੁਤ ਸਾਰੇ ਲੜਕੇ-ਲੜਕੀਆਂ ਉਚੇਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਕੁਝ ਕੁ ਸਿੱਖਿਆ ਪ੍ਰਾਪਤ ਕਰ ਕੇ ਪ੍ਰਾਈਵੇਟ, ਅਰਧ ਸਰਕਾਰੀ ਜਾਂ ਸਰਕਾਰੀ ਨੌਕਰੀਆਂ ਉੱਤੇ ਹਨ, ਪਰ ਕੋਈ ਵੀ ਟੀਚਾ ਹਾਸਲ ਕਰਨ ਲਈ ਮਿਹਨਤ ਤੇ ਬਹੁਤ ਜ਼ਰੂਰੀ ਹੈ। ਪੱਕਿਆ ਹੋਇਆ ਫਲ ਖਾਣ ਲਈ ਇੰਤਜ਼ਾਰ ਕਰਨਾ ਪੈਂਦਾ ਹੈ। ਅਫਸੋਸ ਦੀ ਗੱਲ ਹੈ ਕਿ ਵਿਦਿਆਰਥਆਂ ਦੇ ਮਨ ਵਿੱਚ ਅੱਜ ਕੱਲ੍ਹ ਇਹ ਗੱਲ ਪੱਕੀ ਕੀਤੀ ਜਾ ਰਹੀ ਹੈ ਕਿ ਨੌਕਰੀ ਸਿਰਫ ਪੈਸੇ ਨਾਲ ਜਾਂ ਸਿਫਾਰਸ਼ ਨਾਲ ਮਿਲਦੀ ਹੈ, ਪਰ ਇਹ ਗੱਲ ਪੂਰੀ ਸੱਚ ਨਹੀਂ। ਕਿਸੇ ਭ੍ਰਿਸ਼ਟ ਹਾਲਾਤ ਨੂੰ ਆਪਣੇ ਦ੍ਰਿੜ੍ਹ ਇਰਾਦੇ ਨਾਲ ਆਪਣੇ ਪੱਖ ਵਿੱਚ ਮੋੜਿਆ ਜਾ ਸਕਦਾ ਹੈ, ਕਿਉਂਕਿ ਜੇ ਸਹੀ ਸੇਧ ਮਿਲੇ ਅਤੇ ਲਗਨ ਨਾਲ ਸੱਚੀ ਮਿਹਨਤ ਕੀਤੀ ਜਾਵੇ ਅਤੇ ਸਿੱਖਿਆ ਦਾ ਲੜ ਨਾ ਛੱਡਿਆ ਜਾਵੇ ਤਾਂ ਕੋਈ ਵੀ ਮੰਜ਼ਲ ਸਰ ਕਰਨੀ ਅਸੰਭਵ ਨਹੀਂ ਹੁੰਦੀ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866

31 Melanie Dr. Unit #4 Brampton, ON L6T 5H8




CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰਮ ਅਤੇ 5 ਵਾਸ਼ਰਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

DUNDAS·JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department


cupw sttp
CANADIAN UNION OF POSTAL WORKERS
GIG WORKERS
UNITED
WE DESERVE
BETTER PAY
& WORKERS'
RIGHTS
JOIN GIG WORKERS UNITED!
GigWorkersUnited.ca
Text: JOIN to 647-499-2259
join@gigworkersunited.ca
@GigWorkersUnited
@GigWorkersUnite
SCAN ME
CUPE·SCFP 1979

# ਕੋਵਿਡ-19 ਦੇ ਵੈਕਸੀਨ ਦਾ ਬੂਸਟਰ ਲਵਾਉ।

ਅੱਜ ਹੀ ਆਪਣਾ ਬੂਸਟਰ ਬੁੱਕ ਕਰਵਾਉ।

ਆਪਣੇ ਆਪ ਨੂੰ ਕੋਵਿਡ-19 ਤੋਂ ਬਚਾਉ।

ਇਹ ਸਾਡੇ ਸਾਰਿਆਂ `ਤੇ ਨਿਰਭਰ ਹੈ।



ontario.ca/covid19 `ਤੇ ਜਾਉ।
ਇਸ ਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।

Ontario



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Broker

Call For a Quick & Free Home Evaluation
www.BramptonQuickHomeEvaluation.com

JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated)
Off: 905-456-3232
www.BramptonTopRelator.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON



BRAND NEW HOUSE FOR SALE ON ASSIGNMENT (IN CALEDON)

ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON



Sold, $1,280,000

$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈੱਡਰੂਮ, 3 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON



Sold, $ 1,130,000

34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।



Sold, $ 2.3 M

Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION